ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਮਾਘ-ਫੱਗਣ, ਸੰਮਤ ਨਾਨਕਸ਼ਾਹੀ ੫੪੯ ਫਰਵਰੀ 2018

ਜਿਲਦ ੬੧ ਅੰਕ ੧੧

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ ਫੂਲਪੁਰ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ ੫ | ਸਾਲਾਨਾ | ₹ ੧੨੫੦ |
| ਸਾਲਾਨਾ | ₹ ੫੦ | ਪੰਜ ਸਾਲ | ₹ ੫੦੦੦ |
| ਪੰਜ ਸਾਲ | ₹ ੨੫੦ | ਲਾਈਫ਼ | ₹ ੧੦੦੦੦ |
| ਲਾਈਫ਼ | ₹ ੫੦੦ | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

**Secretary**
**Dharam Parchar Committee**
**(S.G.P.C.)**
**Sri Amritsar-143006**

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab.
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੭ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ | -ਡਾ. ਬਲਕਾਰ ਸਿੰਘ | ੯ |
| ਜਪੁਜੀ ਸਾਹਿਬ ਵਿਚਲੇ ਪੰਜ ਖੰਡ | -ਡਾ. ਜਗਜੀਤ ਸਿੰਘ | ੧੯ |
| ਗੁਰਬਾਣੀ ਦੇ ਸੰਦਰਭ ਗ੍ਰੰਥਾਂ ਦਾ ਸਰਵੇਖਣ | -ਬੀਬੀ ਸਿਮਰਜੀਤ ਕੌਰ | ੨੮ |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਛੀ ਚਿਤਰਣ | -ਡਾ. ਜਸਬੀਰ ਸਿੰਘ | ੩੪ |
| ਗੁਰਮਤਿ ਦਾ ਸਿਧਾਂਤਕ ਪੱਖ | -ਡਾ. ਅਮਨਪ੍ਰੀਤ ਸਿੰਘ | ੩੯ |
| ਬਾਬਾ ਹਨੂਮਾਨ ਸਿੰਘ ਜੀ ਸ਼ਹੀਦ | -ਸਿਮਰਜੀਤ ਸਿੰਘ | ੪੯ |
| ਸਰਦਾਰ ਸ਼ਾਮ ਸਿੰਘ ਅਟਾਰੀ | -ਮਾਸਟਰ ਜਸਵੰਤ ਸਿੰਘ ਘਰਿੰਡਾ | ੫੬ |
| ਵੱਡਾ ਘੱਲੂਘਾਰਾ | -ਸ. ਬਿਕਰਮਜੀਤ ਸਿੰਘ ਜੀਤ | ੬੨ |
| ਸਾਕਾ ਸ੍ਰੀ ਨਨਕਾਣਾ ਸਾਹਿਬ | -ਸਤਵਿੰਦਰ ਸਿੰਘ ਫੂਲਪੁਰ | ੬੫ |
| ਜੈਤੋ ਦੇ ਮੋਰਚੇ ਦੀ ਗਾਥਾ | -ਗਿ. ਸੁਰਿੰਦਰ ਸਿੰਘ ਨਿਮਾਣਾ | ੬੮ |
| ਨਾਨਕ ਤਿਨਾ ਬਸੰਤੁ ਹੈ . . . | -ਡਾ. ਸ਼ਮਸ਼ੇਰ ਸਿੰਘ | ੭੨ |
| ਜੀਵਨ ਮੰਤਰ : ਧੀਰਉ ਸੁਨਿ ਧੀਰਉ ਪ੍ਰਭ ਕਉ | -ਡਾ. ਸਤਿੰਦਰ ਪਾਲ ਸਿੰਘ | ੭੬ |
| ਸੋ ਸਿਖੁ ਸਖਾ ਬੰਧਪੁ ਹੈ ਭਾਈ. . . | -ਡਾ. ਗੁਰਵਿੰਦਰ ਕੌਰ | ੮੫ |
| ਬ੍ਰਹਮ ਗਿਆਨੀ ਆਪਿ ਪਰਮੇਸੁਰ | -ਸ. ਤੀਰਥ ਸਿੰਘ ਢਿਲਵਾਂ | ੯੦ |
| ਭਾਈ ਰਣਧੀਰ ਸਿੰਘ ਦੀ ਵਾਰਤਕ ਦਾ ਗੁਰਮਤਿ ਚਿੰਤਨ | -ਬੀਬੀ ਜਸਵਿੰਦਰ ਕੌਰ | ੯੩ |
| ਗਾਗਰ 'ਚ ਸਾਗਰ-- ੮੩ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੯੬ |
| ਮਾਂ ਬੋਲੀ ਪੰਜਾਬੀ (ਕਵਿਤਾ) | -ਸ. ਜਸਵਿੰਦਰ ਸਿੰਘ | ੯੮ |
| ਸੈਲੂਲਰ ਜੇਲ੍ਹ ਅੰਡੇਮਾਨ: ਪੰਜਾਬ ਦੇ ਸੁਤੰਤਰਤਾ ਸੰਗਰਾਮੀ | -ਡਾ.ਪਰਮਵੀਰ ਸਿੰਘ | ੯੯ |
| ਸਰਦਾਰ ਜੱਸਾ ਸਿੰਘ ਆਹਲੂਵਾਲੀਆ (ਕਵਿਤਾ) | -ਸ. ਬਲਵੰਤ ਸਿੰਘ ਤੇਗ | ੧੧੦ |
| ਖ਼ਬਰਨਾਮਾ | | ੧੧੧ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੧੧੪ |

*ਗੁਰਬਾਣੀ ਵਿਚਾਰ:*

# ...ਘਰਿ ਵਰੁ ਪਾਇਆ ਨਾਰੀ

*ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ ॥*
*ਅਨਦਿਨੁ ਰਹਸੁ ਭਇਆ ਆਪੁ ਗਵਾਇਆ ॥*
*ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ ॥*
*ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ ॥*
*ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ ॥*
*ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ ॥੧੬॥*
*ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥*
*ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ ॥*
*ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ ॥*
*ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ ॥*
*ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ ॥*
*ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ ॥੧੭॥੧॥*

*(ਪੰਨਾ ੧੧੦੯)*

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ 'ਬਾਰਹ ਮਾਹਾ ਤੁਖਾਰੀ' ਪਾਵਨ ਬਾਣੀ ਨੂੰ ਸੰਪੂਰਨ ਕਰਦੀਆਂ ਅੰਤਲੀਆਂ ਦੋ ਪਉੜੀਆਂ 'ਚ ਫੱਗਣ ਮਹੀਨੇ ਦੀ ਰੁੱਤ ਅਤੇ ਸਾਰੇ ਬਾਰ੍ਹਾਂ ਮਹੀਨਿਆਂ ਦੇ ਵਿਸ਼ੇਸ਼ ਪ੍ਰਕਰਣ 'ਚ ਮਨੁੱਖੀ ਜੀਵ ਇਸਤਰੀ ਦੁਆਰਾ ਪਰਮਾਤਮਾ ਰੂਪੀ ਪਤੀ ਦੇ ਮਿਲਾਪ ਦੀ ਵਿਸਮਾਦੀ ਅਵਸਥਾ ਦਾ ਵਰਣਨ ਕਰਦੇ ਹਨ।

ਗੁਰੂ ਜੀ ਫੁਰਮਾਉਂਦੇ ਹਨ ਕਿ ਫੱਗਣ ਦੇ ਮਹੀਨੇ ਅੰਦਰ ਮਨੁੱਖ ਰੂਪੀ ਜੀਵ-ਇਸਤਰੀ ਦਾ ਚਿੱਤ ਪ੍ਰਸੰਨ ਹੋ ਗਿਆ। ਸੁੰਦਰ ਪ੍ਰਕਿਰਤਕ ਵਾਤਾਵਰਨ ਦੇ ਰੂ-ਬ-ਰੂ ਉਸ ਨੂੰ ਪ੍ਰਭੂ-ਪਤੀ ਦਾ ਪਿਆਰ ਭਾ ਗਿਆ, ਚੰਗਾ ਲੱਗ ਗਿਆ। ਇਹ ਚੰਗਾ ਲੱਗਣਾ ਹੁਣ ਸਦਾ-ਸਦਾ ਵਾਸਤੇ ਹੈ; ਅੰਦਰੋਂ ਆਪਾ ਭਾਵ ਜੁ ਮਿਟ ਗਿਆ। ਜਦੋਂ ਉਸ ਨੂੰ ਠੀਕ ਲੱਗਾ ਤਾਂ ਮਨ ਅੰਦਰ ਪਹਿਲਾਂ ਬਹੁਤ ਹੀ ਭਾਰੂ ਰਿਹਾ ਦੁਨਿਆਵੀ ਮੋਹ ਇਸ ਤੋਂ ਹਟ ਗਿਆ। ਪ੍ਰਭੂ ਨੇ ਕਿਰਪਾ ਕਰ ਕੇ ਹਿਰਦੇ-ਘਰ 'ਚ ਪ੍ਰਵੇਸ਼ ਕੀਤਾ। ਜਦੋਂ ਪਿਆਰਾ ਹਿਰਦੇ-ਘਰ ਵਿਚ ਵੱਸਿਆ ਨਹੀਂ ਸੀ ਮੈਂ (ਜੀਵ-ਇਸਤਰੀ) ਨੇ ਕਿੰਨੇ ਹੀ ਰੂਪ ਵਟਾਏ, ਕਿੰਨੇ ਉੱਪਰੋਂ ਸੁਹਣੇ ਲੱਗਣ ਵਾਲੇ ਬਸਤਰ ਮੈਂ ਪਹਿਨੇ ਲੇਕਿਨ ਪ੍ਰਭੂ-ਰਾਜੇ ਨੇ ਮੈਨੂੰ ਆਪਣੇ ਸਦੀਵੀਂ ਘਰ-ਮਹਿਲ 'ਚ ਥਾਂ-ਟਿਕਾਣਾ ਨਾ ਦਿੱਤਾ। ਹੁਣ ਮੈਂ

ਉਸ ਨੂੰ ਚੰਗੇ ਲੱਗਣ ਵਾਲੇ ਆਤਮਿਕ ਗੁਣ ਰੂਪੀ ਰੇਸ਼ਮੀ ਬਸਤਰ ਪਹਿਨੇ, ਉਸ ਦੇ ਨਾਮ ਰੂਪੀ ਹਾਰ-ਸ਼ਿੰਗਾਰ ਕੀਤੇ ਤਾਂ ਪਿਆਰੇ ਨੂੰ ਮੈਂ ਵੀ ਚੰਗੀ ਲੱਗਣ ਲੱਗ ਗਈ। ਹੇ ਨਾਨਕ! ਇਹ ਆਤਮਿਕ ਗੁਣਾਂ ਦੀ ਪ੍ਰਭੂ ਪਿਆਰੇ ਨੂੰ, ਮਾਲਕ, ਖਸਮ ਨੂੰ ਰੀਝਾਉਣ, ਉਸ ਨੂੰ ਚੰਗੀ ਲੱਗਣ ਦੀ ਜੁਗਤ ਮੈਨੂੰ ਆਪਣੇ ਰਾਹ-ਦਸੇਰੇ ਗੁਰੂ ਤੋਂ ਮਿਲੀ ਹੈ ਭਾਵ ਗੁਰੂ-ਸ਼ਰਨ ਪਿਆਂ ਹੀ ਮਨੁੱਖ ਨੂੰ ਆਪਣੇ ਅਨਮੋਲ ਜਨਮ ਦੀ ਦੁਰਲੱਭਤਾ ਤੇ ਮਹਾਨ ਮਹੱਤਤਾ ਦਾ ਅਨੁਭਵ ਹੋ ਸਕਦਾ ਹੈ, ਜਿਸ ਕਰਕੇ ਉਸ ਦੀ ਮੋਹ ਦੀ ਪਕੜ ਤੇ ਅਗਿਆਨਤਾ ਦੀ ਹਨ੍ਹੇਰ-ਗੁਬਾਰ ਵਾਲੀ ਅਸਹਿ ਹਾਲਤ ਦੂਰ ਹੋ ਸਕਦੀ ਹੈ। ਇਉਂ ਹੀ ਮਨੁੱਖ ਰੂਪੀ ਇਸਤਰੀ ਆਪਣੇ ਹਿਰਦੇ ਅੰਦਰ ਮਾਲਕ ਨੂੰ ਵੱਸਿਆ ਤੇ ਹਰ ਪਲ ਆਪਣੇ ਅੰਗ-ਸੰਗ ਮਹਿਸੂਸਦੀ ਹੈ ਅਥਵਾ ਆਪ ਨੂੰ ਉਸ ਨਾਲ ਪ੍ਰਤੱਖ ਮਿਲਾਪ 'ਚ ਪਾਉਂਦੀ ਹੈ। ਇਹੀ ਸਭ ਤੋਂ ਉੱਚੀ ਪ੍ਰਾਪਤੀ ਹੈ, ਅੰਤਿਮ ਮੰਜ਼ਲ ਹੈ। ਸਭ ਦੁੱਖ, ਸਭ ਸੰਸੇ ਕੱਟੇ ਜਾਂਦੇ ਹਨ।

ਦਸ ਅਤੇ ਦੋ ਕੁੱਲ ਬਾਰ੍ਹਾਂ ਮਹੀਨੇ ਮਾਲਕ ਨੇ ਬਣਾਏ ਹਨ। ਹਰੇਕ ਮਹੀਨੇ 'ਚ ਆਉਣ ਵਾਲੀ ਹਰੇਕ ਹੀ ਮਿਤੀ (ਏਕਮ, ਦੂਜ, ਤੀਜ ਆਦਿ) ਭਲੀ ਹੈ ਭਾਵ ਇਸ ਦੇ ਚੰਗੀ ਜਾਂ ਬੁਰੀ ਹੋਣ ਦੇ ਭਰਮ 'ਚ ਗੁਰਸਿੱਖ ਇਸਤਰੀ-ਪੁਰਸ਼ ਨੇ ਕਦਾਚਿਤ ਨਹੀਂ ਪੈਣਾ। ਇਕ-ਇਕ ਦਿਨ ਦੀਆਂ ਸਾਰੀਆਂ ਹੀ ਘੜੀਆਂ, ਇਸ ਦੇ ਸਾਰੇ ਹੀ ਪਲ, ਸਾਰੇ ਹੀ ਮਹੂਰਤ ਭਲੇ ਹਨ, ਬਸ, ਸ਼ਰਤ ਇਹੀ ਹੈ ਕਿ ਇਨ੍ਹਾਂ ਵਿਚ ਇਨਸਾਨ ਦੀ ਰੂਹ ਦਾ ਉਹ ਰਾਜ਼ਦਾਰ, ਉਹ ਮਹਿਰਮ, ਉਹ ਸਦਾ ਇਕਰਸ ਰਹਿਣ ਵਾਲਾ ਪਰਮਾਤਮਾ ਉਸ ਨੂੰ ਮਿਲ ਪਵੇ। ਪ੍ਰਭੂ ਦੇ ਮਿਲ ਪੈਣ ਨਾਲ ਇਨਸਾਨ ਦੇ ਸਾਰੇ ਕਾਰਜ ਸੰਵਰ ਜਾਂਦੇ ਹਨ। ਕਰਨਹਾਰਾ ਉਨ੍ਹਾਂ ਦੇ ਸੰਵਰਨ ਦੇ ਸਾਰੇ ਤਰੀਕੇ ਆਪ ਹੀ ਜਾਣਦਾ ਹੈ ਭਾਵ ਮਨੁੱਖ ਨੂੰ ਸਿਰਫ ਪ੍ਰਭੂ-ਨਾਮ ਰੰਗ 'ਚ ਰੰਗੀਜਣਾ ਹੀ ਕਰਨ ਯੋਗ ਕਾਰਜ ਹੈ, ਬਾਕੀ ਦੁਨਿਆਵੀ ਕਾਰਜਾਂ ਦੀ ਉਸ ਨੂੰ ਵਧੇਰੇ ਚਿੰਤਾ ਕਰਨ ਦੀ ਲੋੜ ਨਹੀਂ। ਜਿਸ ਪ੍ਰਭੂ ਨੇ ਜੀਵ-ਇਸਤਰੀ ਸੰਵਾਰ ਦਿੱਤੀ, ਆਪਣੇ ਨਿੱਜ (ਆਤਮਿਕ) ਗੁਣਾਂ ਨਾਲ ਉਸ ਨੂੰ ਸ਼ਿੰਗਾਰਿਆ, ਉਸ ਪ੍ਰਭੂ ਨੂੰ ਉਹ ਗੁਣਾਂ ਕਰ ਕੇ ਪਿਆਰੀ ਵੀ ਤਾਂ ਲੱਗਦੀ ਹੀ ਹੈ; ਉਸ ਉੱਪਰ ਮਾਲਕ ਪ੍ਰਸੰਨ ਹੁੰਦਾ ਹੀ ਹੈ। ਉਹ ਜੀਵ-ਇਸਤਰੀ ਵੀ ਆਤਮਿਕ ਅਨੰਦ ਨੂੰ ਮਾਣਦੀ ਹੈ। ਹਿਰਦੇ ਰੂਪੀ ਘਰ ਵਿਚ ਤ੍ਰੁਠ ਕੇ, ਆ ਕਰ ਕੇ ਗੁਰਮੁਖ ਰੂਹ ਦੇ ਹਿਰਦੇ ਘਰ ਨੂੰ ਪਿਆਰੇ ਪਤੀ ਪਰਮਾਤਮਾ ਨੇ ਸੇਜਾ ਬਣਾਇਆ, ਉਸ ਦੇ ਮੱਥੇ ਦੇ ਸੁਭਾਗ ਜਗਾ ਦਿੱਤੇ। ਹੇ ਨਾਨਕ! ਹੁਣ ਤਾਂ ਜੀਵ-ਆਤਮਾ ਦਿਨ-ਰਾਤ ਭਾਵ ਹਰ ਪਲ ਪਿਆਰੇ ਨੂੰ ਹੀ ਸਿਮਰਦੀ ਹੈ; ਪਰਮਾਤਮਾ ਉਸ ਦਾ ਸੁਹਣਾ ਪਤੀ ਹੈ। ਜੀਵ-ਇਸਤਰੀ ਹੁਣ ਸਦੀਵੀਂ ਸੁਹਾਗ ਦੀ ਵਿਸਮਾਦ ਅਵਸਥਾ 'ਚ ਹੈ। ■

ਸੰਪਾਦਕੀ . . .

# ਫ਼ਖ਼ਰ ਕਰਨ ਯੋਗ ਹੈ ਫਰਵਰੀ ਮਹੀਨੇ ਦੀ ਸਿੱਖ ਸ਼ਹੀਦੀ ਦਾਸਤਾਨ

*ਸਿੱਖ ਕੌਮ ਨੇ ਸੰਸਾਰ ਦੇ ਇਤਿਹਾਸ ਅੰਦਰ ਅਜਿਹੀਆਂ ਨਵੀਨਤਮ ਤੇ ਵਿਲੱਖਣ ਮਿਸਾਲਾਂ ਕਾਇਮ ਕੀਤੀਆਂ ਹਨ ਜਿਨ੍ਹਾਂ ਸਦਕਾ ਜਨਤਾ ਨੂੰ ਹੱਕ, ਸੱਚ ਦੀ ਰਾਖੀ ਕਰਦਿਆਂ ਹੋਇਆਂ ਆਪਣੀ ਧਾਰਮਿਕ ਸੁਤੰਤਰਤਾ ਦਾ ਅਹਿਸਾਸ ਹੋਇਆ। ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਵਿਚਾਰਧਾਰਾ ਨੇ ਇਹ ਦਰਸਾਇਆ ਕਿ ਜਿਨ੍ਹਾਂ ਕਰਮ-ਕਾਂਡਾਂ ਵਿਚ ਭਾਰਤੀ ਜਨਤਾ ਫਸ ਚੁੱਕੀ ਹੈ, ਉਹ ਅਸਲ ਧਰਮ ਨਹੀਂ ਬਲਕਿ ਅਸਲ ਧਰਮ ਤਾਂ ਉਹ ਹੈ ਜੋ ਬਿਨਾ ਕਿਸੇ ਪਖੰਡ ਦੇ ਨਿਰੋਲ ਅਕਾਲ ਪੁਰਖ ਦੀ ਭਗਤੀ ਕਰਦੇ ਹੋਏ ਆਪਣਾ ਅਤੇ ਦੂਸਰਿਆਂ ਦਾ ਭਲਾ ਕਰਦਾ ਹੈ। ਪਰੰਤੂ ਜੇਕਰ ਧਰਮ ਦੀ ਪਗਡੰਡੀ 'ਤੇ ਤੁਰਦਿਆਂ ਹੋਇਆਂ ਵੀ ਮਨੁੱਖ ਨੂੰ ਆਪਣੀ ਹੋਂਦ-ਹਸਤੀ ਦਾ ਅਹਿਸਾਸ ਨਾ ਹੁੰਦਾ ਹੋਵੇ ਤੇ ਉਹ ਦੂਜਿਆਂ ਦੀ ਅਧੀਨਗੀ ਕਬੂਲਦਾ ਹੋਵੇ, ਤਾਂ ਉਸ ਤੋਂ ਸ਼ਰਮਨਾਕ ਤੇ ਮਾੜੀ ਸਥਿਤੀ ਹੋਰ ਕੋਈ ਨਹੀਂ ਹੋ ਸਕਦੀ। ਗੁਰਬਾਣੀ ਦਾ ਫੁਰਮਾਨ ਹੈ:* ***ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥*** *ਅਜਿਹੀ ਜ਼ਿੰਦਗੀ ਜਿਊਣ ਵਾਲੇ ਲੋਕ ਜਿੱਥੇ ਮਾਨਸਿਕ ਗ਼ੁਲਾਮ ਹੁੰਦੇ ਹਨ, ਉੱਥੇ ਇਹ ਜ਼ਿੰਦਗੀ ਨਰਕ ਦੇ ਬਰਾਬਰ ਹੁੰਦੀ ਹੈ। ਅਜਿਹਾ ਹੀ ਹਾਲ ਭਾਰਤੀ ਜਨਤਾ ਦਾ ਹੋਇਆ ਪਿਆ ਸੀ।*

*ਵਿਦੇਸ਼ੀ ਹਮਲਾਵਰ ਹਾਕਮਾਂ ਵੱਲੋਂ ਹਿੰਦੁਸਤਾਨੀ ਕੌਮ ਨੂੰ ਪੈਰਾਂ ਹੇਠ ਰੋਲਣਾ ਆਪਣਾ ਜਨਮ-ਸਿੱਧ ਅਧਿਕਾਰ ਸਮਝਿਆ ਜਾਂਦਾ ਸੀ। ਹਾਲਤ ਇੱਥੋਂ ਤਕ ਪੁੱਜ ਚੁੱਕੀ ਸੀ ਕਿ ਹਿੰਦੁਸਤਾਨੀ ਨਾ ਕੇਸ-ਦਾਹੜੀ ਰੱਖ ਸਕਦੇ ਸਨ ਅਤੇ ਨਾ ਹੀ ਸਿਰ ਉੱਪਰ ਦਸਤਾਰ ਸਜਾ ਸਕਦੇ ਸਨ। ਉਨ੍ਹਾਂ ਨੂੰ ਘੋੜੇ ਦੀ ਸਵਾਰੀ ਵੀ ਮਨ੍ਹਾ ਸੀ। ਇਉਂ ਹੀ ਵਿਦੇਸ਼ੀ ਮੂਲ ਦੇ ਹਾਕਮਾਂ-ਹਮਲਾਵਰਾਂ ਨੇ ਸਾਰੇ ਮੁੱਢਲੇ ਹੱਕ-ਹਕੂਕ ਹਿੰਦੁਸਤਾਨੀ ਕੌਮ ਤੋਂ ਖੋਹ ਲਏ ਹੋਏ ਸਨ। ਅਜਿਹੇ ਹਾਲਾਤਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਜੇ ਖਾਲਸਾ ਪੰਥ ਨੇ ਹਿੰਦੁਸਤਾਨੀਆਂ ਦੀ ਇਸ ਦੁਰਦਸ਼ਾ ਦੇ ਜ਼ਿੰਮੇਵਾਰ ਹਮਲਾਵਰਾਂ ਨੂੰ ਨੱਕੀ ਚਨੇ ਚਬਵਾਏ ਭਾਵੇਂ ਇਸ ਬਦਲੇ ਸਿੱਖ ਕੌਮ ਨੇ ਆਪਣੇ ਜਾਨੀ-ਮਾਲੀ ਨੁਕਸਾਨ ਨਾਲ ਵੱਡੀਆਂ ਕੀਮਤਾਂ ਚੁਕਾਈਆਂ, ਪਰੰਤੂ* ***ਸਿਰੁ ਦੀਜੈ ਕਾਣਿ ਨ ਕੀਜੈ॥*** *ਦੇ ਮਹਾਂਵਾਕ 'ਤੇ ਪਹਿਰਾ ਦਿੱਤਾ।*

*ਸਿੱਖ ਕੌਮ ਨੇ ਹਿੰਦੁਸਤਾਨ ਦੀ ਸਾਰੀ ਲੋਕਾਈ ਤੋਂ ਖੁੱਸੇ ਹੱਕਾਂ ਦੀ ਮੁੜ-*

*ਸਥਾਪਨਾ ਵਾਸਤੇ ਯਤਨ ਅਰੰਭੇ। ਇਨ੍ਹਾਂ ਯਤਨਾਂ ਦੇ ਪ੍ਰਸੰਗ ਵਿਚ ਹੀ ਸਿੱਖ ਪੰਥ ਨੂੰ ਉੱਤਰ ਗੁਰੂ-ਕਾਲ ਵਿਚ ਘੱਲੂਘਾਰਿਆਂ ਵਿੱਚੋਂ ਲੰਘਣਾ ਪਿਆ। ਅਠਾਰ੍ਹਵੀਂ ਸਦੀ 'ਚ ਮੁਗ਼ਲ ਹਾਕਮਾਂ ਵੱਲੋਂ ਕਾਹਨੂੰਵਾਨ ਦੇ ਛੰਭ ਵਿਚ 'ਛੋਟਾ ਘੱਲੂਘਾਰਾ' ਵਰਤਾਇਆ ਗਿਆ। ਇਸੇ ਸਦੀ ਵਿਚ ਮਲੇਰਕੋਟਲੇ ਦੇ ਨੇੜੇ ਕੁੱਪ ਰਹੀੜਾ ਦੇ ਮੁਕਾਮ 'ਤੇ ਅਫਗਾਨ ਧਾੜਵੀ ਅਹਿਮਦ ਸ਼ਾਹ ਅਬਦਾਲੀ ਵੱਲੋਂ ੫ ਫਰਵਰੀ ੧੭੬੨ ਈ. ਨੂੰ 'ਵੱਡਾ ਘੱਲੂਘਾਰਾ' ਵਰਤਾਇਆ ਗਿਆ, ਪਰੰਤੂ ਇਤਿਹਾਸ ਗਵਾਹ ਹੈ ਕਿ ਇਸ ਘੱਲੂਘਾਰੇ ਦੇ ਕੁਝ ਹੀ ਵਰ੍ਹਿਆਂ ਮਗਰੋਂ ਸਿੱਖਾਂ ਨੇ ਅਬਦਾਲੀ ਦਾ ਨਾ ਕੇਵਲ ਹਿੰਦੁਸਤਾਨ ਵਿਚ ਦਾਖ਼ਲਾ ਪੱਕੇ ਤੌਰ 'ਤੇ ਰੋਕ ਦਿੱਤਾ ਸਗੋਂ ਸਰਦਾਰ ਚੜ੍ਹਤ ਸਿੰਘ ਦੇ ਪੋਤਰੇ ਮਹਾਂਬਲੀ ਮਹਾਰਾਜਾ ਰਣਜੀਤ ਸਿੰਘ ਨੇ ਅਫਗਾਨਾਂ ਨੂੰ ਹਮਲਿਆਂ ਦਾ ਸਵਾਦ ਵੀ ਵਿਖਾਇਆ। ਇਵੇਂ ਸਹੀ ਅਰਥਾਂ ਵਿਚ ਦੇਸ਼-ਕੌਮ ਦੀ ਸਦੀਆਂ ਤੋਂ ਖੁੱਸੀ ਆਨ-ਬਾਨ-ਸ਼ਾਨ ਨੂੰ ਬਹਾਲ ਕੀਤਾ। ਇਹ ਵੀ ਚੇਤੇ ਰਹੇ ਕਿ ਮਹਾਰਾਜਾ ਰਣਜੀਤ ਸਿੰਘ ਨੇ ਜਿਹੜਾ ਖਾਲਸਈ ਰਾਜ ਸਥਾਪਿਤ ਕੀਤਾ, ਉਸ ਵਿਚ ਹਿੰਦੂ, ਸਿੱਖ, ਮੁਸਲਮਾਨ ਸਾਰੇ ਸੁਖੀ ਤੇ ਖੁਸ਼ਹਾਲ ਵੱਸਦੇ ਰਹੇ, ਕਿਸੇ ਨਾਲ ਵੀ ਮਜ਼ਹਬ ਦੇ ਆਧਾਰ 'ਤੇ ਕੋਈ ਵਿਤਕਰਾ ਨਾ ਕੀਤਾ ਗਿਆ। ਮਹਾਰਾਜੇ ਦੇ ਜੀਂਦੇ-ਜੀਅ ਅੰਗਰੇਜ਼ੀ ਹਕੂਮਤ ਵੀ ਖਾਲਸਈ ਰਾਜ ਵੱਲ ਕੈਰੀ ਅੱਖ ਨਾਲ ਵੇਖ ਨਾ ਸਕੀ ਭਾਵੇਂ ਇਹ ਪੰਜਾਬ ਨੂੰ ਹੜੱਪਣ ਦੇ ਮੰਦ-ਇਰਾਦੇ ਅੰਦਰ ਹੀ ਅੰਦਰ ਪਾਲ ਰਹੀ ਸੀ। ਸਿੱਖਾਂ ਵਿਚ ਪੰਜਾਬ ਦੇ ਅੰਗਰੇਜ਼ੀ ਸਾਮਰਾਜ ਦੇ ਅਧੀਨ ਹੁੰਦੇ ਹੀ ਅੰਗਰੇਜ਼ਾਂ ਨੇ ਸਿੱਖਾਂ ਦੇ ਪਾਵਨ-ਪਵਿੱਤਰ ਗੁਰਦੁਆਰਾ ਸਾਹਿਬਾਨ ਵਿਚ ਮਹੰਤੀ ਪ੍ਰਬੰਧ ਨੂੰ ਗੁਰਦੁਆਰਾ ਸਾਹਿਬਾਨ ਵਿਚ ਵਾੜ ਕੇ ਇਨ੍ਹਾਂ ਦੀ ਪਵਿੱਤਰਤਾ ਨੂੰ ਭੰਗ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ, ਜਿਸ ਤਹਿਤ ਅਨੇਕਾਂ ਸਾਕੇ ਜਿਨ੍ਹਾਂ ਵਿਚ ਫਰਵਰੀ, ੧੯੨੧ ਈ. ਵਿਚ ਸਾਕਾ ਨਨਕਾਣਾ ਸਾਹਿਬ ਅਤੇ ਫਰਵਰੀ, ੧੯੨੪ ਈ. ਵਿਚ ਜੈਤੋ ਦਾ ਮੋਰਚਾ ਵੀ ਸ਼ਹੀਦੀ ਦਾਸਤਾਨ ਬਿਆਨ ਕਰਦੇ ਹਨ। ਇਸ ਸੰਘਰਸ਼ ਦੇ ਦੌਰ ਵਿਚ ਅਨੇਕਾਂ ਗੁਰੂ ਕੇ ਸਿੰਘਾਂ ਨੇ ਆਪਣੀਆਂ ਜਾਨਾਂ ਵਾਰ ਕੇ ਜਿੱਥੇ ਪੂਰੇ ਭਾਰਤ ਦੀ ਇੱਜ਼ਤ ਨੂੰ ਰੁਲਣੋਂ ਬਚਾਇਆ, ਉੱਥੇ ਆਪਣੇ ਦੇਸ਼-ਕੌਮ ਤੇ ਪੰਥ ਨੂੰ ਵੀ ਸੁਰੱਖਿਅਤ ਰੱਖਿਆ।*

*ਅਜਿਹੀਆਂ ਦਾਸਤਾਨਾਂ ਨਾਲ ਭਰੇ ਸਾਡੇ ਸਿੱਖ ਇਤਿਹਾਸ 'ਤੇ ਸਾਨੂੰ ਜਿੰਨਾ ਵੀ ਮਾਣ ਹੋਵੇ ਉਨਾ ਹੀ ਥੋੜ੍ਹਾ ਹੈ। ਸਾਨੂੰ ਆਪਣੇ ਪੁਰਖਿਆਂ ਦੀਆਂ ਕੀਤੀਆਂ ਇਨ੍ਹਾਂ ਅਨੇਕਾਂ ਕੁਰਬਾਨੀਆਂ ਨੂੰ ਭੁਲਾਉਣਾ ਨਹੀਂ ਚਾਹੀਦਾ, ਬਲਕਿ ਆਪਣੇ ਇਸ ਕੁਰਬਾਨੀਆਂ ਭਰੇ ਲਾਸਾਨੀ ਇਤਿਹਾਸ ਤੋਂ ਸੇਧ ਲੈਂਦੇ ਹੋਏ ਸਿੱਖ ਪੰਥ ਦੀ ਚੜ੍ਹਦੀ ਕਲਾ ਵਾਸਤੇ ਇੱਕ ਜੁਟ ਹੋ ਕੇ ਯਤਨ ਕਰਨੇ ਚਾਹੀਦੇ ਹਨ।*

■

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

*-ਡਾ. ਬਲਕਾਰ ਸਿੰਘ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦਿੱਬਤਾ, ਗ੍ਰੰਥ ਤੋਂ ਪੰਥ ਤਕ ਦੀ ਯਾਤਰਾ ਹੈ। ਸਿੱਖ ਧਰਮ ਦਾ ਮੂਲ ਆਧਾਰ ਸ਼ਬਦ ਗੁਰੂ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ ਗੁਰੂ ਦਾ ਸੰਕਲਪੀ ਸ੍ਰੋਤ ਹਨ। ਸ਼ਬਦ ਗੁਰੂ ਦੀ ਨੀਂਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਰੱਖੀ ਸੀ ਅਤੇ ਇਸ ਦਾ ਸੰਕਲਪੀ-ਸੰਕੇਤ ਉਨ੍ਹਾਂ ਨੇ ਸਿਧ ਗੋਸਟਿ ਬਾਣੀ ਵਿਚ ਇਹ ਕਹਿ ਕੇ ਦੇ ਦਿੱਤਾ ਸੀ ਕਿ ਸ਼ਬਦ ਅਤੇ ਸੁਰਤਿ ਦੇ ਸਹਿਜ ਸਥਾਪਨ ਨਾਲ ਹੀ ਸਾਧੀ ਹੋਈ ਮਾਨਸਿਕਤਾ ਵਾਲਾ ਮਾਨਵ, ਸਿੱਖੀ ਦਾ ਰੋਲ ਮਾਡਲ ਕਹਾਏਗਾ। ਏਸੇ ਵਾਸਤੇ 'ਗੁਰਮੁਖ' ਪਦ ਦੀ ਵਰਤੋਂ ਕੀਤੀ ਹੋਈ ਹੈ। ਗੁਰਮੁਖ ਤੋਂ ਸਿੰਘ ਤਕ ਦੀ ਯਾਤਰਾ ਨੂੰ ਸਮਝ ਕੇ ਹੀ ਦਸਮ ਪਾਤਸ਼ਾਹ ਹਜ਼ੂਰ ਦੇ ਦੀਦਾਰੇ ਕੀਤੇ ਜਾ ਸਕਦੇ ਹਨ। ਇਹੋ ਜਿਹੇ ਸਿੱਖ ਵਰਤਾਰਿਆਂ ਨਾਲ ਇਹ ਵੀ ਸਥਾਪਿਤ ਹੋ ਗਿਆ ਸੀ ਕਿ ਜੋ ਗੁਰੂ ਸਾਹਿਬ ਕਹਿ ਰਹੇ ਹਨ, ਉਸੇ ਨੂੰ ਆਪ ਜੀਅ ਵੀ ਰਹੇ ਸਨ ਅਤੇ ਦੂਜਿਆਂ ਤੋਂ ਜੀਵੇ ਜਾਣ ਦੀ ਆਸ ਕਰ ਰਹੇ ਹਨ। ਇਸ ਨਾਲ ਧਰਮ-ਚਿੰਤਨ ਦੇ ਖੇਤਰ ਵਿਚ ਦੇਹੀ ਉੱਤਮਤਾ ਦੀ ਧਾਰਮਿਕਤਾ ਵੰਗਾਰੀ ਗਈ ਸੀ/ਹੈ। ਇਸੇ ਮਾਨਸਿਕਤਾ ਨੂੰ ਮਾਨਵ ਦੇ ਲਹੂ ਵਿਚ ਉਤਾਰਨ ਦੀ ਨਿਰੰਤਰ ਲਹਿਰ ਬਾਕੀ ਗੁਰੂ ਸਾਹਿਬਾਨ ਵੱਲੋਂ ਚਲਾਈ ਜਾਂਦੀ ਰਹੀ ਸੀ। ਇਸੇ ਪ੍ਰਸੰਗ ਵਿਚ ਦਸਮ ਪਾਤਸ਼ਾਹ ਹਜ਼ੂਰ ਬਾਰੇ ਚਰਚਾ ਕੀਤੀ ਜਾ ਰਹੀ ਹੈ।

ਦਸਮ ਪਾਤਸ਼ਾਹ ਹਜ਼ੂਰ ਬਾਰੇ ਸਿੱਖ ਸਾਹਿਤ ਵਿਚ ਇਹ ਹਵਾਲਾ ਆਉਂਦਾ ਹੈ ਕਿ ਉਹ ਜੋਤਿ ਰੂਪ ਤੋਂ ਦੇਹ ਰੂਪ ਵਿਚ ਆਉਣ ਲਈ ਇਸ ਵਾਸਤੇ ਤਿਆਰ ਨਹੀਂ ਸਨ, ਕਿਉਂਕਿ ਉਹ ਜੋਤਿ ਰੂਪ ਵਿਚ ਸੰਤੁਸ਼ਟ ਸਨ। ਪਰ ਉਨ੍ਹਾਂ ਨੂੰ ਦੇਹ ਰੂਪ ਵਿਚ ਆਉਣ ਵਾਸਤੇ ਇਹ ਕਹਿ ਕੇ ਪ੍ਰੇਰਿਆ ਗਿਆ ਸੀ ਕਿ ਅਕਰਮਕ ਅਧਿਆਤਮਿਕਤਾ ਖੜੋਤ ਦਾ ਸ਼ਿਕਾਰ ਹੋ ਜਾਂਦੀ ਹੈ। ਏਸੇ ਨੂੰ *ਮੈ ਆਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕਉ ਸਾਜਾ॥* ਰਾਹੀਂ ਬਿਆਨ ਕੀਤਾ ਹੋਇਆ ਪ੍ਰਾਪਤ ਹੈ। ਸਿੱਖ ਗੁਰੂ ਸਾਹਿਬਾਨ ਵੱਲੋਂ ਧਰਮ ਚਿੰਤਨ ਵਿੱਚੋਂ ਮਿਥਿਹਾਸਿਕਤਾ ਦੁਆਲੇ ਉੱਸਰੀਆਂ ਮਾਨਤਾਵਾਂ ਅਤੇ ਪਰੰਪਰਾਵਾਂ ਨੂੰ ਤੋੜ ਕੇ ਜਾਂ ਇਨ੍ਹਾਂ ਤੋਂ ਪਾਸੇ ਹਟ ਕੇ ਸਕਰਮਕ ਅਧਿਆਤਮਿਕਤਾ ਨੂੰ ਸਿੱਖ ਧਰਮ ਵਜੋਂ ਪ੍ਰਗਟ ਕੀਤਾ ਜਾ ਰਿਹਾ ਸੀ। ਇਸ ਨਾਲ ਧਰਮ ਚਿੰਤਨ ਦੇ ਪ੍ਰਾਪਤ ਸੰਤੁਸ਼ਟੀ-ਮਾਡਲ ਦੀ ਥਾਂ ਤੇ ਸੱਜਰਾ ਸਿੱਖ-ਤੜਪ-ਮਾਡਲ ਸਾਹਮਣੇ ਲਿਆਂਦਾ ਜਾ ਰਿਹਾ ਸੀ। ਦਸ ਸਿੱਖ ਗੁਰੂ ਸਾਹਿਬਾਨ, ਸਿੱਖ ਧਰਮ ਦੇ ਸਮੁੱਚ ਦੀਆਂ ਦਸ ਕੰਨੀਆਂ ਕਹੀਆਂ ਜਾ ਸਕਦੀਆਂ ਹਨ। ਕਹਿਣ ਦਾ ਕਾਰਨ ਇਹ ਹੈ ਕਿ ਸੰਪੂਰਨ ਜੀਵਨ ਦੀ ਵਿਭਿੰਨਤਾ ਨੂੰ ਇਕ ਲੜੀ ਵਿਚ ਪ੍ਰਗਟ ਕਰਨ ਦੇ ਗੁਰੂ ਸਾਹਿਬਾਨ ਬਿੰਬ ਹੋ ਗਏ ਸਨ। *ਧਰਮ ਚਲਾਵਨ ਸੰਤ ਉਬਾਰਨ*

***੩੪ ਅਰਬਨ ਅਸਟੇਟ, ਫੇਜ਼-੧, ਪਟਿਆਲਾ; ਮੋ: +੯੧੯੩੧੬੩-੦੧੩੨੮*

ਦੇ ਹਵਾਲੇ ਧਰਮ ਦੇ ਇਤਿਹਾਸ ਵਿਚ ਆਮ ਮਿਲ ਜਾਂਦੇ ਹਨ। ਪਰ ਇਹ ਵੇਰਵੇ, ਦੁਨਿਆਵੀ ਪ੍ਰਸੰਗ ਵਿਚ ਲੈ ਕੇ ਦੇਣ ਵਾਲੇ ਪਾਸੇ ਤੁਰਦੇ ਰਹਿੰਦੇ ਹਨ ਅਤੇ ਦਰਪੇਸ਼ ਸੰਕਟਾਂ ਦਾ ਸਾਹਮਣਾ ਕਰਨ ਵਾਸਤੇ ਸੰਕਟ-ਗ੍ਰਸਤ ਮਾਨਸਿਕਤਾ ਦਿੱਬ-ਦਖ਼ਲ ਵੱਲ ਝਾਕਦੀ ਰਹਿੰਦੀ ਸੀ। ਦੈਵੀ ਪ੍ਰਤੀਨਿਧਤਾ ਦਾ ਅਵਤਾਰਵਾਦੀ-ਮਾਡਲ, ਕਿਸੇ ਵੀ ਸਮਕਾਲ ਦਾ ਮੁਕਤ-ਪ੍ਰਸੰਗ ਨਹੀਂ ਉਸਾਰ ਸਕਿਆ ਸੀ। ਇਸੇ ਦਾ ਨਤੀਜਾ ਸੀ ਕਿ ਵਰਤਮਾਨ ਦੇ ਗੁਆਚਣ ਨਾਲ ਭੂਤ ਦਾ ਭੈਅ ਅਤੇ ਭਵਿੱਖ ਦਾ ਲਾਰਾ ਹੀ ਧਰਮ ਦਾ ਹਾਸਲ ਹੁੰਦੇ ਰਹੇ ਸਨ। ਏਸੇ ਕਰਕੇ ਇਤਿਹਾਸ ਉੱਤੇ ਮਿਥਹਾਸ ਹਾਵੀ ਹੁੰਦਾ ਰਿਹਾ ਸੀ। ਏਸੇ ਵਿੱਚੋਂ ਵਰਨ-ਵੰਡ ਵਰਗੇ ਸ਼ੋਸ਼ਣ-ਮਾਡਲਾਂ ਨੂੰ ਮਾਨਤਾ ਮਿਲਦੀ ਰਹੀ ਸੀ। ਇਸ ਬਾਰੇ ਬਾਣੀ ਦੇ ਹਵਾਲੇ ਨਾਲ ਵੀ ਚਰਚਾ ਹੋ ਸਕਦੀ ਹੈ। ਪਰ ਮੇਰੇ ਸਾਹਮਣੇ ਇਸ ਸਥਿਤੀ ਵਿੱਚੋਂ ਨਿਕਲਣ ਲਈ ਪ੍ਰਾਪਤ ਗੁਰਮਤਿ-ਮਾਡਲ ਨੇ ਆਮ ਬੰਦੇ ਦੀ ਮਾਨਸਿਕਤਾ ਵਿਚ ਇਹ ਭਾਵਨਾ ਉਤਾਰ ਦਿੱਤੀ ਸੀ ਕਿ ਸਿੱਖ ਧਰਮ ਨੇ ਲੈ ਕੇ ਦੇਣ ਦੀ ਥਾਂ ਤੇ ਹਰੇਕ ਮਾਨਵ ਨੂੰ ਲੈ ਸਕਣ ਦੀ ਸਿੱਖ-ਵਿਧੀ ਨਾਲ ਜੋੜਨਾ ਹੈ। ਵੈਸੇ ਆਮ ਸਮਝ ਵੀ ਇਹੀ ਹੈ ਕਿ ਮਿਲਦਾ ਉਹੀ ਹੈ, ਜਿਸ ਦਾ ਕੋਈ ਹੱਕਦਾਰ ਹੁੰਦਾ ਹੈ। ਹੱਕਾਂ ਉੱਤੇ ਛਾਪਾ ਮਾਰਨ ਵਾਲਿਆਂ ਨੇ ਇਸ ਵਿਚਲੀ ਸਕਰਮਕਤਾ ਨੂੰ ਖੁੰਢਾ ਕਰ ਕੇ ਇਹ ਅੰਧ-ਵਿਸ਼ਵਾਸ ਸਥਾਪਿਤ ਕਰ ਦਿੱਤਾ ਸੀ ਕਿ ਮਿਲਦਾ ਉਹੀ ਹੈ, ਜੋ ਕਿਸਮਤ ਵਿਚ ਲਿਖਿਆ ਹੁੰਦਾ ਹੈ। ਇਸ ਨਾਲ ਮਾਨਵ ਅੰਦਰ ਨਿਹਿਤ ਊਰਜਾ ਨੇ ਪ੍ਰਚੰਡਿਤ ਹੋ ਕੇ ਜੀਵਨ-ਮੁਕਤ ਹੋਣ ਵਾਲੇ ਰਾਹ ਤੁਰਨਾ ਛੱਡ ਦਿਤਾ ਸੀ। ਏਸੇ ਵਿੱਚੋਂ ਨਿਕਲਣ ਦੀ ਪੱਕੀ ਵਿਧੀ-ਸਥਾਪਨਾ ਕਰਨ ਵਾਸਤੇ ਅੰਤਮ ਛੋਹਾਂ ਦੇ ਰਹੇ ਸਨ ਦਸਮ ਪਾਤਸ਼ਾਹ ਹਜ਼ੂਰ।

ਜੋ ਕੁਝ ਵੀ ਦਸਮ ਪਾਤਸ਼ਾਹ ਜੀ ਨੇ ਕੀਤਾ, ਉਹ ਬੇਸ਼ੱਕ ਗੁਰੂ ਨਾਨਕ ਸਾਹਿਬ ਜੀ ਦੀ ਨਿਰੰਤਰਤਾ ਵਿਚ ਹੀ ਕੀਤਾ ਸੀ। ਇਸ ਕਰਕੇ ਦਸਮ ਪਾਤਸ਼ਾਹ ਜੀ ਤਕ ਜੋ ਕੁਝ ਵੱਖ-ਵੱਖ ਪੜਾਵਾਂ ਵਿੱਚੋਂ ਲੰਘਦਾ ਹੋਇਆ ਪਹੁੰਚਿਆ ਸੀ, ਉਹ ਬਹੁਤਾ ਸੁਖਾਵਾਂ ਨਹੀਂ ਸੀ। ਸਮੇਂ ਦੀ ਸਿਆਸਤ ਗੁਰੂ-ਘਰ ਨਾਲ ਲਗਾਤਾਰ ਟਕਰਾਉ ਵਿਚ ਆਉਂਦੀ ਰਹੀ ਸੀ ਅਤੇ ਇਸ ਵਾਸਤੇ ਦੋ ਗੁਰੂ ਸਾਹਿਬਾਨ (ਪੰਚਮ ਪਾਤਸ਼ਾਹ ਹਜ਼ੂਰ ਅਤੇ ਨੌਵੇਂ ਪਾਤਸ਼ਾਹ ਹਜ਼ੂਰ) ਨੂੰ ਸ਼ਹੀਦੀ ਦੇ ਮਾਰਗ 'ਤੇ ਤੁਰਨਾ ਪਿਆ ਸੀ। ਇਸ ਨਾਲ ਇਹ ਸਥਾਪਿਤ ਹੋ ਗਿਆ ਸੀ ਕਿ ਸਿੱਖ-ਭਾਵਨਾ ਨੂੰ ਨਾ ਹੀ ਤੋੜਿਆ ਜਾ ਸਕਦਾ ਹੈ ਅਤੇ ਨਾ ਹੀ ਹਰਾਇਆ ਜਾ ਸਕਦਾ ਹੈ। ਇਹ ਵਰਤਾਰਾ ਇਤਿਹਾਸ ਦੀਆਂ ਸੀਮਾਵਾਂ ਨੂੰ ਛੜੱਪ ਜਾਣ ਦਾ ਹੈ। ਸਿੱਖੀ ਦਾ ਬੀਜ ਨਿਰਸੰਦੇਹ ਗੁਰੂ ਨਾਨਕ ਸਾਹਿਬ ਜੀ ਨੇ ਬੀਜਿਆ ਸੀ, ਬਾਕੀ ਗੁਰੂ ਸਾਹਿਬਾਨ ਸਿੱਖੀ ਦੀ ਇਸ ਫਸਲ ਨੂੰ ਸੰਗਤੀ-ਵਿਧੀ ਵਿਚ ਪਾਲਦੇ ਰਹੇ ਸਨ। ਦਸਮ ਪਾਤਸ਼ਾਹ ਹਜ਼ੂਰ ਨੇ ਏਸੇ ਨੂੰ ਪੰਥਕ-ਵਿਧੀ ਵਿਚ ਪ੍ਰਗਟ ਕਰ ਦਿੱਤਾ ਸੀ ਅਤੇ ਇਸ ਨੂੰ ਗੁਰਮਤਿ ਸਾਹਿਤ ਵਿਚ "ਗੁਰਸੰਗਤ ਕੀਨੀ ਖਾਲਸਾ" ਵਜੋਂ ਰੀਕਾਰਡ ਕੀਤਾ ਹੋਇਆ ਹੈ। ਜੋ ਕੁਝ ਸਾਹਮਣੇ ਆ ਜਾਂਦਾ ਹੈ, ਉਸ ਤੋਂ ਪਰੇ ਵੀ ਬਹੁਤ ਕੁਝ ਹੁੰਦਾ ਹੈ, ਜਿਸ ਨੂੰ ਦਸਮ ਪਾਤਸ਼ਾਹ ਜੀ ਦੇ ਹਵਾਲੇ ਨਾਲ ਸਮਝਿਆ ਅਤੇ ਸਮਝਾਇਆ ਜਾਣਾ ਚਾਹੀਦਾ ਹੈ।

'ਅਕਾਲ ਉਸਤਤ' ਵਿਚ ਦਰਜ ਹੈ ਕਿ ਨਿਰਗੁਣ ਨੂੰ ਸਿੱਖ ਨੇ ਸਰਗੁਣ ਵਿਚ ਇਸ ਤਰ੍ਹਾਂ ਵੇਖਣਾ ਹੈ:

*ਆਦਿ ਪੁਰਖ ਅਬਿਗਤ ਅਬਿਨਾਸੀ॥ ਲੋਕ ਚੱਤ੍ਰ ਦਸ ਜੋਤਿ ਪ੍ਰਕਾਸੀ॥*

ਇਸ ਨੂੰ *ਨਿਰਗੁਨੁ ਆਪਿ ਸਰਗੁਨੁ ਭੀ ਓਹੀ* ਦੀ ਨਿਰੰਤਰਤਾ ਵਿਚ ਵੇਖੇ ਜਾਣ ਦੀ ਲੋੜ ਨਾਲ ਦਸਾਂ ਹੀ ਗੁਰੂ ਸਾਹਿਬਾਨ ਵਿਚ ਇੱਕੋ ਹੀ ਜੋਤਿ ਦਾ ਵਰਤਾਰਾ ਸਾਹਮਣੇ ਆਉਂਦਾ ਰਿਹਾ ਸੀ। ਦਸਮ ਪਾਤਸ਼ਾਹ ਹਜ਼ੂਰ ਨੇ ਜੋਤਿ ਪ੍ਰਤੀਨਿਧ ਵਜੋਂ ਆਪਣੇ ਆਪ ਨੂੰ ਪ੍ਰਗਟ ਕਰਨ ਤਕ ਸੀਮਿਤ ਨਹੀਂ ਰੱਖਿਆ ਸੀ ਅਤੇ ਦੁਸ਼ਟਾਂ ਤੇ ਦੋਖੀਆਂ ਨੂੰ ਪਛਾੜ ਸਕਣ ਦੀ ਸਿੱਖ-ਊਰਜਾ ਨੂੰ ਪ੍ਰਚੰਡਿਤ ਕਰਦੇ ਹੋਏ ਆਪਣੇ ਸਵੈਯਾਂ ਵਿਚ ਅਜਿਹੇ ਸੱਚ ਸਥਾਪਿਤ ਕਰ ਦਿੱਤੇ ਹਨ, ਜਿਹੜੇ ਕਿਸੇ ਵੀ ਵਰਤਮਾਨ ਨੂੰ ਰੱਜ ਕੇ ਜਿਊਣ ਦਾ ਬਲ ਬਖਸ਼ ਸਕਦੇ ਹਨ। ਧਰਮ, ਜੇ ਫੋਕਟ ਸਰੋਕਾਰਾਂ ਦਾ ਸ਼ਿਕਾਰ ਨ ਹੋਵੇ ਤਾਂ ਹੀ ਊਰਜਿਤ-ਮਾਡਲ ਦੀ ਭੂਮਿਕਾ ਨਿਭਾ ਸਕਦਾ ਹੈ। ਪਰ ਇਸ ਨਾਲ ਨਿੱਭਣ ਵਾਸਤੇ ਲੋੜੀਂਦੀ ਹੈ ਚੇਤਨ ਪ੍ਰਚੰਡਤਾ। ਚੇਤਨਾ ਇਹ ਕਿ ਅਕਾਲ ਦੇ ਨਾਨਤਵ ਪ੍ਰਗਟਾਵਿਆਂ ਨੂੰ ਨਾਲ ਲੈ ਕੇ ਤੁਰਦਿਆਂ, ਨਾਨਤਵੀ ਪਰਤਾਂ ਨਾਲ ਲਿਪਟਨ ਤੋਂ ਬਚਣਾ ਹੈ। ਅਜਿਹਾ ਉਨ੍ਹਾਂ ਨੇ ਕਿਹਾ ਵੀ ਹੈ ਅਤੇ ਕਰ ਕੇ ਵੀ ਵਿਖਾਇਆ ਸੀ। ਨੌਂ ਸਾਲ ਦੀ ਉਮਰ ਵਿਚ ਵੱਡੀਆਂ ਜ਼ਿੰਮੇਵਾਰੀਆਂ ਨੂੰ ਜਿਸ ਦਿੱਬ ਦ੍ਰਸ਼ਟਾ ਵਾਂਗ ਉਨ੍ਹਾਂ ਨੇ ਨਿਭਾਇਆ ਸੀ, ਉਸ ਨਾਲ ਇਹ ਸਥਾਪਿਤ ਹੋ ਜਾਂਦਾ ਹੈ ਕਿ ਦਿੱਬਤਾ, ਜੋਤਿ ਵਿਚ ਹੁੰਦੀ ਹੈ। ਗੁਰਮਤਿ-ਦਿੱਬਤਾ, ਜਿਸ ਤਰ੍ਹਾਂ ਜੋਤਿ ਅਤੇ ਜੁਗਤਿ ਵਿਚ ਨਿਰੰਤਰ ਪ੍ਰਗਟਾਅ ਵਿਚ ਰਹੀ ਹੈ, ਏਸੇ ਦੀ ਸੰਪੰਨਤਾ ਦਸਮ ਪਾਤਸ਼ਾਹ ਜੀ ਕਰ ਰਹੇ ਸਨ। ਸਾਡੇ ਪੁਰਖਿਆਂ ਨੇ ਇਸ ਸੱਚ ਨੂੰ ਦਿੱਬਤਾ ਦੇ ਸਿਖਰ ਵਜੋਂ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਹੋਈ ਹੈ। ਪਰ ਦਸਮ ਪਾਤਸ਼ਾਹ ਜੀ ਦਾ ਜੋ ਰੂਪ ਸਿਧਾਂਤਕੀ ਪ੍ਰਸੰਗ ਵਿਚ ਪ੍ਰਗਟ ਕੀਤਾ ਜਾਣਾ ਚਾਹੀਦਾ ਹੈ ਉਹ ਇਹ ਹੈ ਕਿ ਉਨ੍ਹਾਂ ਵੱਲੋਂ ਬਖਸ਼ੇ ਹੋਏ ਮੁਕਤ-ਮਾਡਲ ਨੇ ਕਿਹੋ ਜਿਹਾ ਇਨਸਾਨ ਪੈਦਾ ਕੀਤਾ ਸੀ? ਇਸ ਵਿਧੀ ਨਾਲ ਦਸਮ ਪਾਤਸ਼ਾਹ ਜੀ ਨੂੰ ਸਦਾ ਸਥਾਪਤੀ ਵਾਂਗ ਸਾਹਮਣੇ ਲਿਆਂਦਾ ਜਾ ਸਕਦਾ ਹੈ। ਇਸ ਦੀ ਵਰਤਮਾਨ ਵਿਚ ਬਹੁਤ ਲੋੜ ਹੈ ਕਿਉਂਕਿ ਧਰਮ ਫਿਰ ਤੋਂ ਪਿੱਛਲ ਪੈਰੀਂ ਤੁਰਦਾ-ਤੁਰਦਾ ਬੰਦੇ ਨੂੰ ਬੰਦੇ ਦੀ ਗ਼ੁਲਾਮੀ ਵੱਲ ਧੱਕਣ ਲੱਗ ਪਿਆ ਹੈ। ਇਸ ਹਾਲਤ ਵਿਚ ਸਿੱਖ-ਮਾਡਲ ਸਾਰਿਆਂ ਦੇ ਕੰਮ ਆ ਸਕਦਾ ਹੈ। ਭਾਈ ਸੰਤੋਖ ਸਿੰਘ ਨੇ ਆਪਣੀ ਰਚਨਾ 'ਸੂਰਜ ਪ੍ਰਕਾਸ਼' ਵਿਚ ਦਸਮ ਪਾਤਸ਼ਾਹ ਹਜ਼ੂਰ ਦਾ ਜੋ ਸਰੂਪ ਭਾਰਤੀ ਮਾਨਸਿਕਤਾ ਦੇ ਉਸਾਰ ਲਈ ਸਾਹਮਣੇ ਲਿਆਂਦਾ ਸੀ, ਉਸੇ ਨੂੰ ਗਲੋਬਲ ਪ੍ਰਸੰਗ ਵਿਚ ਵੀਚਾਰੇ ਜਾਣ ਦੀ ਲੋੜ ਹੈ। ਕਵੀ ਦਸਮ ਪਾਤਸ਼ਾਹ ਜੀ ਦੀ ਭੂਮਿਕਾ ਨੂੰ ਇਸ ਤਰ੍ਹਾਂ ਸਾਹਮਣੇ ਲਿਆਉਂਦੇ ਹਨ:

*ਛਾਏ ਜਾਤੀ ਏਕਤਾ, ਅਨੇਕਤਾ ਵਿਲਾਏ ਜਾਤੀ,*
*ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।*
*ਪਾਪ ਹੀ ਪਰਪੱਕ ਜਾਤੇ, ਧਰਮ ਧਸੱਕ ਜਾਤੇ,*

*ਵਰਨ ਗਰਕ ਜਾਤੇ, ਸਹਿਤ ਵਿਧਾਨ ਕੀ।*
*ਦੇਵੀ ਦੇਵ ਦੇਵਤੇ, ਸੰਤੋਖ ਸਿੰਘ ਦੂਰ ਹੋਤੇ,*
*ਰੀਤ ਮਿਟ ਜਾਤੀ ਕਥਾ ਵੇਦਨ ਪੁਰਾਨ ਕੀ।*
*ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ,*
*ਮੂਰਤਿ ਨਾ ਹੋਤੀ ਜੌ ਪੈ ਕਰੁਣਾ ਨਿਧਾਨ ਕੀ।*

ਵਰਤਮਾਨ ਵਿਚ ਦਸਮ ਪਾਤਸ਼ਾਹ ਹਜ਼ੂਰ ਦੀ ਇਸ ਭੂਮਿਕਾ ਨੂੰ ਉਜਾਗਰ ਕੀਤੇ ਜਾਣ ਦੀ ਬਹੁਤ ਲੋੜ ਹੈ, ਕਿਉਂਕਿ ਇਸ ਨਾਲ ਸਿੱਖ ਧਰਮ ਦਾ ਉਹ ਪ੍ਰਸੰਗ ਸਾਹਮਣੇ ਆ ਜਾਏਗਾ, ਜਿਸ ਵਾਸਤੇ ਮਾਨਵ-ਮੁਕਤੀ ਦਾ ਗੁਰਮਤਿ-ਮਾਡਲ ਉਸਾਰਿਆਂ ਗਿਆ ਸੀ। ਮਾਨਵ-ਮੁਕਤੀ ਦੇ ਰਾਹ ਵਿਚ ਵੱਡੀ ਰੁਕਾਵਟ ਕਿਸੇ ਵੀ ਸਮਕਾਲ ਦੀ ਕੇਂਦਰੀਕਰਣ ਦੀ ਇਕਪਾਸੜ ਸੋਚ ਹੁੰਦੀ ਹੈ ਕਿਉਂਕਿ ਇਸ ਨਾਲ ਸੋਚਾਂ 'ਤੇ ਪਹਿਰੇ ਲੱਗਣ ਲੱਗ ਪੈਂਦੇ ਹਨ ਅਤੇ ਹਉਮੈ ਦੀ ਦਿਗਵਿਜੇ ਵਾਸਤੇ ਦੋਧੇ ਦਾਣਿਆਂ 'ਤੇ ਜ਼ਹਿਰ ਛਿੜਕੇ ਜਾਣ ਦੇ ਰਾਹ ਖੁਲ੍ਹ ਜਾਂਦੇ ਹਨ। ਮਾਨਵੀ ਸਹਿਹੋਂਦ ਦਾ ਘਾਣ ਕਰਨ ਵਾਲੀ ਇਹ ਸੋਚ ਕਿਸੇ ਨੂੰ ਨਹੀਂ ਬਖਸ਼ਦੀ ਅਤੇ ਇਸ ਨਾਲ ਕੁਦਰਤੀ ਨਿਹਮਤਾਂ ਦੀ ਸਿਆਸਤ ਸ਼ੁਰੂ ਹੋ ਜਾਂਦੀ ਹੈ। ਧਰਮ ਗ੍ਰੰਥਾਂ ਦੀ ਹਾਨੀ ਵੀ ਇਸੇ ਦਾ ਹਿੱਸਾ ਹੋ ਜਾਂਦੀ ਹੈ। ਇਹ ਸਥਿਤੀ ਧਰਮ ਦੇ ਗਰਕਣ ਅਤੇ ਪਾਪ ਦੇ ਬੋਲ-ਬਾਲਿਆਂ ਦੀ ਹੋ ਜਾਂਦੀ ਹੈ। ਇਸ ਨਾਲ ਨਿਪਟਣ ਦਾ ਜੋ ਮਾਡਲ ਦਸਮ ਪਾਤਸ਼ਾਹ ਜੀ ਨੇ ਸਥਾਪਿਤ ਕੀਤਾ ਸੀ, ਉਸੇ ਦੀਆਂ ਬਾਤਾਂ ਉਨ੍ਹਾਂ ਦੇ ਗੁਰਪੁਰਬ ਮਨਾਉਂਦਿਆਂ ਹੋਣੀਆਂ ਚਾਹੀਦੀਆਂ ਹਨ।

ਦਿੱਬ-ਦ੍ਰਿਸ਼ਟੀਆਂ ਦੇ ਸੰਚਾਲਕਾਂ ਵਿਚ ਦਸ ਗੁਰੂ ਸਾਹਿਬਾਨ ਦੀ ਅਹਿਮ ਭੂਮਿਕਾ ਸਥਾਪਿਤ ਹੋ ਚੁੱਕੀ ਹੈ। ਇਸ ਬਾਰੇ ਏਨਾ ਤਾਂ ਪਤਾ ਹੋਣਾ ਹੀ ਚਾਹੀਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਹੋਏ ਹਨ ਅਤੇ ਉਨ੍ਹਾਂ ਦਾ ਜਨਮ ਬਿਹਾਰ ਸੂਬੇ ਦੇ ਪ੍ਰਸਿੱਧ ਸ਼ਹਿਰ ਪਟਨਾ ਸਾਹਿਬ ਵਿਖੇ ੧੬੬੬ ਈ. ਨੂੰ ਹੋਇਆ ਸੀ। ਦਸਮ ਪਾਤਸ਼ਾਹ ਜੀ ਨੂੰ ਗੁਰੂ ਨਾਨਕ ਸਾਹਿਬ ਜੀ ਦੀ ਦਸਵੀਂ ਜੋਤ ਪਰਵਾਨ ਕੀਤਾ ਜਾਂਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਸਰੀਰ ਰੂਪ ਵਿਚ ਦਸਮ ਪਾਤਸ਼ਾਹ ਭਾਵੇਂ ਦਸਵੇਂ ਥਾਂ 'ਤੇ ਸਨ, ਪਰ ਅਧਿਆਤਮਿਕ ਪੱਖ ਤੋਂ ਉਨ੍ਹਾਂ ਅੰਦਰ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਹੀ ਜਗਮਗਾ ਰਹੀ ਸੀ। ਗੁਰੂ ਨਾਨਕ ਸਾਹਿਬ ਜੀ ਦਾ ਜਨਮ ੧੪੬੯ ਈ. ਵਿਚ ਹੋਇਆ ਸੀ। ਇਸ ਤਰ੍ਹਾਂ ਦੋਹਾਂ ਗੁਰੂ ਸਾਹਿਬਾਨ ਦੇ ਸਮੇਂ ਵਿਚ ੧੯੭ ਸਾਲਾਂ ਭਾਵ ਦੋ ਸਦੀਆਂ ਦਾ ਫਰਕ ਸੀ। ਫਿਰ ਵੀ ਉਹ ਇਕ ਜੋਤ ਸਨ। ਇਸ ਭੇਦ ਨੂੰ ਸਮਝਣ ਨਾਲ ਸਿੱਖ ਧਰਮ ਦਾ ਮੂਲ ਸਿਧਾਂਤ ਸਮਝ ਵਿਚ ਆ ਸਕਦਾ ਹੈ। ਸਿੱਖ ਧਰਮ ਵਿਚ ਸਰੀਰ ਨੂੰ ਨਹੀਂ, ਸ਼ਬਦ ਨੂੰ ਗੁਰੂ ਮੰਨਿਆ ਗਿਆ ਹੈ। ਏਸੇ ਲਈ ਸਿੱਖ ਹਰ ਰੋਜ਼ ਅਰਦਾਸ ਵਿਚ ਇਹ ਵਿਸ਼ਵਾਸ ਲਗਾਤਾਰ ਦੁਹਰਾਉਂਦੇ ਆ ਰਹੇ ਹਨ:

*ਦਸਾਂ ਪਾਤਸ਼ਾਹੀਆਂ ਦੀ ਜੋਤ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲਣਾ ਜੀ- ਵਾਹਿਗੁਰੂ*

ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦੇ ਸ਼ਬਦ ਗੁਰੂ ਹਨ ਅਤੇ ਦਸ ਗੁਰੂ ਸਾਹਿਬਾਨ ਇਸ ਮੰਜ਼ਲ ਤਕ ਲੈ ਕੇ ਜਾਣ ਦੀ ਭੂਮਿਕਾ ਨਿਭਾਉਂਦੇ ਰਹੇ ਸਨ। ਜੋ ਕੁਝ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਦੱਸਣਾ ਸੀ, ਉਹ ਗੁਰਬਾਣੀ ਦੇ ਰੂਪ ਵਿਚ ਦੱਸ ਦਿੱਤਾ ਗਿਆ ਹੈ। ਏਸੇ ਲਈ ਵਿਸ਼ਵਾਸ ਇਹ ਕੀਤਾ ਜਾਂਦਾ ਹੈ ਕਿ ਗੁਰੂ ਸਾਹਿਬ ਦੇ ਦਰਸ਼ਨ ਕਰਨੇ ਹੋਣ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਬਾਣੀ ਰਾਹੀਂ ਕੀਤੇ ਜਾ ਸਕਦੇ ਹਨ। ਜਿਵੇਂ 'ਜਪੁਜੀ ਸਾਹਿਬ' ਰਾਹੀਂ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਹੋ ਜਾਂਦੇ ਹਨ, ਉਵੇਂ ਹੀ 'ਜਾਪੁ ਸਾਹਿਬ' ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋ ਜਾਂਦੇ ਹਨ। ਅਰਦਾਸ ਵਿਚ ਵੀ ਸਿੱਖ ਨੇ ਇਹ ਗੱਲ ਧਿਆਨ ਵਿਚ ਰੱਖਣੀ ਹੁੰਦੀ ਹੈ ਕਿ ਗੁਰੂ ਦੇ ਦਰਸ਼ਨ ਬਾਣੀ ਜਾਂ ਸ਼ਬਦ ਰਾਹੀਂ ਹੀ ਹੋ ਸਕਦੇ ਹਨ।

ਇਸ ਨਾਲ ਦੇਹਧਾਰੀ ਗੁਰੂ ਦੇ ਅਵਤਾਰਵਾਦੀ ਮਾਡਲ ਦੀ ਥਾਂ 'ਤੇ ਸ਼ਬਦ-ਗੁਰੂ ਦਾ ਸਿੱਖ ਮਾਡਲ ਸਥਾਪਿਤ ਹੋ ਗਿਆ ਹੈ। ਇਸ ਪਿੱਛੇ ਸਿਧਾਂਤ ਇਹ ਕੰਮ ਕਰਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਸਾਰੇ ਗੁਰੂ ਸਾਹਿਬਾਨ ਵਿਚ ਕੰਮ ਕਰਦੀ ਰਹੀ ਸੀ। ਗੁਰੂ ਜੋਤਿ ਦਾ ਪ੍ਰਗਟਾਵਾ ਮੂਲ ਰੂਪ ਵਿਚ ਬਾਣੀ ਰਾਹੀਂ ਹੋਇਆ ਹੀ ਪਰਵਾਨ ਕੀਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਗੁਰਬਾਣੀ ਨੂੰ ਗੁਰੂ ਜੋਤਿ ਹੋਣ ਕਰਕੇ ਸ਼ਬਦ ਗੁਰੂ ਦੀ ਪਦਵੀ ਹਾਸਲ ਹੋ ਗਈ ਹੈ। ਗੁਰੂ ਜੋਤਿ, ਇਤਿਹਾਸਿਕ ਘਟਨਾਵਾਂ ਰਾਹੀਂ ਵੀ ਪ੍ਰਗਟ ਹੁੰਦੀ ਰਹੀ ਹੈ। ਸੋ ਦਸ ਹੀ ਗੁਰੂ ਸਾਹਿਬਾਨ ਓਸੇ ਹੀ ਸਿੱਖ-ਜੁਗਤਿ ਨੂੰ ਸਾਹਮਣੇ ਲਿਆ ਰਹੇ ਸਨ, ਜਿਹੜੀ ਸਿੱਖ-ਜੁਗਤਿ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਭੂਮਿਕਾ ਦੇ ਨਿਕਟਵਰਤੀਆਂ ਨੇ ਆਪਣੀ ਬਾਣੀ ਰਾਹੀਂ ਦੱਸ ਦਿੱਤੀ ਸੀ:

*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥*
*ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥* *(ਪੰਨਾ ੯੬੬)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇਵਲ ੪੨ ਸਾਲ ਦੀ ਉਮਰ ਤਕ ਇਸ ਸੰਸਾਰ ਦੀ ਯਾਤਰਾ ਕਰਦੇ ਰਹੇ ਸਨ। ਏਨੀ ਛੋਟੀ ਉਮਰ ਵਿੱਚ ਉਨ੍ਹਾਂ ਨੇ ਏਡੇ ਵੱਡੇ ਕੰਮ ਕੀਤੇ, ਜਿਨ੍ਹਾਂ ਨੂੰ ਯਾਦ ਕਰਕੇ ਮਨ ਅਚੰਭਤ ਵੀ ਹੁੰਦਾ ਹੈ ਅਤੇ ਖੁਸ਼ ਵੀ ਹੁੰਦਾ ਹੈ। 'ਬਚਿਤ੍ਰ ਨਾਟਕ' ਵਿਚ ਗੁਰੂ ਸਾਹਿਬ ਨੇ ਆਪ ਲਿਖਿਆ ਹੋਇਆ ਹੈ ਕਿ ਜਦੋਂ ਅਕਾਲ ਪੁਰਖ ਨੇ ਉਨ੍ਹਾਂ ਦੀ ਜ਼ਿੰਮੇਵਾਰੀ ਲਾ ਕੇ ਉਨ੍ਹਾਂ ਨੂੰ ਇਸ ਸੰਸਾਰ ਵਿਚ ਭੇਜਿਆ ਸੀ, ਉਸ ਸਮੇਂ ਉਨ੍ਹਾਂ ਦੀ ਸੁਰਤਿ ਪ੍ਰਭੂ ਦੇ ਚਰਨਾਂ ਵਿਚ ਜੁੜੀ ਹੋਈ ਸੀ *(ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹ)*। ਉਨ੍ਹਾਂ ਦਾ ਇਰਾਦਾ ਇਸ ਅਨੰਦ ਭਰੀ ਅਵਸਥਾ ਨੂੰ ਛੱਡਣ ਦਾ ਵੀ ਨਹੀਂ ਸੀ *(ਚਿਤ ਨ ਭਯੋ ਹਮਰੋ ਆਵਨ ਕਹ)*। ਇਹੋ ਜਿਹੀ ਹਾਲਤ ਵਿਚ ਅਕਾਲ ਪੁਰਖ ਨੇ ਗੁਰੂ ਜੀ ਦੀ ਜ਼ਿੰਮੇਵਾਰੀ ਆਪਣੇ ਖਾਸ ਪੁੱਤਰ ਵਜੋਂ ਲਾ ਦਿੱਤੀ ਸੀ ਅਤੇ ਇਸ ਜ਼ਿੰਮੇਵਾਰੀ ਨੂੰ ਉਨ੍ਹਾਂ ਨੇ ਪਰਵਾਨ ਕਰ ਲਿਆ ਸੀ:

*ਮੈ ਅਪਨਾ ਸੁਤ ਤੋਹਿ ਨਿਵਾਜਾ॥*
*ਪੰਥ ਪ੍ਰਚੁਰ ਕਰਬੇ ਕਉ ਸਾਜਾ॥*

ਇਸ ਗਵਾਹੀ ਨਾਲ ਇਹ ਸੱਚ ਤੈਅ ਹੋ ਜਾਂਦਾ ਹੈ ਕਿ ਜਿਹੜਾ ਧਾਰਮਿਕ ਸੰਘਰਸ਼ ਗੁਰੂ ਨਾਨਕ ਸਾਹਿਬ ਜੀ ਨੇ ਅਰੰਭਿਆ ਸੀ, ਉਸੇ ਨੂੰ ਅੱਗੇ ਤੋਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜ਼ਿੰਮੇਵਾਰੀ ਲੱਗੀ ਸੀ। ਦਸਮ ਪਾਤਸ਼ਾਹ ਜੀ ਨੇ ਆਪ ਆਪਣਾ ਜੀਵਨ ਮਨੋਰਥ ਇਸ ਤਰ੍ਹਾਂ ਪ੍ਰਗਟ ਕੀਤਾ ਹੋਇਆ ਹੈ ਕਿ ਜੋ ਧਰਮ ਚਲਾਉਣ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਸੀ, ਉਹ ਭਲੇ-ਪੁਰਸ਼ਾਂ ਦਾ ਮਾਣ-ਸਤਿਕਾਰ ਸਥਾਪਿਤ ਕਰਨ ਵਾਸਤੇ ਸੀ ਅਤੇ ਨੇਕੀ ਦੇ ਰਾਹ ਵਿਚ ਰੁਕਾਵਟਾਂ ਪਾਉਣ ਵਾਲਿਆਂ ਨਾਲ ਜੂਝਣ ਵਾਸਤੇ ਸੀ:

*ਯਾਹੀ ਕਾਜ ਧਰਾ ਹਮ ਜਨਮੰ॥*
*ਸਮਝ ਲੇਹੁ ਸਾਧੂ ਸਭ ਮਨ ਮੰ॥*
*ਧਰਮ ਚਲਾਵਨ ਸੰਤ ਉਬਾਰਨ॥*
*ਦੁਸਟ ਸਭਨ ਕਉ ਮੂਲ ਉਪਾਰਨ॥* *(ਬਚਿਤ੍ਰ ਨਾਟਕ)*

ਗੁਰਮਤਿ ਵਿਚ ਅਗਿਆਨ ਨੂੰ ਸਾਰੀਆਂ ਬੀਮਾਰੀਆਂ ਦੀ ਜੜ੍ਹ ਮੰਨਿਆ ਹੋਇਆ ਹੈ। ਅਗਿਆਨ ਦਾ ਸ਼ਿਕਾਰ ਮਨੁੱਖ ਉਦੋਂ ਹੁੰਦਾ ਹੈ ਜਦੋਂ ਉਹ ਭਲੇ ਅਤੇ ਬੁਰੇ ਵਿਚ ਪਛਾਣ ਨਹੀਂ ਕਰ ਸਕਦਾ ਜਾਂ ਸਾਹਮਣੇ ਪਈ ਸਚਾਈ ਨੂੰ ਨਹੀਂ ਪਛਾਣ ਸਕਦਾ। ਅਗਿਆਨੀ ਪੁਰਸ਼ ਜੇ ਠੀਕ ਕੰਮ ਵੀ ਕਰ ਰਿਹਾ ਹੋਵੇ ਤਾਂ ਵੀ ਭਰੋਸਾ ਨਹੀਂ ਕੀਤਾ ਜਾ ਸਕਦਾ। ਬਾਲ ਬੁੱਧ ਵੀ ਅਗਿਆਨ ਵਿਚ ਹੀ ਸ਼ਾਮਲ ਰਹਿੰਦੀ ਹੈ। ਪਰ ਬਾਲ ਬੁੱਧ ਵਿਚ ਸੱਜਰਾ ਬੀਜਣਾ ਸੌਖਾ ਹੁੰਦਾ ਹੈ। ਉਦਾਹਰਨ ਵਜੋਂ ਬੱਚੇ ਨੂੰ ਇਹ ਗਿਆਨ ਨਹੀਂ ਹੁੰਦਾ ਕਿ ਅੱਗ ਸਾੜ ਦਿੰਦੀ ਹੈ। ਸੋ ਬੱਚਾ ਅੱਗ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਪਰ ਬੁੱਧੀ ਦੇ ਵਿਕਾਸ ਨਾਲ ਬੱਚਾ ਸਭ ਕੁਝ ਸਿੱਖ ਜਾਂਦਾ ਹੈ। ਅਸਲ ਅਗਿਆਨੀ ਉਹ ਹੈ, ਜਿਸ ਨੂੰ ਪਤਾ ਹੀ ਨਹੀਂ ਕਿ ਧਰਮ ਅਤੇ ਅਧਰਮ ਵਿਚ ਕੀ ਫਰਕ ਹੈ। ਇਹੋ ਜਿਹੇ ਅਗਿਆਨੀ ਤੋਂ ਧਾਰਮਿਕ ਹੋਣ ਦੀ ਆਸ ਨਹੀਂ ਕੀਤੀ ਜਾ ਸਕਦੀ। ਗੁਰੂ ਜੀ ਨੇ ਦੱਸਿਆ ਹੋਇਆ ਹੈ ਕਿ ਧਰਮ ਦਾ ਵਾਸਾ ਅਗਿਆਨੀ ਦੇ ਹਿਰਦੇ ਵਿਚ ਨਹੀਂ ਹੋ ਸਕਦਾ ਕਿਉਂਕਿ ਅਗਿਆਨੀ (ਕਬੁਧਿ) ਪੁੱਠਾ ਹੀ ਸੋਚਦਾ ਹੈ। ਇਸ ਵਾਸਤੇ ਧਰਮ ਦਾ ਪਹਿਲਾ ਕੰਮ ਅਗਿਆਨ ਨੂੰ ਖਤਮ ਕਰ ਕੇ, ਗਿਆਨ ਨੂੰ ਉਜਾਗਰ ਕਰਨਾ ਹੁੰਦਾ ਹੈ:

*ਜਾਹਿ ਤਹਾਂ ਤੈ ਧਰਮੁ ਚਲਾਇ॥*
*ਕਬੁਧਿ ਕਰਨ ਤੇ ਲੋਕ ਹਟਾਇ॥* *(ਬਚਿਤ੍ਰ ਨਾਟਕ)*

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਲੋਕਾਂ ਅੰਦਰ ਕਿਹੜੇ-ਕਿਹੜੇ ਅਗਿਆਨ ਵਾਲੇ ਕੰਮ ਚਾਲੂ ਸਨ, ਜਿਨ੍ਹਾਂ ਵੱਲੋਂ ਗੁਰੂ ਜੀ ਨੇ ਲੋਕਾਂ ਨੂੰ ਹਟਾਇਆ ਸੀ। ਇਕ ਅਗਿਆਨ ਇਹ ਸੀ ਕਿ ਲੋਕ ਆਪਣੀ ਬੋਲੀ ਵਿਚ ਗੱਲ ਕਰਨ ਦਾ ਫ਼ਖ਼ਰ ਗੁਆ ਬੈਠੇ ਸਨ। ਬੇਗਾਨੀ ਬੋਲੀ ਦੀਆਂ ਗੱਲਾਂ ਲੋਕਾਂ ਨੂੰ ਕਿਸੇ ਹੋਰ ਤੋਂ ਸਮਝਣੀਆਂ ਪੈਂਦੀਆਂ ਸਨ। ਸਭ ਤੋਂ ਪਹਿਲਾਂ ਗੁਰੂ ਜੀ ਨੇ ਲੋਕਾਂ ਨੂੰ ਲੋਕਾਂ ਦੀ ਬੋਲੀ ਵਿਚ ਸਿੱਖ ਧਰਮ ਬਾਰੇ ਸਮਝਾਇਆ ਸੀ। ਗੁਰੂ ਜੀ ਨੇ ਲੋਕਾਂ ਦੀ ਬੋਲੀ ਵਿਚ ਦੱਸਿਆ ਸੀ ਕਿ ਧਰਮ ਦਾ

ਵਹਿਮਾਂ-ਭਰਮਾਂ ਨਾਲ ਕੋਈ ਸਬੰਧ ਨਹੀਂ ਹੈ। ਇਸ ਲਈ ਟੂਣੇ-ਟਾਮਣ ਅਤੇ ਜਾਦੂ-ਮੰਤਰ ਧਰਮ ਨਹੀਂ ਆਖੇ ਜਾ ਸਕਦੇ। ਲੋਕਾਂ ਦੀ ਬੋਲੀ, ਜਿਸ ਨੂੰ ਅੱਜ ਪੰਜਾਬੀ ਅਰਥਾਤ ਗੁਰਮੁਖੀ ਵਜੋਂ ਜਾਣਿਆ ਜਾਂਦਾ ਹੈ,ਉਨ੍ਹਾਂ ਸਮਿਆਂ ਵਿਚ ਭਾਖਾ ਵੀ ਕਹਾਉਂਦੀ ਸੀ। ਜਿਹੜੀਆਂ ਕਥਾ-ਕਹਾਣੀਆਂ ਸੰਸਕ੍ਰਿਤ ਗ੍ਰੰਥਾਂ ਵਿਚ ਸ਼ਾਮਲ ਸਨ, ਉਨ੍ਹਾਂ ਨੂੰ ਸੰਸਕ੍ਰਿਤ ਜਾਣਦੇ ਧਾਰਮਿਕ ਲੋਕ ਹੀ ਆਪਣੀ ਮਰਜ਼ੀ ਨਾਲ ਵਰਤਦੇ ਸਨ। ਇਸ ਗੱਲ ਨੂੰ ਤੋੜਨ ਲਈ ਉਹ ਸਭ ਗੱਲਾਂ ਰਾਹੀਂ ਗੁਰਮੁਖੀ ਅੱਖਰਾਂ ਵਿਚ ਸ਼ਾਇਰਾਂ ਨੂੰ ਸੱਦ ਕੇ ਗੁਰੂ ਜੀ ਨੇ ਲਿਖਵਾਈਆਂ ਸਨ।

ਇਸ ਵਿਚ ਕੋਈ ਸ਼ੱਕ ਹੀ ਨਹੀਂ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਧਾਰਨ ਵਿਅਕਤੀ ਨਹੀਂ ਸਨ। ਕੋਈ ਵੀ ਗੁਰੂ ਆਪਣੇ ਆਪਣੇ ਪ੍ਰਸੰਗ ਵਿਚ ਸਾਧਾਰਨ ਵਿਅਕਤੀ ਨਹੀਂ ਹੁੰਦਾ। ਪਰ ਗੁਰੂ ਸਾਹਿਬਾਨ ਨੇ ਪ੍ਰਕਾਸ਼ ਤੋਂ ਜੋਤੀ ਜੋਤ ਸਮਾਉਣ ਤਕ ਕੋਈ ਅਜਿਹਾ ਕੰਮ ਨਹੀਂ ਕੀਤਾ, ਜਿਸ ਨੂੰ ਗੁਰੂ ਦੇ ਸਿੱਖਾਂ ਤੋਂ ਨਾ ਕਰ ਸਕਣ ਦੀ ਸੰਭਾਵਨਾ ਹੋਵੇ। ਏਸੇ ਲਈ ਸੱਚ ਇਹ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਘਰ ਮਾਤਾ ਗੁਜਰੀ ਜੀ ਦੀ ਕੁੱਖੋਂ ਹੋਇਆ ਸੀ। ਪਰ ਪ੍ਰਕਾਸ਼ ਤੋਂ ਹੀ ਉਹ ਗੁਰੂ-ਜੋਤਿ ਦੇ ਬਿੰਬ ਸਮਝੇ ਜਾਣ ਲੱਗ ਪਏ ਸਨ। ਮਾਂ-ਪਿਉ ਵੱਲੋਂ ਭਗਤੀ ਨਾਲ ਪ੍ਰਾਪਤ ਕੀਤੀ ਦਿੱਬਤਾ ਜਾਂ ਧਰਮ ਦੀ ਪਾਲਨਾ ਕਰਨ ਦਾ ਅਸਰ ਬੱਚਿਆਂ ਉੱਤੇ ਜ਼ਰੂਰ ਹੁੰਦਾ ਹੈ। ਸੋ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਮਾਤਾ ਗੁਜਰੀ ਜੀ ਨੇ ਸਿੱਖ ਸਾਧਨਾ ਜਿਸ ਤਰ੍ਹਾਂ ਵਚਨਬੱਧਤਾ ਨਾਲ ਨਿਭਾਈ ਸੀ, ਉਸ ਦਾ ਅਸਰ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਬਚਪਨ ਵਿੱਚੋਂ ਹੀ ਨਜ਼ਰ ਆਉਣ ਲੱਗ ਪਿਆ ਸੀ। ਬਾਲਕ ਗੋਬਿੰਦ ਰਾਇ ਦੇ ਪ੍ਰਕਾਸ਼ ਸਮੇਂ ਦੇ ਮਹਾਂਪੁਰਖਾਂ ਨੂੰ ਪਤਾ ਲੱਗ ਗਿਆ ਸੀ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਰਗੇ ਮਹਾਂਪੁਰਖ ਦੇ ਘਰ ਪਰਤਾਪੀ ਪੁੱਤਰ ਪੈਦਾ ਹੋ ਗਿਆ ਹੈ। ਸੋ ਬਹੁਤ ਸਾਰੇ ਮਹਾਂਪੁਰਖ ਜਾਂ ਸਾਧੂ-ਸੰਤ ਇਸ ਬਾਲਕ ਗੋਬਿੰਦ ਰਾਇ ਜੀ ਦੇ ਦਰਸ਼ਨ ਕਰਨ ਲਈ ਵੀ ਆਉਂਦੇ ਰਹੇ ਸਨ।

ਅਨੰਦਪੁਰ ਸਾਹਿਬ ਵਿਖੇ ਕਸ਼ਮੀਰੀ ਪੰਡਤਾਂ ਦੀ ਘਟਨਾ (ਜਿਸ ਤੋਂ ਅਸੀਂ ਸਾਰੇ ਵਾਕਫ ਹਾਂ) ਨਾਲ ਗੋਬਿੰਦ ਰਾਇ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਇਸ ਘਟਨਾ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਬਚਪਨ ਸਮਾਪਤ ਹੋ ਜਾਂਦਾ ਹੈ ਅਤੇ ਗੁਰੂ-ਮਾਰਗ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਦਸਮ ਪਾਤਸ਼ਾਹ ਜੀ ਨੇ ਪਿੱਛੋਂ ਆਪ ਹੀ ਨੌਵੇਂ ਪਾਤਸ਼ਾਹ ਹਜ਼ੂਰ ਦੀ ਸ਼ਹੀਦੀ ਦਾ ਜ਼ਿਕਰ ਕਰਦਿਆਂ 'ਬਚਿਤ੍ਰ ਨਾਟਕ' ਵਿਚ ਲਿਖਿਆ ਹੋਇਆ ਹੈ ਕਿ ਦਿੱਲੀ ਦੇ ਬਾਦਸ਼ਾਹ ਦੇ ਸਾਹਮਣੇ ਆਪਣੇ ਸਰੀਰ ਦਾ ਭਾਂਡਾ ਭੰਨ ਕੇ ਨੌਵੇਂ ਪਾਤਸ਼ਾਹ ਜੀ ਅਕਾਲ ਵਿਚ ਜਾ ਨਿਵਾਜੇ ਸਨ:

*ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥*
*ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥*

ਇਹ ਕੁਰਬਾਨੀ, ਆਮ ਬੰਦੇ ਦੀ ਧਾਰਮਿਕ ਆਜ਼ਾਦੀ ਨੂੰ ਬਚਾਉਣ ਵਾਸਤੇ ਦਿੱਤੀ

ਗਈ ਸੀ। ਇਹ ਇੱਛਤ ਚੋਣ ਸੀ ਅਤੇ ਇਸ ਦਾ ਸਿੱਖ ਪ੍ਰਸੰਗ ਦਸਮ ਪਾਤਸ਼ਾਹ ਹਜ਼ੂਰ ਨੇ ਪੰਥਕ ਸੁਰ ਵਿਚ ਸਾਹਮਣੇ ਲੈ ਆਂਦਾ ਸੀ। ਸੱਚ, ਸਦਾ ਹੀ ਦਿੱਬਤਾ ਸਾਹਮਣੇ ਨਿਸੰਗ ਰੂਪ ਵਿਚ ਪ੍ਰਗਟ ਹੁੰਦਾ ਰਿਹਾ ਹੈ। ਹੰਕਾਰੇ ਹੋਏ ਮਨੁੱਖ ਨੂੰ ਸੱਚ ਨਜ਼ਰ ਨਹੀਂ ਆਉਂਦਾ। ਏਸੇ ਲਈ ਬਾਦਸ਼ਾਹ ਔਰੰਗਜ਼ੇਬ ਨੂੰ ਜਦੋਂ ਪੰਡਤਾਂ ਦਾ ਸੁਨੇਹਾ ਮਿਲਿਆ ਸੀ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੇ ਧਰਮ ਪਰਿਵਰਤਨ ਕਰ ਲੈਣਗੇ ਤਾਂ ਸਾਰਾ ਭਾਰਤ ਮੁਸਲਮਾਨ ਹੋ ਜਾਵੇਗਾ, ਤਾਂ ਉਸ ਨੇ ਇਹ ਸਮਝ ਲਿਆ ਸੀ ਕਿ ਆਮ ਲੋਕਾਂ ਨੂੰ ਇਸਲਾਮ ਵਿਚ ਲਿਆਉਣ ਦੀਆਂ ਲੰਬੀਆਂ ਚੌੜੀਆਂ ਅੱਤਿਆਚਾਰੀ-ਕੋਸ਼ਿਸ਼ਾਂ ਦੀ ਥਾਂ ਇਕੱਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਇਸਲਾਮ ਵਿਚ ਲਿਆਉਣਾ ਸੌਖਾ ਹੋਵੇਗਾ। ਪਰ ਇੱਥੇ ਤਾਂ ਇਸ ਤੋਂ ਉਲਟ ਵਾਪਰ ਗਿਆ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਧਾਰਮਿਕ ਆਜ਼ਾਦੀ ਲਈ ਕੁਰਬਾਨ ਹੋ ਜਾਣ ਨੂੰ ਪਹਿਲ ਦਿੱਤੀ ਸੀ। ਸਮੇਂ ਦੀ ਹਕੂਮਤ ਨੂੰ ਚਿੱਤ ਖਿਆਲ ਵੀ ਨਹੀਂ ਸੀ ਕਿ ਦੂਜੇ ਦੇ ਧਰਮ ਵਾਸਤੇ ਕੋਈ ਏਡੀ ਵੱਡੀ ਕੁਰਬਾਨੀ ਦੇ ਸਕਦਾ ਹੈ। ਇਤਿਹਾਸ ਵਿਚ ਪਹਿਲੀ ਵਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸੀਸ ਦੇ ਕੇ ਇਹ ਸਾਬਤ ਕਰ ਦਿੱਤਾ ਸੀ ਕਿ ਧਾਰਮਿਕ ਅਜ਼ਾਦੀ ਕਿਸੇ ਵੀ ਕੀਮਤ ਉੱਤੇ ਕਾਇਮ ਰਹਿਣੀ ਚਾਹੀਦੀ ਹੈ। ਬਾਲਕ ਸ੍ਰੀ ਗੋਬਿੰਦ ਰਾਇ ਇਨ੍ਹਾਂ ਘਟਨਾਵਾਂ ਨੂੰ ਵੇਖ ਵੀ ਰਹੇ ਸਨ ਅਤੇ ਇਨ੍ਹਾਂ ਘਟਨਾਵਾਂ ਦੇ ਸਿੱਟਿਆਂ ਨਾਲ ਜੂਝਣ ਲਈ ਤਿਆਰ ਵੀ ਹੋ ਰਹੇ ਸਨ। ਜਦੋਂ ਗੁਰੂ-ਘਰ ਦਾ ਇਕ ਸੇਵਕ ਭਾਈ ਜੈਤਾ ਗੁਰੂ ਜੀ ਦਾ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਿਆ ਸੀ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਮਾਨਤਾ ਦੇਂਦਿਆਂ "ਰੰਘਰੇਟਾ ਗੁਰੂ ਕਾ ਬੇਟਾ" ਆਖ ਕੇ ਆਪਣੀ ਛਾਤੀ ਨਾਲ ਲਾ ਲਿਆ ਸੀ। ਉਮਰ ਦਾ ਫਰਕ, ਗੁਰੂ ਅਤੇ ਸਿੱਖ ਵਿਚਕਾਰ ਮਿਟ ਗਿਆ ਸੀ। ਗੁਰੂ ਜੀ ਨੇ ਆਪਣੇ ਸਿੱਖ ਨੂੰ ਉਹੀ ਮਾਨਤਾ ਦਿੱਤੀ ਸੀ, ਜਿਹੜੀ ਮਾਨਤਾ ਅਕਾਲ ਪੁਰਖ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ "ਪੁੱਤਰ" ਆਖ ਕੇ ਦਿੱਤੀ ਸੀ। ਗੁਰੂ ਤੇ ਸਿੱਖ ਦਾ ਰਿਸ਼ਤਾ ਪਿਉ ਤੇ ਪੁੱਤਰ ਵਾਲਾ ਉਸ ਵੇਲੇ ਵੀ ਸੀ ਅਤੇ ਅੱਜ ਵੀ ਹੈ। ਕਦੇ-ਕਦੇ ਅਗਿਆਨ ਵੱਸ ਇਸ ਰਿਸ਼ਤੇ ਦੀ ਪਛਾਣ ਧੁੰਦਲੀ ਹੋ ਜਾਂਦੀ ਰਹੀ ਹੈ। ਸਿੱਖ-ਸੱਚ ਤਾਂ ਇਹ ਹੈ ਕਿ ਹਰ ਅੰਮ੍ਰਿਤਧਾਰੀ ਸਿੰਘ ਦਾ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਜੀ ਹਨ। ਵਾਸੀ ਵੀ ਅੰਮ੍ਰਿਤਧਾਰੀ ਸਿੰਘ, ਸ੍ਰੀ ਅਨੰਦਪੁਰ ਸਾਹਿਬ ਦਾ ਹੋ ਜਾਂਦਾ ਹੈ। ਇਸ ਤਰ੍ਹਾਂ ਇਕ ਨਵੇਂ ਧਾਰਮਿਕ ਪਰਵਾਰ ਦੀ ਸਿਰਜਣਾ ਦਸਮ ਪਾਤਸ਼ਾਹ ਹਜ਼ੂਰ ਨੇ ੧੬੯੯ ਈ. ਦੀ ਵੈਸਾਖੀ ਨੂੰ ਕਰ ਦਿੱਤੀ ਸੀ। ਇਸ ਪਰਵਾਰ ਵਿਚ ਜਨਮ ਤੋਂ ਸ਼ਾਮਲ ਹੋਣ ਦੀ ਪਰੰਪਰਾ ਤੋੜ ਦਿੱਤੀ ਗਈ ਸੀ। ਇਸ ਨਵੇਂ ਖਾਲਸਾ-ਸਫਰ 'ਤੇ ਤੁਰਨ ਤੋਂ ਪਹਿਲਾਂ ਇਹ ਭੁੱਲਣਾ ਪੈਂਦਾ ਹੈ ਕਿ ਉਹ ਕਿਸ ਕੁੱਲ ਵਿਚ ਪੈਦਾ ਹੋਇਆ ਸੀ। ਕਿਸੇ ਵੀ ਅੰਮ੍ਰਿਤਧਾਰੀ ਦੀ ਕੁਲ ਖਾਲਸਈ-ਕੁਲ ਹੋ ਜਾਂਦੀ ਹੈ। ਉਸ ਦੀ ਸ਼ਖ਼ਸੀਅਤ ਧਰਮ ਨੂੰ ਸਮਰਪਿਤ ਹੋ ਜਾਂਦੀ ਹੈ। ਕੁਲ-ਨਾਸ਼ ਵਿੱਚੋਂ ਇਕ ਨਵਾਂ ਖਾਲਸਾ-ਪਰਵਾਰ ਪੈਦਾ ਹੋ ਜਾਂਦਾ ਹੈ। ਇਸ ਅਵਸਥਾ ਵਾਸਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸ਼ਬਦ ਦਾ ਸਿਧਾਂਤ ਪੇਸ਼ ਕੀਤਾ ਹੋਇਆ ਹੈ। ਬਾਣੀ ਨਾਲ ਜੇ ਕੌਡਾ-ਭੀਲ

ਬਦਲ ਸਕਦਾ ਹੈ ਤਾਂ ਸਿੱਖ ਕਿਉਂ ਨਹੀਂ ਬਦਲ ਸਕਦਾ? ਸਿੱਖ ਵਿਚ ਸਿੰਘ ਹੋਣ ਦਾ ਬਦਲਾਅ, ਸ੍ਰੀ ਗੁਰੂ ਗੋਬਿੰਦ ਸਿੰਘ ਰਾਹੀਂ ਸਾਹਮਣੇ ਆਇਆ ਸੀ। ਦਸਮ ਪਾਤਸ਼ਾਹ ਹਜ਼ੂਰ ਜੀ ਵੱਲੋਂ ਮਾਨਵਤਾ ਉੱਤੇ ਕੀਤੇ ਇਸ ਪਰਉਪਕਾਰ ਨੂੰ ਹਰ ਸਾਲ ਖਾਲਸਾ ਸਿਰਜਣਾ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਖਾਲਸਾ ਸਿਰਜਣਾ ਦਿਵਸ ਮੌਕੇ ਇਹ ਸਚਾਈ ਲੋਕਾਂ ਨਾਲ ਸਾਂਝੀ ਕੀਤੀ ਜਾਂਦੀ ਹੈ ਕਿ ਖਾਲਸਾ-ਵਚਨਬੱਧਤਾ ਵਿੱਚ ਜਾਤ, ਗੋਤ, ਖ਼ਾਨਦਾਨ ਅਤੇ ਭੂਗੋਲਿਕ ਖਿੱਤਿਆਂ ਦੀ ਕੋਈ ਮਹੱਤਤਾ ਨਹੀਂ ਹੈ। ਖਾਲਸਾ ਤਾਂ ਭਾਈਚਾਰਾ ਹੈ ਅਤੇ ਇਸ ਭਾਈਚਾਰੇ ਦਾ ਵਰਤਮਾਨ ਖਾਲਸਾ ਪੰਥ ਨੇ ਖੁਦ ਸਥਾਪਿਤ ਕਰਦੇ ਰਹਿਣਾ ਹੈ। ਬੀਤ ਗਏ ਸਮੇਂ ਨਾਲ ਜੁੜੇ ਹੋਏ ਇਤਿਹਾਸ ਦਾ ਖਾਲਸਾ ਵਾਰਸ ਤਾਂ ਹੈ ਪਰ ਮਾਲਕ ਨਹੀਂ ਹੈ। ਮਾਲਕੀ ਦੀ ਹਉਮੈਂ ਅਤੇ ਵਾਰਸ ਹੋਣ ਦੀ ਨੈਤਿਕਤਾ ਵਿਚ ਨਿਖੇੜ ਕਰਨ ਦੀ ਸੋਝੀ ਖਾਲਸਾ ਜੀ ਨੇ ਗੁਰਬਾਣੀ ਦੀ ਰੋਸ਼ਨੀ ਵਿਚ ਆਪ ਵੀ ਪ੍ਰਾਪਤ ਕਰਨੀ ਹੈ ਅਤੇ ਹੋਰਨਾਂ ਤਕ ਵੀ ਪਹੁੰਚਾਉਣੀ ਹੈ। ਵਿਅਕਤੀਗਤ ਚੌਧਰ ਤੋਂ ਗੁਰੇਜ਼ ਕਰ ਕੇ ਭਾਈਚਾਰਕ ਬੋਲਬਾਲੇ ਵਾਸਤੇ ਮਾਹੌਲ ਖਾਲਸਾ ਜੀ ਨੇ ਪੈਦਾ ਕਰਨਾ ਹੈ। ਇਹੀ ਸਿੱਖਿਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤਧਾਰੀ ਸਿੰਘ ਜਾਂ ਖਾਲਸੇ ਨੂੰ ਬਖਸ਼ੀ ਸੀ। ਇਸ ਤੇ ਜੀਅ-ਜਾਨ ਨਾਲ ਪਹਿਰਾ ਦੇਣ ਦੀ ਵਚਨਬੱਧਤਾ ਹੀ ਦਸਮ ਪਾਤਸ਼ਾਹ ਹਜ਼ੂਰ ਦਾ ਸੰਦੇਸ਼ ਹੈ।

ਪੰਜਾਬੀ-ਸੱਭਿਆਚਾਰ ਵਿਚ ਮੇਲਿਆਂ ਨੂੰ ਗੁਰਪੁਰਬਾਂ ਵਿਚ ਤਬਦੀਲ ਕਰ ਕੇ ਜਿਸ ਤਰ੍ਹਾਂ ਦੇ ਸਿੱਖ-ਸੱਭਿਆਚਾਰ ਦੀ ਨੀਂਹ ਗੁਰੂ ਸਾਹਿਬਾਨ ਵੱਲੋਂ ਰੱਖੀ ਗਈ ਸੀ, ਉਹ ਵਰਤਮਾਨ ਵਿਚ ਸਿੱਖ-ਵਾਰਸਾਂ ਦੀ ਅਣਗਹਿਲੀ ਕਰਕੇ ਉਖੜੇਵੇਂ ਦਾ ਸ਼ਿਕਾਰ ਹੁੰਦੀ ਜਾ ਰਹੀ ਹੈ। ਏਸੇ ਕਰਕੇ ਭੀੜ ਵਾਲੇ ਵਰਤਾਰਿਆਂ ਨੂੰ ਸਿੱਖ ਪੁਰਬ ਸਮਝਿਆ ਜਾਣ ਲੱਗ ਪਿਆ ਹੈ। ਅਸਲੇ ਵੱਲ ਪਰਤਣ ਲਈ ਜਿਹੋ ਜਿਹੇ ਯਤਨ ਸਿੰਘ ਸਭਾ ਵੇਲੇ ਹੋਏ ਸਨ, ਉਹੋ ਜਿਹੇ ਯਤਨ ਵਰਤਮਾਨ ਵਿਚ ਕਰਕੇ ਹੀ ਇਸ ਉਖਾੜ ਵਾਲੀ ਸਥਿਤੀ ਤੋਂ ਬਚਿਆ ਜਾ ਸਕਦਾ ਹੈ। ਇਸ ਨੁਕਤੇ ਬਾਰੇ ਜੋ ਕੁਝ ਲਿਖਿਆ ਹੋਇਆ ਪ੍ਰਾਪਤ ਹੈ, ਉਹ ਸਾਡੀਆਂ ਨਿਗਾਹਾਂ ਤੋਂ ਓਝਲ ਹੋ ਵੀ ਗਿਆ ਹੈ ਅਤੇ ਹੁੰਦਾ ਵੀ ਜਾ ਰਿਹਾ ਹੈ। ਭਾਈ ਵੀਰ ਸਿੰਘ ਦੀਆਂ ਲਿਖਤਾਂ ਸ਼ਰਧਾ ਵਿਚ ਰੰਗਦੀਆਂ ਵੀ ਹਨ ਅਤੇ ਸ਼ਰਧਾ ਨੂੰ ਪ੍ਰਚੰਡ ਵੀ ਕਰਦੀਆਂ ਹਨ। ਇਹ ਟਿੱਪਣੀ 'ਕਲਗੀਧਰ ਚਮਤਕਾਰ' ਦੇ ਹਵਾਲੇ ਨਾਲ ਕੀਤੀ ਜਾ ਰਹੀ ਹੈ। ਪ੍ਰੋ. ਪੂਰਨ ਸਿੰਘ ਦੀ ਸੁਰ ਅਕਾਦਮਿਕ ਹੈ ਅਤੇ ਉਹ ਨਵੀਆਂ ਲੀਹਾਂ ਪਾਉਂਦੇ ਲੱਗਦੇ ਹਨ। ਉਹ ਆਪਣੀਆਂ ਲਿਖਤਾਂ ਵਿਚ ਗੁਰੂ ਦੀਆਂ ਬਖਸ਼ਿਸ਼ਾਂ ਵਜੋਂ ਜਦੋਂ ਪੰਜ ਕਕਾਰਾਂ ਦਾ ਪ੍ਰਸੰਗ ਉਸਾਰਦੇ ਹਨ, ਤਾਂ ਵਿਰਾਸਤੀ ਸੁਰ ਵਿਚ ਰੌਂਗਟੇ ਖੜੇ ਕਰ ਦਿੰਦੇ ਹਨ। ਈਸਾਈਅਤ, ਮੋਇਆਂ ਦੀ ਜਾਗ ਦੀ ਕਰਾਮਾਤੀ ਗੱਲ ਕਰਦੀ ਹੈ, ਪਰ ਸਿੱਖੀ, ਸੁੱਤਿਆਂ ਦੀ ਸਕਰਮਕ ਜਾਗ ਦੀ ਗੱਲ ਕਰਦੀ ਹੈ। ਪ੍ਰੋ. ਪੂਰਨ ਸਿੰਘ ਮੁਤਾਬਿਕ ਗੁਰਪੁਰਬਾਂ ਦੇ ਅਵਸਰ ਇਹ ਦੱਸਣ ਲਈ ਹੋਣੇ ਚਾਹੀਦੇ ਹਨ ਕਿ "ਗੁਰੂ ਜੀ ਦੇ ਕੇਸਾਂ ਨੂੰ ਸੁਰੱਖਿਅਤ ਰੱਖਣ ਦੇ ਹੁਕਮ ਵਿਚ ਡੂੰਘੀ ਸਚਾਈ ਲੁਕੀ ਹੋਈ ਹੈ। ਇਸ ਆਦੇਸ਼ ਵਿਚ ਉਨ੍ਹਾਂ ਨੇ ਮਨੁੱਖ

ਨੂੰ ਡੂੰਘੇ ਗੁਣਾ ਦੀ ਸੋਝੀ ਕਰਵਾਈ ਹੈ"। ਇਸ ਪਾਸੇ ਸਿੱਖਾਂ ਦੀ ਢਿਲਿਆਈ ਤੇ ਕਚਿਆਈ ਨੂੰ ਪ੍ਰੋ. ਸਾਹਿਬ ਨੇ ਤਿਲਕਣੇ ਰਸਤੇ ਤੁਰਨਾ ਕਹਿੰਦਿਆਂ ਕਿਹਾ ਹੋਇਆ ਹੈ ਕਿ "ਨਿਸਚੇ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਕੇਸਾਂ ਬਾਰੇ ਇਨ੍ਹਾਂ ਵਿਚਾਰਾਂ ਦੇ ਅਭਾਵ ਵਿਚ ਅੱਜ ਨਾ ਤਾਂ ਸਿੱਖਾਂ ਵਿਚ ਉਹ ਸੰਗੀਤ ਹੁੰਦਾ ਹੈ ਤੇ ਨਾ ਇਹ ਨਵਾਂ ਜੀਵਨ। ਇੱਥੋਂ ਤਕ ਕਿ ਮੁਰਦਾ ਜਨ-ਸਮੂਹ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਨਿਰਜਿੰਦ ਪ੍ਰਾਣ ਬਣ ਜਾਂਦਾ ਹੈ। ਸਿੱਖਾਂ ਨੂੰ ਕੇਸਾਂ ਤੋਂ ਵੰਚਿਤ ਕਰਨ ਨਾਲ ਉਨ੍ਹਾਂ ਨੂੰ ਉਸ ਸ਼ਕਤੀਸ਼ਾਲੀ ਪ੍ਰੇਰਨਾ ਤੋਂ ਤੋੜ ਦੇਣ ਦੇ ਤੁਲ ਹੋਣਾ ਹੈ, ਜੋ ਹੁਣ ਤਕ ਸਾਰੀ ਹਿੰਦੂ ਜਨਤਾ ਲਈ ਸ਼ਕਤੀ ਦੇ ਬਲ ਦਾ ਸੋਮਾ ਰਿਹਾ ਹੈ। ਸਿੱਖਾਂ ਦੇ ਇਸ ਸਰੂਪ ਦੇ ਅਲੋਪ ਹੋ ਜਾਣ ਨਾਲ ਹਿੰਦੂ ਵੀ ਇਸ ਸ਼ਕਤੀ ਤੇ ਪ੍ਰੇਰਨਾ ਦੀ ਸੰਪਤੀ ਤੋਂ ਸੱਖਣੇ ਹੋ ਜਾਣੇ ਹਨ।" ਇਸ ਨਾਲ ਇਹ ਨੁਕਤਾ ਸਾਹਮਣੇ ਲਿਆਂਦਾ ਜਾ ਰਿਹਾ ਹੈ ਕਿ ਪ੍ਰਾਪਤ ਵੇਰਵਿਆਂ ਦੇ ਦੁਹਰਾਉ ਨਾਲ ਸਿੱਖ ਇਸ ਵੇਲੇ ਨਿਊਟਲ ਗੇਅਰ ਵਿਚ ਭੱਜਣ ਵਰਗਾ ਭਰਮ ਪਾਲ ਰਹੇ ਹਨ। ਲੋੜ ਸਾਦਗੀ ਨਾਲ ਜੜ੍ਹਾਂ ਵੱਲ ਪਰਤਣ ਦੀ ਹੈ ਅਤੇ ਇਸ ਵਾਸਤੇ ਪੂਰਨ ਸਿੰਘ ਦੀ ਇਸ ਟੂਕ ਤੋਂ ਸਿੱਖਿਆ ਲਈ ਜਾ ਸਕਦੀ ਹੈ। ਏਸੇ ਨਾਲ ਗੱਲ ਮੁਕਾਈ ਜਾ ਰਹੀ ਹੈ:

ਬੱਚਾ !ਅੱਜ ਦਾਤਾ ਜੀ ਦਾ ਗੁਰਪੁਰਬ ਹੈ।
ਬੱਚਾ !ਅੱਜ ਉਹ ਸਵਾਂਤੀ ਨਛੱਤ੍ਰ ਹੈ।
ਬੱਚਾ !ਅੱਜ ਅਰਸ਼ਾਂ ਦੇ ਮਾਲਕ ਦੀ ਹਜ਼ੂਰੀ ਹੈ।
ਬੱਚਾ !ਜੀ !ਉਠ !ਜਾਗ। . . .
ਕਦੀ ਨਾ ਭੁੱਲੇ ਤੈਨੂੰ
ਤੇਰੇ ਸਿਰ ਤੇ ਉਹ ਆਪ।

ਇਸ ਸਿੱਖ-ਸੇਧ ਵਿਚ ਤੁਰਨ ਦੀ ਲੋੜ ਵੀ ਹੈ, ਇਸ ਵਾਸਤੇ ਸਪੇਸ ਵੀ ਹੈ ਅਤੇ ਇਸ ਨਾਲ ਜੁੜੀਆਂ ਹੋਈਆਂ ਵੰਗਾਰਾਂ ਵੀ ਹਨ। ਨਹੀਂ ਸਮਝਾਂਗੇ ਤਾਂ ਵਕਤ ਹੱਥੋਂ ਖਿਸਕ ਜਾਏਗਾ। ਸਕਰਮਕ ਅਧਿਆਤਮਿਕਤਾ ਦਾ ਜਿਹੜਾ ਸਿੱਖ ਵਹਿਣ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ, ਸਾਡੀਆਂ ਸਾਰੀਆਂ ਕਮਜ਼ੋਰੀਆਂ ਦੇ ਬਾਵਜੂਦ, ਅਜੇ ਵਹਿ ਰਿਹਾ ਹੈ, ਉਸ ਨੂੰ ਗ੍ਰੰਥ ਅਤੇ ਪੰਥ ਦੇ ਮਜਬੂਤ ਕੰਢਿਆਂ ਵਿਚਕਾਰ ਵਹਿੰਦਾ ਰੱਖਣ ਲਈ ਲੋੜੀਂਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਾਸਤੇ ਬਿਨਾਂ ਦੇਰੀ ਕੀਤਿਆਂ ਤੁਰ ਪੈਣ ਵਿਚ ਹੀ ਸਾਰਿਆਂ ਦਾ ਭਲਾ ਹੈ। ਤੁਰਨ ਵਾਲਿਆਂ ਤੋਂ ਗੁਰੂ ਜੀ ਮਿਹਰ ਕਰ ਕੇ ਸੇਵਾ ਲੈਂਦੇ ਰਹੇ ਹਨ ਅਤੇ ਲੈਂਦੇ ਰਹਿਣ ਦਾ ਭਰੋਸਾ ਅਜੇ ਗੁਰੂਕਿਆਂ ਵਿੱਚੋਂ ਕਿਰਿਆ ਵੀ ਨਹੀਂ ਹੈ। ਗੁਰਪੁਰਬਾਂ ਦੀ ਸੰਭਾਲ ਤੋਂ ਸ਼ੁਰੂਆਤ ਕਰ ਲੈਣੀ ਹੀ ਇਸ ਸਮੇਂ ਦੀ ਸਿੱਖ-ਲੋੜ ਹੋਣੀ ਚਾਹੀਦੀ ਹੈ।

■

# ਜਪੁਜੀ ਸਾਹਿਬ ਵਿਚਲੇ ਪੰਜ ਖੰਡ

*-ਡਾ. ਜਗਜੀਤ ਸਿੰਘ**

ਜਪੁਜੀ ਸਾਹਿਬ ਬਾਣੀ ਵਿਚ ੩੪ ਤੋਂ ੩੭ ਤਕ ਚਾਰ ਪਉੜੀਆਂ ਵਿਚ ਪੰਜ ਖੰਡਾਂ ਦਾ ਜ਼ਿਕਰ ਹੈ। ਇਨ੍ਹਾਂ ਖੰਡਾਂ ਵਿਚ ਮਨੁੱਖ ਦੀਆਂ ਵੱਖ-ਵੱਖ ਮਾਨਸਿਕ ਅਤੇ ਅਧਿਆਤਮਿਕ ਸਥਿਤੀਆਂ ਪ੍ਰਗਟ ਕੀਤੀਆਂ ਗਈਆਂ ਹਨ। ਸੰਸਾਰ ਯਾਤਰਾ ਦੌਰਾਨ ਮਨੁੱਖ ਕਈ ਹੋਣੀਆਂ ਵਿੱਚੋਂ ਲੰਘਦਾ ਹੈ, ਕਈ ਅਨੁਭਵ ਹਾਸਲ ਕਰਦਾ ਹੈ, ਬਾਹਰ ਦਿਸਦੇ ਬ੍ਰਹਿਮੰਡ ਨੂੰ ਜਾਣਨ ਦੀ ਕੋਸ਼ਿਸ਼ ਕਰਦਾ ਹੈ, ਉਸ ਦੀ ਵਿਸ਼ਾਲਤਾ ਅਤੇ ਅਨੰਤਤਾ ਨੂੰ ਵੇਖਦਾ ਤੇ ਮਾਣਦਾ ਹੈ, ਕੁਦਰਤ ਦੇ ਅਸਚਰਜ ਕੌਤਕ ਵੇਖ ਕੇ ਬਲਿਹਾਰ ਜਾਂਦਾ ਹੈ ਅਤੇ ਇਸ ਦੇ ਰਚੇਤਾ ਬਾਰੇ ਜਾਣਨ ਦੀ ਕੋਸ਼ਿਸ਼ ਵੀ ਕਰਦਾ ਹੈ। ਇਸ ਬਾਹਰੀ ਬ੍ਰਹਿਮੰਡ ਦੀ ਯਾਤਰਾ ਤੇ ਉਤਸੁਕਤਾ ਨੇ ਅਨੇਕਾਂ ਵਿਗਿਆਨਕਾਂ ਨੂੰ ਜਨਮ ਦਿੱਤਾ ਜਿਨ੍ਹਾਂ ਨੇ ਇਸ ਵਿਸ਼ਾਲ ਬ੍ਰਹਿਮੰਡ ਬਾਰੇ ਜਿੰਨਾਂ ਵੀ ਉਹ ਜਾਣ ਸਕੇ, ਮਨੁੱਖਤਾ ਨਾਲ ਸਾਂਝਾ ਕੀਤਾ। ਮਨੁੱਖ ਦੀ ਯਾਤਰਾ ਕੇਵਲ ਬਾਹਰ ਦਿਸਦੇ ਬ੍ਰਹਿਮੰਡ ਦੀ ਯਾਤਰਾ ਤਕ ਸੀਮਤ ਨਹੀਂ, ਉਸ ਦੇ ਅੰਦਰ ਵੀ ਬਹੁਤ ਕੁਝ ਵਾਪਰਦਾ ਹੈ। ਉਸ ਦੇ ਦਿਸਦੇ ਸਰੀਰ ਵਿਚ ਮਨ ਹੈ, ਬੁੱਧੀ ਹੈ ਅਤੇ ਅਨੁਭਵੀ ਮਹਾਂਪੁਰਸ਼ਾਂ ਅਨੁਸਾਰ ਅਸਲ ਵਸਤੂ ਧੁਰ ਅੰਦਰ ਸਥਿਤ ਆਤਮਾ ਹੈ ਜੋ ਪਰਮ-ਆਤਮਾ ਪਾਰਬ੍ਰਹਮ ਪਰਮੇਸ਼ਵਰ ਦੀ ਅੰਸ਼ ਹੈ, ਜੋ ਸਦੀਵ ਹੈ, ਸਤਿ ਹੈ, ਨਿਰਮਲ ਹੈ, ਪ੍ਰਭੂ-ਜੋਤਿ ਹੈ, ਜਿਸ ਦੀ ਹੋਂਦ ਹੀ ਬਾਹਰੀ ਸਾਰੇ ਰੂਪਾਂ ਦੀ ਹੋਂਦ ਦਾ ਕਾਰਨ ਹੈ, ਸਭ ਨੂੰ ਕਿਰਿਆਸ਼ੀਲ ਕਰਨ ਦਾ ਕਾਰਨ ਹੈ, ਇਸ ਦਾ ਅਨੁਭਵ ਹੀ ਮਨੁੱਖੀ ਜੀਵਨ ਦਾ ਲਕਸ਼ ਹੈ ਅਤੇ ਇਹ ਅਨੁਭਵ ਕੇਵਲ ਗੁਰੂ ਰਾਹੀਂ ਹੀ ਸੰਭਵ ਹੁੰਦਾ ਹੈ। ਗੁਰੂ ਸਾਹਿਬ ਦਾ ਕਥਨ ਹੈ:

*ਸਭ ਮਹਿ ਜੋਤਿ ਜੋਤਿ ਹੈ ਸੋਇ॥*
*ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥*
*ਗੁਰ ਸਾਖੀ ਜੋਤਿ ਪਰਗਟੁ ਹੋਇ॥* (ਪੰਨਾ ੧੩)

ਅੰਦਰਲੀ ਯਾਤਰਾ ਅਤੇ ਜੋਤ ਦੇ ਅਨੁਭਵ ਤੋਂ ਬਿਨਾਂ ਬਾਹਰੀ ਸਰੀਰਕ ਜੀਵਨ ਬਾਹਰੀ ਸੰਸਾਰ ਯਾਤਰਾ ਅਤੇ ਬ੍ਰਹਿਮੰਡ ਦਾ ਗਿਆਨ ਅਧੂਰੀ ਯਾਤਰਾ ਹੈ, ਅਧੂਰਾ ਗਿਆਨ ਹੈ। ਸਮੁੱਚੀ ਗੁਰਬਾਣੀ ਵਿਚ ਮਨੁੱਖ ਦੀ ਹੋਣੀ ਅਤੇ ਸਫਲ, ਪੂਰਨ ਯਾਤਰਾ ਦਾ ਬਖਾਨ ਹੈ। ਜਪੁਜੀ ਸਾਹਿਬ ਨੂੰ ਸਮੁੱਚੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸਾਰ ਮੰਨਿਆ ਜਾਂਦਾ ਹੈ। ਪੰਜਾਂ ਖੰਡਾਂ ਵਿਚ ਇਸ ਯਾਤਰਾ ਦੇ ਪੜਾਵਾਂ ਦਾ ਜ਼ਿਕਰ ਹੈ। ਪੰਜ ਖੰਡ ਲੜੀਵਾਰ ਇਹ ਦੱਸੇ ਹਨ: ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ,

**੨੫/੭, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)-੧੬੦੦੬੧; ਮੋ: +੯੧੯੭੭੯੮-੧੬੯੦੯*

ਅਤੇ ਸਚਖੰਡ।

ਧਰਮ ਖੰਡ ਇਸ ਯਾਤਰਾ ਦਾ ਪਹਿਲਾ ਖੇਤਰ ਹੈ। ਮਨੁੱਖ ਦੀ ਅੱਖ ਬਾਹਰ ਨੂੰ ਖੁੱਲਦੀ ਹੈ। ਖੁੱਲ੍ਹੀ ਅੱਖ ਨੂੰ ਧਰਤੀ, ਆਕਾਸ਼, ਸੂਰਜ, ਚੰਨ ਤਾਰੇ, ਪਉਣ, ਪਾਣੀ, ਅਗਨੀ ਆਦਿ ਪ੍ਰਕਿਰਤੀ ਦਿੱਸਦੀ ਹੈ, ਇਨ੍ਹਾਂ ਦਾ ਲੋੜ ਅਨੁਸਾਰ ਅਨੁਭਵ ਵੀ ਪ੍ਰਾਪਤ ਹੁੰਦਾ ਹੈ। ਧਰਤੀ ਉੱਪਰ ਹਰਿਆਵਲ ਅਤੇ ਬਨਸਪਤੀ, ਵਿਚਰਦੇ ਜੀਅ-ਜੰਤ, ਪਸ਼ੂ-ਪੰਛੀ ਆਦਿ ਅਨੇਕ ਪ੍ਰਕਾਰ ਦੀ ਹੋ ਰਹੀ ਕਿਰਿਆ ਦ੍ਰਿਸ਼ਟਮਾਨ ਹੁੰਦੀ ਹੈ। ਸਮੁੰਦਰ, ਦਰਿਆ ਤੇ ਪਹਾੜ ਵੀ ਦਿਸਦੇ ਹਨ। ਇਸ ਸਾਰੇ ਵਾਯੂ-ਮੰਡਲ ਵਿਚਕਾਰ ਮਨੁੱਖ ਆਪਣੀ ਹੋਣੀ ਸਿਰਜਦਾ ਹੈ, ਬੁੱਧੀ ਦਾ ਪ੍ਰਯੋਗ ਕਰ ਕੇ ਉਸ ਨੇ ਕੁਦਰਤ ਦੀਆਂ ਸ਼ਕਤੀਆਂ ਨੂੰ ਸਮਝਿਆ, ਉਨ੍ਹਾਂ ਦੀ ਵਰਤੋਂ ਕੀਤੀ ਜਿਸ ਦੇ ਨਤੀਜੇ ਵਜੋਂ ਅੱਜ ਦਾ ਸਮਾਜ ਅਤੇ ਸੱਭਿਅਤਾ ਹੋਂਦ ਵਿਚ ਆਏ। ਸਰੀਰਕ ਜੀਵਨ ਦੇ ਸਾਰੇ ਸੁਖ ਆਰਾਮ ਮਨੁੱਖ ਦੇ ਐਸੇ ਯਤਨਾਂ ਦਾ ਨਤੀਜਾ ਹਨ, ਪਰ ਇਨ੍ਹਾਂ ਪ੍ਰਾਪਤੀਆਂ ਦੇ ਬਾਵਜੂਦ ਵੀ ਮਨੁੱਖ ਤ੍ਰਿਪਤ ਨਹੀਂ, ਅਦਰੋਂ ਖੁਸ਼ ਅਤੇ ਚਿੰਤਾ-ਰਹਿਤ ਨਹੀਂ। ਅਮੀਰ ਦੇਸ਼ਾਂ ਦੇ ਵਾਸੀ ਵੀ ਸਰੀਰਕ ਅਤੇ ਮਾਨਸਿਕ ਤੌਰ 'ਤੇ ਦੁਖੀ ਹਨ। ਬਾਹਰੀ ਤਰੱਕੀ ਦੇ ਬਾਵਜੂਦ ਸੰਸਾਰ ਵਿਚ ਦੇਸ਼ਾਂ ਵਿਚ, ਮਨੁੱਖਾਂ ਵਿਚ ਵੈਰ-ਵਿਰੋਧ ਅਤੇ ਲੜਾਈਆਂ ਝਗੜੇ ਕਾਇਮ ਹਨ। ਅੱਜ ਅੱਤਵਾਦ ਦਾ ਬੋਲਬਾਲਾ ਹੈ। ਲੱਖਾਂ ਜਾਨਾਂ ਭੰਗ ਦੇ ਭਾੜੇ ਬਰਬਾਦ ਹੋ ਰਹੀਆਂ ਹਨ। ਅਧਿਆਤਮਵਾਦੀ ਮਨੁੱਖ ਇਸ ਦਾ ਇੱਕੋ ਕਾਰਨ ਇਹ ਸਮਝਦਾ ਹੈ ਕਿ ਮਨੁੱਖ ਨੇ ਆਪਣੀ ਹੋਣੀ ਨੂੰ ਸਮਝਿਆ ਤੇ ਬੁੱਝਿਆ ਨਹੀਂ। ਗੁਰੂ ਸਾਹਿਬਾਨ, ਭਗਤ ਸਾਹਿਬਾਨ ਨੇ ਮਨੁੱਖ ਦੇ ਸਹੀ ਸਰੂਪ ਅਤੇ ਲਕਸ਼ ਨੂੰ ਕਰੜੀ ਘਾਲਣਾ ਰਾਹੀਂ ਸਮਝਿਆ, ਬੁਝਿਆ ਤੇ ਅਨੁਭਵ ਕੀਤਾ ਹੈ ਅਤੇ ਇਸ ਦਾ ਜ਼ਿਕਰ ਆਪਣੀ ਬਾਣੀ ਵਿਚ ਕੀਤਾ ਹੈ। ਬਾਣੀ ਅਨੁਸਾਰ ਸਾਰੀ ਮਨੁੱਖਤਾ ਦਾ ਕਰਤਾ ਪਰਮਾਤਮਾ ਹੈ, ਇੱਕ ਵਾਹਿਗੁਰੂ ਹੀ ਸਭ ਮਨੁੱਖਾਂ ਦਾ ਮਾਤਾ-ਪਿਤਾ ਤੇ ਬੰਧਪ ਭਰਾਤਾ ਹੈ, ਦੇਸ਼ਾਂ ਦੀਆਂ ਵੰਡਾਂ ਮਸਨੂਈ ਹਨ, ਵਿਵਹਾਰਕ ਪ੍ਰਬੰਧ ਲਈ ਹਨ। ਜਾਤਾਂ ਪਾਤਾਂ, ਧਰਮਾਂ, ਅਮੀਰੀ-ਗਰੀਬੀ ਦੇ ਆਧਾਰ 'ਤੇ ਵੈਰ-ਵਿਰੋਧ ਤੇ ਨਫਰਤ ਮਨੁੱਖੀ ਹੋਣੀ ਅਤੇ ਉਸ ਦੀ ਤਰੱਕੀ ਅਤੇ ਸੁਖ-ਸ਼ਾਂਤੀ ਦੇ ਉਲਟ ਹਨ। ਵਾਹਿਗੁਰੂ ਦੀ ਹੋਂਦ ਦਾ ਅਨੁਭਵ ਹੀ ਮਨੁੱਖ ਦੀ ਸਫਲ ਯਾਤਰਾ ਦੀ ਕੁੰਜੀ ਹੈ। ਐਸਾ ਅਨੁਭਵ ਹੀ ਗੁਰੂ ਜੀ ਜਪੁਜੀ ਸਾਹਿਬ ਦੇ ਪੰਜਾਂ ਖੰਡਾਂ ਵਿਚ ਦੱਸ ਰਹੇ ਹਨ। 'ਧਰਮ ਖੰਡ' ਵਿਚ ਮਨੁੱਖ ਦੇ ਸਹੀ ਲਕਸ਼ ਸੱਚੇ ਧਰਮ ਦਾ ਜ਼ਿਕਰ ਹੈ। ਇਸ ਵਿਚ ਉਸ ਦੀ ਸੰਸਾਰ ਯਾਤਰਾ ਨੂੰ ਸਹੀ ਦਿਸ਼ਾ ਪ੍ਰਦਾਨ ਕੀਤੀ ਗਈ ਹੈ। ਇਸ ਪਉੜੀ ਵਿਚ ਸੰਸਾਰ ਅਤੇ ਬ੍ਰਹਿਮੰਡ ਵਿਚ ਵਿਅਪਕ ਰੱਬੀ ਕਾਨੂੰਨ ਦਾ ਜ਼ਿਕਰ ਹੈ ਜਿਸ ਦੀ ਸੋਝੀ ਅਤੇ ਸਮਝ ਮਨੁੱਖੀ ਯਾਤਰਾ ਨੂੰ ਸਹੀ ਮਾਰਗ 'ਤੇ ਤੋਰਦੀ ਹੈ, ਅਗਿਆਨ ਵਿਚ ਵਿਚਰਦਾ ਦਿਸ਼ਾ-ਹੀਣ ਮਨੁੱਖ ਔਝੜੇ ਰਾਹੇ ਪੈ ਕੇ ਆਪ ਦੁਖੀ ਹੁੰਦਾ ਹੈ ਅਤੇ ਦੂਜਿਆਂ ਦੇ ਦੁਖ ਦਾ ਕਾਰਨ

ਬਣਦਾ ਹੈ। ਗੁਰੂ ਜੀ ਮਨੁੱਖ ਦਾ ਮਾਰਗ-ਦਰਸ਼ਨ ਕਰਦੇ ਇਸ ਬ੍ਰਹਿਮੰਡ ਵਿਚ ਵਿਆਪਕ ਦੈਵੀ-ਹੁਕਮ ਦੀ ਵਿਆਪਕਤਾ ਸਮਝਾਉਂਦੇ ਦੱਸਦੇ ਹਨ ਕਿ ਰੱਬੀ ਕਾਨੂੰਨ, ਪ੍ਰਭੂ ਹੁਕਮ ਅਨੁਸਾਰ ਇਸ ਬ੍ਰਹਿਮੰਡ ਦੀ ਰਚਨਾ ਹੋਈ। ਰਾਤਾਂ, ਰੁੱਤਾਂ, ਥਿੱਤਾਂ, ਵਾਰਾਂ ਆਦਿ ਦੇ ਮੰਡਲ ਵਿਚ ਹਵਾ, ਪਾਣੀ, ਅੱਗ, ਪੰਜ ਤੱਤ ਦੈਵੀ ਹੁਕਮ ਅਨੁਸਾਰ ਮਨੁੱਖ ਦੀ ਕਿਰਿਆ ਨੂੰ ਚਲਾ ਰਹੇ ਹਨ। ਖੰਡਾਂ, ਬ੍ਰਹਿਮੰਡਾਂ ਦੇ ਬੇਅੰਤ ਪਸਾਰ ਵਿਚ ਇਹ ਧਰਤੀ ਸਥਿਤ ਹੈ, ਇਹ ਜਾਣੋ ਲਕਸ਼ ਦੀ ਪ੍ਰਾਪਤੀ ਲਈ, ਮਨੁੱਖ ਲਈ ਧਰਮ ਕਮਾਉਣ ਲਈ, ਧਰਮ-ਸ਼ਾਲਾ ਹੈ। ਸਾਰੇ ਖੰਡ, ਬ੍ਰਹਿਮੰਡ, ਪਉਣ, ਪਾਣੀ, ਅਗਨੀ ਜੀਵ-ਜੰਤ ਉਸ ਪਰਮਾਤਮਾ ਦੀ ਕਿਰਤ ਹਨ ਅਤੇ ਉਸ ਦੇ ਹੁਕਮ ਵਿਚ ਕਿਰਿਆਸ਼ੀਲ ਹਨ:

*ਰਾਤੀ ਰੁਤੀ ਥਿਤੀ ਵਾਰ॥*
*ਪਵਣ ਪਾਣੀ ਅਗਨੀ ਪਾਤਾਲ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥* *(ਪੰਨਾ ੭)*

ਧਰਤੀ ਦੀ ਸਥਾਪਨਾ ਅਤੇ ਜੀਆਂ ਦੀ ਹੋਂਦ ਰੱਬੀ ਹੁਕਮ ਵਿਚ ਹੋਈ ਅਤੇ ਉਹ ਸਭ ਰੱਬੀ ਹੁਕਮ ਵਿਚ ਕਿਰਿਆਸ਼ੀਲ ਹਨ। ਇਹ ਵਿਚਾਰ ਜਪੁਜੀ ਸਾਹਿਬ ਦੇ ਅਰੰਭ ਵਿਚ ਆ ਚੁੱਕਾ ਹੈ:

*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥*
*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥* *(ਪੰਨਾ ੧)*

ਭਾਵ ਇਹ ਹੈ:

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥* *(ਪੰਨਾ ੧)*

ਧਰਮ ਖੰਡ ਵਿਚ ਗੁਰੂ ਮਹਾਰਾਜ ਦੱਸ ਰਹੇ ਹਨ:

*ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥*
*ਤਿਨ ਕੇ ਨਾਮ ਅਨੇਕ ਅਨੰਤ॥* *(ਪੰਨਾ ੭)*

ਅਰਥਾਤ ਕੁਦਰਤ ਦੇ ਇਸ ਪਸਾਰੇ ਵਿਚ ਕਈ ਪ੍ਰਕਾਰ ਦੇ ਅਤੇ ਕਈ ਰੰਗਾਂ-ਰੂਪਾਂ ਅਤੇ ਨਾਂਵਾਂ ਵਾਲੇ ਜੀਵ ਹਨ। ਇਸ ਦਾ ਵਿਸਥਾਰ ਪਉੜੀ ੧੬, ੧੭, ੧੮, ੧੯ ਵਿਚ ਹੋ ਚੁੱਕਾ ਹੈ:

*-ਜੀਅ ਜਾਤਿ ਰੰਗਾ ਕੇ ਨਾਵ॥ ਸਭਨਾ ਲਿਖਿਆ ਵੁੜੀ ਕਲਾਮ ॥* *(ਪੰਨਾ ੩)*
*-ਅਸੰਖ ਜਪ ਅਸੰਖ ਭਾਉ॥ ਅਸੰਖ ਪੂਜਾ ਅਸੰਖ ਤਪ ਤਾਉ॥* *(ਪੰਨਾ ੩)*
*-ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮਖੋਰ॥* *(ਪੰਨਾ ੪)*
*-ਅਸੰਖ ਨਾਵ ਅਸੰਖ ਥਾਵ॥ . . .* *(ਪੰਨਾ ੪)*

ਮਨੁੱਖ ਜਾਤੀ ਦੀਆਂ ਅਨੇਕ ਵੰਨਗੀਆਂ ਦੱਸ ਕੇ ਨਿਰਣਾ ਇਹ ਦਿੱਤਾ ਹੈ:

*ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥*
*ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥* *(ਪੰਨਾ ੪)*

ਅਰਥਾਤ ਬੇਅੰਤ ਕੁਦਰਤ ਦਾ ਕਥਨ ਕਰ ਸਕਣਾ ਬਹੁਤ ਕਠਿਨ ਹੈ। ਇਹ ਰੱਬੀ ਖੇਡ ਹੈ, ਸਾਰਾ ਬ੍ਰਹਿਮੰਡ ਸਣੇ ਮਨੁੱਖ ਦੇ ਰੱਬੀ ਹੁਕਮ ਵਿਚ ਕਿਰਿਆਸ਼ੀਲ ਹੈ, ਜੋ ਹੁਕਮ ਵਿਚ ਕਿਰਿਆਸ਼ੀਲ ਹੈ ਉਹ ਸੁਖੀ ਹੈ, ਜੋ ਹੁਕਮ ਤੋਂ ਆਕੀ ਹੈ, ਉਹ ਦੁਖੀ ਹੈ ਤੇ ਦੂਜਿਆਂ ਲਈ ਦੁਖ ਦਾ ਕਾਰਨ ਹੈ:

ਧਰਮ ਖੰਡ ਦਾ ਅਗਲਾ ਸਿਧਾਂਤ ਇਹ ਹੈ:

*ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥* *(ਪੰਨਾ ੭)*

ਅਰਥਾਤ ਇਸ ਧਰਤੀ ਉੱਤੇ ਵਿਚਰਦੇ ਮਨੁੱਖ ਦੀ ਹੋਣੀ ਉਸ ਦੇ ਕੀਤੇ ਕਰਮਾਂ ਅਨੁਸਾਰ ਲਿਖੀ ਅਤੇ ਨਜਿੱਠੀ ਜਾਂਦੀ ਹੈ, ਜੋ ਮਨੁੱਖ ਕਰਦਾ ਹੈ ਉਸ ਦਾ ਹੀ ਫ਼ਲ ਭੋਗਦਾ ਹੈ, ਹਰ ਕਰਮ ਦਾ ਪ੍ਰਤੀਕਰਮ ਸੁੱਤੇਸਿੱਧ ਹੋ ਰਿਹਾ ਹੈ। ਮਨ ਕਰਕੇ, ਬਚਨਾਂ ਕਰਕੇ ਜਾਂ ਸਰੀਰਕ ਕਿਰਿਆ ਰਾਹੀਂ ਹਰੇਕ ਮਨੁੱਖ ਹਰ ਸਮੇਂ ਕਿਰਿਆਸ਼ੀਲ ਹੈ। ਕਰਮਾਂ ਦੇ ਸੰਸਕਾਰ ਬਣਦੇ ਹਨ ਤੇ ਸੰਸਕਾਰਾਂ ਤੋਂ ਸੁਭਾਅ ਬਣਦਾ ਹੈ, ਜਿਸ ਦੇ ਪ੍ਰਭਾਵ ਹੇਠ ਮਨੁੱਖ ਚੰਗੇ-ਮਾੜੇ ਕਰਮਾਂ ਵਿਚ ਰੁੱਝਿਆ ਹੋਇਆ ਹੈ। ਇਹ ਵੀ ਰੱਬੀ ਖੇਡ ਦਾ ਹੀ ਅੰਗ ਹੈ, ਰੱਬੀ ਕਾਨੂੰਨ ਦਾ ਹਿੱਸਾ ਹੈ। ਹਰੇਕ ਮਨੁੱਖ ਦੇ ਅੰਦਰ ਹਉਮੈਂ ਦਾ ਅੰਸ਼ ਵੀ ਰੱਬੀ ਹੁਕਮ ਅਨੁਸਾਰ ਹੈ। ਹਉਮੈਂ ਦਾ ਅੰਸ਼ ਮਨੁੱਖ ਅੰਦਰ ਦ੍ਵੈਤ ਭਾਵ ਪੈਦਾ ਕਰਦਾ ਹੈ, ਸੁਤੰਤਰ ਹੋਂਦ ਦਾ ਵਿਚਾਰ ਪੈਦਾ ਹੁੰਦਾ ਹੈ, ਮੈਂ, ਮੇਰੀ, ਹੰਗਤਾ, ਮਮਤਾ ਪੈਦਾ ਹੁੰਦੇ ਹਨ ਤੇ ਮਨੁੱਖ ਹਉਮੈਂ ਦੇ ਸਿਰਜੇ ਸੰਸਾਰ ਵਿਚ ਵਿਲੀਨ ਹੋ ਜਾਂਦਾ ਹੈ। ਜਿਵੇਂ-ਜਿਵੇਂ ਹਉਮੈਂ ਵਧਦੀ ਹੈ ਮਨੁੱਖ ਰੱਬੀ ਹੁਕਮ ਤੋਂ ਦੂਰ ਹੁੰਦਾ ਜਾਂਦਾ ਹੈ। ਧਰਮ ਖੰਡ ਦੇ ਇਸ ਕਾਨੂੰਨ ਦਾ ਜ਼ਿਕਰ ਪਹਿਲਾਂ ਪਉੜੀ ੨੦ ਵਿਚ ਇਸ ਪ੍ਰਕਾਰ ਹੋਇਆ ਹੈ:

*ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥*
*ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥* *(ਪੰਨਾ ੪)*

ਸੰਸਾਰ ਦੀ ਬਹੁ ਗਿਣਤੀ ਧਰਮ ਖੰਡ ਦੇ ਇਸ ਦੈਵੀ ਕਾਨੂੰਨ ਵਿਚ ਹੀ ਕਿਰਿਆਸ਼ੀਲ ਹੈ ਅਤੇ ਦੁਖ ਭੋਗਦੀ ਜੰਮਦੀ-ਮਰਦੀ ਰਹਿੰਦੀ ਹੈ। ਏਥੇ ਇਕ ਹੋਰ ਵਿਚਾਰ ਇਹ ਆਇਆ ਹੈ:

*ਸਚਾ ਆਪਿ ਸਚਾ ਦਰਬਾਰੁ॥* *(ਪੰਨਾ ੭)*

ਇਸ ਦੇ ਸਾਧਾਰਨ ਅਰਥ ਇਹ ਕੀਤੇ ਜਾਂਦੇ ਹਨ- ਉਹ ਮਾਲਕ ਆਪ ਸੱਚਾ ਹੈ, ਉਸ ਦਾ ਦਰਬਾਰ ਵੀ ਸੱਚਾ ਹੈ।

*ਤਿਥੈ ਸੋਹਨਿ ਪੰਚ ਪਰਵਾਣੁ॥ ਨਦਰੀ ਕਰਮਿ ਪਵੈ ਨੀਸਾਣੁ॥*
*ਕਚ ਪਕਾਈ ਓਥੈ ਪਾਇ॥ ਨਾਨਕ ਗਇਆ ਜਾਪੈ ਜਾਇ॥* *(ਪੰਨਾ ੭)*

ਅਰਥਾਤ ਪਰਮਾਤਮਾ ਦੇ ਸੱਚੇ ਦਰਬਾਰ ਵਿਚ ਪਰਵਾਣ ਹੋਏ, ਪੁੱਗੇ ਹੋਏ ਸ੍ਰੇਸ਼ਠ ਜੀਵ, ਪੰਚ, ਸੋਭਾ ਪਾਉਂਦੇ ਹਨ। ਉਸ ਦਰਬਾਰ ਵਿਚ ਪਰਮਾਤਮਾ ਦੀ ਬਖ਼ਸ਼ਿਸ਼ ਦੇ ਪਾਤਰ ਬਣੇ ਪੰਚ ਜਨ, ਪਰਵਾਨਗੀ ਦਾ ਨਿਸ਼ਾਨ ਹਾਸਲ ਕਰਦੇ ਹਨ। ਮਨੁੱਖ ਦੀ

ਭਗਤੀ, ਕੀਤੇ ਕਰਮਾਂ ਦੀ ਕਚਿਆਈ ਅਤੇ ਪਕਿਆਈ ਦਾ ਗਿਆਨ ਅਤੇ ਨਿਰਣਾ ਇਸ ਸੱਚੇ ਦਰਬਾਰ ਵਿਚ ਹੰਦਾ ਹੈ। ਇਸ ਦਾ ਭੇਦ ਵੀ ਇੱਥੇ ਪੁੱਜਿਆਂ ਹੀ ਖੁੱਲ੍ਹਦਾ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਵਰਗੇ ਅਨੁਭਵੀ ਮਹਾਂਪੁਰਸ਼ਾਂ ਦੀ ਸੱਚੇ ਦਰਬਾਰ ਦੀ ਵਿਆਖਿਆ ਸੱਚ ਦੇ ਵਧੇਰੇ ਨੇੜੇ ਹੈ। ਇਹ ਉਲੇਖ 'ਰਾਣਾ ਸੂਰਤ ਸਿੰਘ' ਵਿਚ ਪ੍ਰਾਪਤ ਹੈ। ਜਿਹੜੇ ਪੰਚ ਇਸ ਦਰਬਾਰ ਵਿਚ ਪਰਵਾਨ ਚੜ੍ਹਦੇ ਹਨ, ਉਨ੍ਹਾਂ ਦੀ ਸ਼ਖ਼ਸੀਅਤ ਦੀ ਘਾੜਤ, ਜਪੁਜੀ ਸਾਹਿਬ ਦੀਆਂ ਪਹਿਲੀਆਂ ੩੩ ਪਉੜੀਆਂ ਵਿਚ ਘੜੀ ਹੈ। ਐਸੇ ਨਾਮ-ਅਭਿਆਸੀ, *ਸੁਣਿਆ ਮੰਨਿਆ ਮਨਿ ਕੀਤਾ ਭਾਉ* ਦੀ ਅਵਸਥਾ ਲੰਘ ਕੇ ਪੰਚ ਦੀ ਪਦਵੀ ਪ੍ਰਾਪਤ ਕਰਦੇ ਹਨ ਤੇ ਪਰਵਾਨ ਚੜ੍ਹਦੇ ਹਨ। ਗੁਰਬਾਣੀ ਵਿਚ ਧਰਮ ਦੀ ਵਿਆਖਿਆ ਕਰਦਿਆਂ ਇਸ ਸਰੀਰ ਨੂੰ ਹੀ ਧਰਮ ਕਮਾਉਣ ਦਾ ਅਸਥਾਨ ਦੱਸਿਆ ਹੈ। ਇਸ ਸਰੀਰ ਵਿਚ ਹੀ ਅਨਮੋਲ ਰਤਨ ਲੁਕ ਰਹੇ ਹਨ ਜੋ ਗੁਰੂ ਦੀ ਅਗਵਾਈ ਹੇਠ ਨਾਮ-ਜਪ-ਸਿਮਰਨ ਦੀ ਕਮਾਈ ਰਾਹੀਂ ਪ੍ਰਾਪਤ ਹੋ ਸਕਦੇ ਹਨ। ਫੁਰਮਾਨ ਹੈ:

*ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥ (ਪੰਨਾ ੩੦੯)*

ਇਹ ਸਰੀਰ ਧਰਮ ਕਮਾਉਣ ਲਈ, ਨਾਮ-ਜਪੁ-ਸਿਮਰਨ ਰਾਹੀਂ ਧਰਮ ਦੀਆਂ ਪਉੜੀਆਂ ਚੜ੍ਹਨ ਲਈ ਪ੍ਰਾਪਤ ਹੋਇਆ ਹੈ। ਸਾਡਾ ਸਾਰਾ ਆਲਾ-ਦੁਆਲਾ ਪਉਣ, ਪਾਣੀ, ਅਗਨੀ, ਚੰਦ, ਸੂਰਜ, ਧਰਤੀ, ਖੰਡ-ਬ੍ਰਹਿਮੰਡ ਸਭ ਰੱਬੀ ਭੈਅ, ਰੱਬੀ ਹੁਕਮ ਅਰਥਾਤ ਧਰਮ ਵਿਚ ਕਿਰਿਆਸ਼ੀਲ ਹਨ, ਮਨੁੱਖ ਦਾ ਵੀ ਰੱਬੀ ਹੁਕਮ ਵਿਚ ਕਿਰਿਆਸ਼ੀਲ ਹੋਣਾ ਉਸ ਦਾ ਧਰਮ ਹੈ। ਧਰਮ ਖੰਡ ਵਿਚ ਐਸੀ ਸੋਝੀ ਪ੍ਰਦਾਨ ਕੀਤੀ ਹੈ।

ਧਰਮ ਖੰਡ ਵਿਚ ਪਰਵਾਨ ਚੜ੍ਹੇ ਪੰਚ ਦਾ ਅਗਲਾ ਪੜਾਅ ਗਿਆਨ ਖੰਡ ਹੈ। ਇਹ ਪ੍ਰਭੂ ਦੀ ਅਨੰਤਤਾ ਅਤੇ ਬੇਅੰਤਤਾ ਦਾ ਖੰਡ ਹੈ। ਪਹਿਲਾ ਖੰਡ ਧਰਮ ਖੰਡ ਇਸ ਧਰਤੀ ਦੇ ਚਲਨ ਦਾ ਬਖਾਨ ਕਰਦਾ ਹੈ। ਧਰਮ ਖੰਡ ਇਸ ਧਰਤੀ ਦੇ ਪਵਣ, ਪਾਣੀ, ਅਗਨੀ ਦਾ ਜ਼ਿਕਰ ਕਰਦਾ ਹੈ। ਗਿਆਨ ਖੰਡ ਵਿਚ ਅਨੇਕਾਂ ਖੰਡ ਹਨ ਅਤੇ ਕੇਤੇ ਪਵਨ ਪਾਣੀ ਬੈਸੰਤਰ ਦਾ ਜ਼ਿਕਰ ਹੈ। ਸਾਡੀ ਧਰਤੀ ਇਕ ਕਰਮ ਭੂਮੀ ਹੈ, ਗਿਆਨ ਖੰਡ ਦੇ ਅਨੁਭਵ ਵਿਚ *ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ* ਦਾ ਵਿਸਥਾਰ ਹੈ। ਗਿਆਨ ਖੰਡ ਵਿਚ ਪੰਚ ਦਾ ਅਨੁਭਵ ਰੱਬੀ ਵਿਸ਼ਾਲਤਾ ਅਤੇ ਅਨੰਤਤਾ ਨੂੰ ਮਾਣਦਾ ਹੈ। ਇਸ ਅਨੁਭਵ ਵਿਚ ਇਹ ਸੋਝੀ ਹੁੰਦੀ ਹੈ ਕਿ ਪ੍ਰਭੂ ਦੁਆਰਾ ਅਨੇਕਾਂ ਬ੍ਰਹਮਿਆਂ ਦੀ ਘਾੜਤ ਘੜੀ ਜਾ ਰਹੀ ਹੈ। ਅਨੇਕਾਂ ਸੂਰਜਾਂ ਤਾਰਿਆਂ ਦੇ ਮੰਡਲ *ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ* ਅਨੇਕਾਂ ਸਿਧ, ਬੁੱਧੀਮਾਨ, ਜੋਗੀ, ਰਿਸ਼ੀ, ਮੁਨੀ, ਕਈ ਪ੍ਰਕਾਰ ਦੇ ਅਨਮੋਲ ਰਤਨ ਅਤੇ ਵਿਸ਼ਾਲ ਸਮੁੰਦਰ, ਪਰਵਾਨ ਚੜ੍ਹੇ ਪੰਚ ਦੇ ਅਨੁਭਵ ਵਿਚ ਆਉਂਦੇ ਹਨ। ਉਹ ਰੱਬੀ ਕਾਇਨਾਤ ਦੀ ਵਿਸ਼ਾਲਤਾ ਵਿੱਚੋਂ ਪ੍ਰਭੂ

ਦੇ ਹੀ ਦਰਸ਼ਨ-ਦੀਦਾਰ ਕਰਦਾ ਹੈ ਤੇ ਬਲਿਹਾਰ ਜਾਂਦਾ ਹੈ। ਉਸ ਨੂੰ *ਬਲਿਹਾਰੀ ਕੁਦਰਤ ਵਸਿਆ* ਦਾ ਸਾਕਾਰਤਮਕ ਅਨੁਭਵ ਹੁੰਦਾ ਹੈ। ਇਸ ਧਰਤੀ ਤੋਂ ਉਪਜਦੀਆਂ ਚਾਰ ਖਾਣੀਆਂ: ਅੰਡਜ, ਜੇਰਜ, ਸੇਤਜ ਤੇ ਉਤਭੁਜ ਮੰਨੀਆਂ ਜਾਂਦੀਆਂ ਹਨ, ਪਰ ਗਿਆਨ ਖੰਡ ਵਿਚ ਅਨੇਕਾਂ ਖਾਣੀਆਂ, ਅਨੇਕਾਂ ਬਾਣੀਆਂ ਦਾ ਅਨੁਭਵ ਹੁੰਦਾ ਹੈ:

*ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥*
*ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥* *(ਪੰਨਾ ੭)*

ਗਿਆਨ ਖੰਡ ਗਿਆਨ ਦੇ ਪ੍ਰਕਾਸ਼ ਦਾ ਖੰਡ ਹੈ, ਜਿੱਥੇ ਪ੍ਰਭੂ ਦੀ ਵਿਸ਼ਾਲ ਕੁਦਰਤ ਅਤੇ ਅਨੰਤ ਪਸਾਰੇ ਦੇ ਪ੍ਰਤੱਖ ਦਰਸ਼ਨ-ਦੀਦਾਰ ਦੀ ਬਖ਼ਸ਼ਿਸ਼ ਹੁੰਦੀ ਹੈ। ਸਾਇੰਸਦਾਨਾਂ ਦੀਆਂ ਦੂਰਬੀਨਾਂ ਵੀ ਕੁਝ ਕੁਝ ਐਸੀ ਝਲਕ ਪ੍ਰਾਪਤ ਕਰਨ ਵਿਚ ਸਹਾਇਕ ਸਿੱਧ ਹੋਈਆਂ ਹਨ, ਪਰ ਸੈਂਕੜੇ ਅਤੇ ਹਜ਼ਾਰਾਂ ਸਾਲਾਂ ਦੀ ਖੋਜ ਇਸ ਵਿਸ਼ਾਲਤਾ ਦਾ ਅੰਸ਼ ਮਾਤਰ ਹੀ ਜਾਣਨ ਵਿਚ ਸਫਲ ਹੋਈ ਹੈ, ਜਦ ਕਿ ਅੰਦਰ ਦੀ ਯਾਤਰਾ ਦੇ ਉਪਾਸਕ ਪੰਚ ਪਦਵੀ ਨੂੰ ਪ੍ਰਾਪਤ ਭਗਤ ਨੂੰ ਇਸ ਵਿਸ਼ਾਲਤਾ ਦੇ ਸੱਚੇ ਦਰਸ਼ਨ ਦੀਦਾਰ ਅਤੇ ਹੋਰ ਅਨੰਦਮਈ ਤਮਾਸ਼ੇ ਤੇ ਕੌਤਕਾਂ ਅਤੇ ਵਿਸਮਾਦਮਈ ਅਨਹਦ ਧੁਨੀਆਂ ਦਾ ਅਨੁਭਵ ਪ੍ਰਤੱਖ ਅਤੇ ਸੁੱਤੇਸਿਧ ਹੋ ਜਾਂਦਾ ਹੈ। ਗਿਆਨ ਖੰਡ ਦਾ ਲਕਸ਼ ਗੁਰੂ ਜੀ ਨੇ ਇਹ ਦੱਸਿਆ ਹੈ:

*ਗਿਆਨ ਖੰਡ ਮਹਿ ਗਿਆਨੁ ਪਰਚੰਡੁ॥ ਤਿਥੈ ਨਾਦ ਬਿਨੋਦ ਕੋਡ ਅਨੰਦੁ॥*
*(ਪੰਨਾ ੭)*

ਅਨੁਭਵੀ ਗਿਆਨ, ਪਰਮਾਤਮਾ ਰਚਨਾ ਦੀ ਵਿਸ਼ਾਲਤਾ, ਕਿਰਿਆਸ਼ੀਲਤਾ ਅਸਚਰਜ ਕੌਤਕਾਂ, ਬ੍ਰਹਿਮੰਡ ਵਿਚ ਹੋ ਰਹੀਆਂ, ਅਨੰਦਮਈ ਧੁਨੀਆਂ ਦਾ ਗਿਆਨ ਹੈ। ਇਹ ਅੰਦਰ ਦਾ ਪ੍ਰਕਾਸ਼ ਹੈ ਜੋ ਪਰਮਾਤਮਾ ਦੀ ਨਿਕਟਤਾ ਤੋਂ ਪ੍ਰਾਪਤ ਹੁੰਦਾ ਹੈ। ਪ੍ਰਭੂ ਨਿਕਟਤਾ ਕਾਰਨ ਪ੍ਰਭੂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਆਪਣੇ ਬ੍ਰਹਿਮੰਡ ਦਾ ਪ੍ਰਕਾਸ਼ ਪੰਚ ਦੇ ਪਿੰਡ ਵਿਚ ਹੀ ਬਖ਼ਸ਼ ਦਿੰਦਾ ਹੈ, ਜਿਸ ਦਾ ਜ਼ਿਕਰ ਭਗਤ ਪੀਪਾ ਜੀ ਨੇ ਕੀਤਾ ਹੈ:

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥*
*ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥* *(ਪੰਨਾ ੬੯੫)*

ਧਰਮ ਖੰਡ ਦੀ ਘਾਲਣਾ ਸਦਕਾ ਸਾਧਕ ਗਿਆਨ ਖੰਡ ਵਿਚ ਪ੍ਰਵੇਸ਼ ਕਰਦਾ ਹੈ, 'ਪੰਚ ਪਦ' ਦਾ ਧਾਰਨੀ ਸਾਧਕ ਜਦੋਂ ਪਰਮਾਤਮਾ ਦੇ ਵਿਸ਼ਾਲ ਬ੍ਰਹਿਮੰਡ ਦੇ ਅਦਭੁਤ ਨਜ਼ਾਰੇ ਅੰਦਰ ਅਤੇ ਬਾਹਰ ਮਾਣਦਾ ਹੈ ਤਾਂ ਸੱਚਖੰਡ ਦੇ ਬਹੁਤ ਬਲਵਾਨ ਹੋ ਜਾਂਦੀ ਹੈ, ਉਹ ਪੂਰੇ ਬਲ ਨਾਲ ਘਾਲਣਾ ਘਾਲਣ ਲਈ ਤੱਤਪਰ ਹੋ ਜਾਂਦਾ ਹੈ।

ਸਰਮ ਖੰਡ ਐਸੀ ਨਾਮ ਘਾਲਣਾ, ਨਾਮ ਸਾਧਨਾ ਅਤੇ ਕਮਾਈ ਦਾ ਖੰਡ ਹੈ ਜਿਸ ਵਿਚ ਪੰਚ ਗੁਰੂ ਮਿਹਰ ਸਦਕਾ, ਪੂਰੀ ਲਗਨ, ਪੂਰੀ ਤਨਦੇਹੀ ਨਾਲ ਅੱਗੇ ਵਧਣ

ਲਈ ਤੱਤਪਰ ਹੋ ਕੇ ਮਿਹਨਤ ਕਰਦਾ ਹੈ। ਉਸ ਉੱਪਰ ਆਪਣੇ ਲਕਸ਼ ਦੀ ਪ੍ਰਾਪਤੀ ਦੀ ਧੁਨ ਸਵਾਰ ਹੋ ਜਾਂਦੀ ਹੈ। ਇਹ ਸਭ ਕੁਝ ਹਉਂ ਆਸ਼ਰਿਤ ਨਹੀਂ, ਗੁਰੂ-ਆਸ਼ਰਿਤ ਹੁੰਦਾ ਹੈ। ਹੁਣ ਉਸ ਨੂੰ ਦੁਨੀਆ ਦੀ ਕੋਈ ਖਿੱਚ ਆਪਣੇ ਲਕਸ਼ ਤੋਂ ਹੋੜ ਨਹੀਂ ਸਕਦੀ। ਵਿਸ਼ਵਾਸ ਦੀ ਦ੍ਰਿੜ੍ਹਤਾ ਨਾਲ ਉਹ ਪ੍ਰਭੂ-ਮਿਲਾਪ ਲਈ ਘਾਲਣਾ ਘਾਲਦਾ ਅੱਗੇ ਵੱਧਦਾ ਹੈ। ਇਸ ਘਾਲਣਾ ਵਿੱਚੋਂ ਉਸ ਨੂੰ ਵਿਸਮਾਦਜਨਕ ਅਨੰਦ ਆਉਂਦਾ ਹੈ। ਇਸ ਖੰਡ ਦਾ ਮੁੱਖ ਲਕਸ਼ ਸੁੰਦਰਤਾ ਹੈ। ਨਾਮ ਦੀ ਘਾਲਣਾ ਵਿਚ ਜਗਿਆਸੂ ਦਾ ਅਤੀ ਸੁੰਦਰ ਸਰੂਪ ਘੜਿਆ ਜਾਂਦਾ ਹੈ। ਇੱਥੇ ਪੁੱਜਿਆਂ ਦੀ ਸੁਰਤਿ, ਮਤ, ਮਨ ਅਤੇ ਬੁੱਧੀ ਨੂੰ ਸੱਚੀ ਟਕਸਾਲ ਵਿਚ ਨਿਰਮਲ, ਸੁਧ, ਸੁੰਦਰ, ਸਰੂਪ ਪ੍ਰਾਪਤ ਹੁੰਦਾ ਹੈ। ਮਨ ਵਿਚ ਅਡੋਲਤਾ, ਸਹਜ ਅਤੇ ਅਨੰਦ ਆ ਵੱਸਦਾ ਹੈ। ਇਸ ਖੰਡ ਵਿਚ ਬਿਬੇਕ ਬੁੱਧੀ ਅਤੇ ਉੱਚੀ ਸੁਰਤਿ ਦੀ ਬਖ਼ਸ਼ਿਸ਼ ਹੁੰਦੀ ਹੈ। ਇਸ ਦਾ ਬਿਆਨ ਕਰਨਾ ਬੜਾ ਕਠਿਨ ਹੈ। ਸਰਮ ਖੰਡ ਦਾ ਵਿਸ਼ੇਸ਼ ਲਕਸ਼ ਇਹ ਹੈ:

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥* *(ਪੰਨਾ ੮)*

ਨਿਰਮਲ ਹੋਏ ਮਨਿ ਬੁਧਿ ਵਿੱਚੋਂ ਇਹ ਅਨੁਭਵ ਉਜਾਗਰ ਹੁੰਦਾ ਹੈ ਕਿ ਅਗਲਾ ਪੈਂਡਾ, ਸੱਚਖੰਡ ਦਾ ਮਾਰਗ ਕੇਵਲ ਅਤੇ ਕੇਵਲ ਬਖ਼ਸ਼ਿਸ਼ ਦਾ ਮਾਰਗ ਹੈ। ਬਖ਼ਸ਼ਿਸ਼ ਮੰਗਦਾ, ਉਹ ਬਖ਼ਸ਼ਿਸ਼ ਦਾ ਰੂਪ ਹੋ ਜਾਂਦਾ ਹੈ ਅਤੇ ਬਖ਼ਸ਼ਿਸ਼ ਦੇ ਖੰਡ ਵਿਚ ਜਾ ਪ੍ਰਵੇਸ਼ ਕਰਦਾ ਹੈ। ਕਰਮ ਖੰਡ ਐਸਾ ਹੀ ਬਖ਼ਸ਼ਿਆ ਹੋਇਆਂ ਦਾ ਖੰਡ ਜਾਂ ਮੰਡਲ ਹੈ। ਇਸ ਮੰਡਲ ਵਿਚ ਸੂਰੇ, ਵਰਿਆਮ ਵੱਸਦੇ ਹਨ, ਪ੍ਰਭੂ ਨਾਮ ਦੇ ਸੂਰੇ ਜਿਨ੍ਹਾਂ ਬਾਰੇ ਗੁਰਬਾਣੀ ਵਿਚ ਕਿਹਾ ਹੈ:

*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥*
*ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥* *(ਪੰਨਾ ੬੭੯)*

ਇਸ ਖੰਡ ਵਿਚ ਦਵੰਦ-ਬਿਰਤੀ ਵਾਲੇ, ਡੋਲ ਜਾਣ ਵਾਲੇ ਤੇ ਕੱਚੇ ਕਮਜ਼ੋਰਾਂ ਦੀ ਕੋਈ ਥਾਂ ਨਹੀਂ। ਇਹ ਅਸਥਾਨ ਕਰੜੀ ਘਾਲਣਾ ਪਿੱਛੋਂ ਬਖਸ਼ਿਸ਼ ਨੂੰ ਪ੍ਰਾਪਤ ਹੋਏ ਮਨੁੱਖਾਂ ਲਈ ਹੈ, ਜਿਨ੍ਹਾਂ ਬਾਰੇ ਅੰਤਲੇ ਸਲੋਕ ਵਿਚ ਇੰਜ ਇਸ ਤਰ੍ਹਾਂ ਕਿਹਾ ਗਿਆ ਹੈ:

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥* *(ਪੰਨਾ ੮)*

ਕਰਮ ਖੰਡ ਵਿਚ ਐਸੇ ਉੱਜਲੇ ਮੁਖ਼ ਵਾਲੇ ਸੂਰਮਿਆਂ ਦਾ ਵਾਸਾ ਹੈ ਜਿਨ੍ਹਾਂ ਦੇ ਹਿਰਦਿਆਂ ਵਿਚ ਸਰਬ-ਵਿਆਪਕ ਰਾਮ ਵੱਸਦਾ ਹੈ, ਸੱਚ ਨੂੰ ਜਾਣਨ ਵਾਲੇ, ਸੱਚ ਨੂੰ ਅਨੁਭਵ ਕਰਨ ਵਾਲੇ, *ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ* ਵਾਲੀ ਕਸਵੱਟੀ 'ਤੇ ਪੂਰੇ ਉਤਰਨ ਵਾਲੇ ਐਸੇ ਮਹਾਂਬਲੀਆਂ ਦਾ ਮਨ ਚਿੱਤ ਸਦਾ ਹੀ ਰੱਬੀ ਮਹਿਮਾ ਵਿਚ ਸੀਤਾ, ਪਰੋਤਾ ਰਹਿੰਦਾ ਹੈ, ਉਨ੍ਹਾਂ ਦੇ ਸੁੰਦਰ ਸਰੂਪ ਦਾ ਕਥਨ ਨਹੀਂ ਹੋ ਸਕਦਾ।

ਐਸੇ ਬਲਵਾਨ ਜੋਧੇ, ਸੰਤ, ਬਖ਼ਸ਼ਿਸ਼ ਪ੍ਰਾਪਤ ਮਹਾਂਪੁਰਸ਼ ਕਾਲ-ਸੀਮਾ ਤੋਂ ਬਾਹਰ ਹੁੰਦੇ ਹਨ, ਜੰਮਦੇ-ਮਰਦੇ ਨਹੀਂ, ਨਾ ਹੀ ਨੀਂਵਿਆਂ ਮਾਇਕ ਕੌਤਕਾਂ ਨਾਲ ਕਦੇ ਵੀ ਠੱਗੇ ਜਾਂਦੇ ਹਨ, ਅਰਥਾਤ ਉਹ ਨੀਵਾਣ ਵੱਲ ਖਿੱਚੇ ਜਾਣ ਵਾਲੀ ਅਵਸਥਾ ਲੰਘ ਚੁੱਕੇ ਹਨ।

ਇਸ ਖੰਡ ਬਾਰੇ ਅਗਲੀ ਵਿਚਾਰ ਇਹ ਹੈ ਕਿ ਇੱਥੇ ਕਈ ਲੋਕਾਂ ਦੇ ਭਗਤ ਵੱਸਦੇ ਹਨ। ਉਨ੍ਹਾਂ ਦੇ ਹਿਰਦੇ ਵਿਚ ਸੱਚਾ ਪ੍ਰਭੂ ਵੱਸਦਾ ਹੈ ਅਤੇ ਉਹ ਇਸ ਮਿਲਾਪ ਦਾ ਸਦੀਵ ਅਨੰਦ ਮਾਣਦੇ ਹਨ। *ਤਿਥੈ ਭਗਤ ਵਸਹਿ ਕੇ ਲੋਅ* ਦਾ ਸਪਸ਼ਟ ਭਾਵ ਹੈ ਕਿ ਬ੍ਰਹਿਮੰਡ ਵਿਚ ਕਈ ਐਸੇ ਲੋਕ ਹਨ, ਗ੍ਰਹਿ ਹਨ, ਧਰਤੀਆਂ ਹਨ ਜਿੱਥੇ ਜੀਵਨ ਹੈ, ਜਿੱਥੇ ਪ੍ਰਭੂ ਭਗਤੀ ਵਿਚ ਵਿਲੀਨ ਸੰਤ-ਮਹਾਤਮਾ ਵੱਸਦੇ ਹਨ ਅਤੇ 'ਕਰਮ ਖੰਡ' ਵਿਚ ਵਰਣਿਤ ਉੱਚੀਆਂ ਅਵਸਥਾ ਨੂੰ ਪ੍ਰਾਪਤ ਹਨ। ਗਿਆਨ ਖੰਡ ਵਿਚ ਵੀ ਇਹ ਕਿਹਾ ਹੈ ਕਿ ਕਿਤਨੀਆਂ ਹੀ ਕਰਮ-ਧਰਮ ਕਮਾਉਣ ਵਾਲੀਆਂ ਧਰਤੀਆਂ ਹਨ, *ਕੇਤੀਆ ਕਰਮ ਭੂਮੀ,* ਕਿਤਨੇ ਹੀ ਸੂਰਜ, ਚੰਦਰਮੇ, ਤਾਰਿਆਂ ਦੇ ਮੰਡਲ ਅਤੇ ਅਣਗਿਣਤ ਦੇਸ ਹਨ *ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ* ਸੋ ਇਸ ਅਵਸਥਾ ਨੂੰ ਪ੍ਰਾਪਤ ਭਗਤ ਕਈ 'ਲੋਕਾਂ' ਧਰਤੀਆਂ 'ਤੇ ਵਸਦੇ ਹਨ। ਐਸਾ ਹਾਲੀਂ ਸਾਇੰਸ ਦੀ ਲੱਭਤ ਤੋਂ ਬਾਹਰ ਹੈ। ਸਾਡੀ ਸਮਝ ਅਤੇ ਪਹੁੰਚ ਤੋਂ ਬਾਹਰ ਹੈ, ਪਰ ਗੁਰੂ ਵਿਚ ਵਿਸ਼ਵਾਸ ਰੱਖਣ ਵਾਲਿਆਂ ਦਾ ਇਸ ਕਥਨ ਵਿਚ ਪੂਰਾ ਨਿਸਚਾ ਬੱਝਦਾ ਹੈ।

ਅਗਲਾ ਖੰਡ ਸਚਖੰਡ ਹੈ, ਜੋ ਪਰਮਾਤਮਾ ਦਾ, ਨਿਰੰਕਾਰ ਦਾ ਨਿੱਜ ਅਸਥਾਨ ਹੈ, ਜਿੱਥੋਂ ਉਹ ਬ੍ਰਹਿਮੰਡ ਨੂੰ ਪੈਦਾ ਕਰ ਕੇ ਵੇਖਦਾ ਹੈ, ਆਪਣੀ ਕਿਰਤ ਨੂੰ ਹੁਕਮ ਅਨੁਸਾਰ ਸੰਚਾਲਣ ਕਰਦਾ ਹੈ, ਸੰਭਾਲਦਾ ਹੈ, ਮਿਹਰ-ਭਰੀ ਦ੍ਰਿਸ਼ਟੀ ਕਰਦਾ ਹੈ ਅੰਤ ਨਿਹਾਲ ਹੁੰਦਾ ਹੈ। ਇਹ ਸਭ ਕੁਝ ਕਰਨ ਲਈ ਉਸ ਨੂੰ ਕੋਈ ਵਿਸ਼ੇਸ਼ ਉੱਦਮ ਨਹੀਂ ਕਰਨਾ ਪੈਂਦਾ ਅਤੇ ਨਾ ਹੀ ਕੋਈ ਵਿਸ਼ੇਸ਼ ਸਮਾਂ ਲਗਦਾ ਹੈ। *ਕੀਤਾ ਪਸਾਉ ਏਕੋ ਕਵਾਉ* ਅਨੁਸਾਰ ਇਹ ਸਭ ਰਚਨਾ ਇਕ ਫੁਰਨੇ ਦਾ ਪ੍ਰਤੀਕਰਮ ਹੈ। ਇਸ ਫੁਰਨੇ ਨਾਲ ਅਨੇਕਾਂ ਖੰਡਾਂ, ਮੰਡਲਾਂ ਤੇ ਬ੍ਰਹਿਮੰਡਾਂ ਦੀ ਰਚਨਾ ਹੋ ਰਹੀ ਹੈ ਜਿਸ ਦਾ ਕੋਈ ਲੇਖਾ-ਜੋਖਾ ਨਹੀਂ ਹੋ ਸਕਦਾ। ਇਸ ਬੇਅੰਤ ਰਚਨਾ ਵਿਚ ਅਨੇਕਾਂ ਲੋਕਾਂ, ਦੇਸ਼ਾਂ ਅਤੇ ਇਨ੍ਹਾਂ ਵਿਚ ਪ੍ਰਵੇਸ਼ ਕਰਨ ਵਾਲੇ ਬੇਅੰਤ ਜੀਅ ਜੰਤ ਸ਼ਾਮਲ ਹਨ ਜਿਨ੍ਹਾਂ ਦਾ ਕਥਨ ਕਰਨਾ ਬਹੁਤ ਕਠਿਨ ਹੈ। ਇਹ ਸਭ ਰਚਨਾ ਹੁਕਮ ਵਿਚ ਕਿਰਿਆਸ਼ੀਲ ਹੈ। ਨਿਰੰਕਾਰ ਸਭ ਕਿਰਤ ਨੂੰ ਕਿਰਿਆਸ਼ੀਲ ਹੁੰਦਾ ਵੇਖਦਾ ਤੇ ਵਿਗਸਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਸੱਚਖੰਡ ਦੀ ਵਿਥਿਆ ਨੂੰ ਦੱਸਣਾ ਬੜਾ ਕਠਿਨ ਹੈ। ਇਸ ਵਿਆਖਿਆ ਅਨੁਸਾਰ ਜੇ ਨਿਰੰਕਾਰ ਦਾ ਵਾਸਾ 'ਸਚਖੰਡ' ਵਿਚ ਹੈ, ਜਿੱਥੇ ਉਹ ਰਚਨਾ ਰਚਦਾ ਤੇ ਸੰਭਾਲ ਕਰਦਾ ਹੈ, ਤਾਂ ਉਸ ਦੀ ਹੋਂਦ ਇਕ ਵਿਸ਼ੇਸ਼ ਖੰਡ ਵਿਚ ਸੀਮਤ ਹੋ ਜਾਂਦੀ ਹੈ ਜਦਕਿ ਪਰਮਾਤਮਾ ਸਭ ਥਾਂ ਪਰੀਪੂਰਨ ਹੈ। ਐਸੀ ਮੁਸ਼ਕਲ ਸਾਡੀ ਸਰੀਰਕ ਸੀਮਾ ਤੋਂ ਅਤੇ ਸੀਮਤ ਮਨ ਬੁੱਧੀ ਤੋਂ ਪੈਦਾ ਹੁੰਦੀ ਹੈ। ਪਰਮਾਤਮਾ

ਦੀ ਵਚਿੱਤਰ ਲੀਲਾ ਹੈ ਉਹ ਪਰੀਪੂਰਨ ਵੀ ਹੈ, ਨਿਰਲੇਪ ਵੀ ਹੈ। ਉਹ ਸਰਗੁਣ ਵੀ ਹੈ, ਨਿਰਗੁਣ ਵੀ:

*ਨਿਰਗੁਨੁ ਆਪਿ ਸਰਗੁਨੁ ਭੀ ਓਹੀ॥*
*ਕਲਾ ਧਾਰਿ ਜਿਨਿ ਸਗਲੀ ਮੋਹੀ॥* *(ਪੰਨਾ ੨੮੭)*

ਇਹ ਉਸ ਦੀ ਕਲਾ ਹੈ ਜਿਸ ਤੋਂ ਵਚਿੱਤਰ ਵਿਚਾਰ ਉਤਪੰਨ ਹੁੰਦੇ ਹਨ। ਜਪੁਜੀ ਸਾਹਿਬ ਵਿਚ ਫੁਰਮਾਇਆ ਹੈ:

*ਗਾਵੈ ਕੋ ਜਾਪੈ ਦਿਸੈ ਦੂਰਿ॥ ਗਾਵੈ ਕੋ ਵੇਖੈ ਹਾਦਰਾ ਹਦੂਰਿ॥* *(ਪੰਨਾ ੧)*

ਉਹ ਪਰੀਪੂਰਨ ਵੀ ਹੈ, ਨਿਰਲੇਪ ਵੀ ਹੈ। ਸ੍ਰਿਸ਼ਟੀ ਦੀ ਰਚਨਾ ਕਰ ਕੇ ਆਪ ਵਿਚ ਪਰੀਪੂਰਨ ਹੋ ਗਿਆ, ਆਸਣ ਜਮਾ ਕੇ ਬੈਠ ਗਿਆ:

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥* *(ਪੰਨਾ ੪੬੩)*

ਉਹ ਰਚਨਹਾਰ ਹੈ, ਕਰਤਾ ਪੁਰਖ ਹੈ, ਉਹ ਰਚਨਾ ਕਰਦਾ ਹੈ ਉਸ ਦਾ ਰੂਪ ਪਰਿਵਰਤਨ ਨਹੀਂ ਹੋਇਆ, ਜਿਵੇਂ ਦੁੱਧ ਤੋਂ ਦਹੀਂ ਬਣ ਜਾਂਦਾ ਹੈ ਤਾਂ ਦੁੱਧ ਦੀ ਹੋਂਦ ਖਤਮ ਹੋ ਜਾਂਦੀ ਹੈ। ਦੁੱਧ, ਦੁੱਧ ਨਹੀਂ ਰਹਿੰਦਾ। ਐਸੀ ਗੱਲ ਨਹੀਂ। ਪਰਮਾਤਮਾ ਰਚਨਾ ਰਚ ਕੇ *ਬੈਠਾ ਵੇਖੈ ਵਖ ਅਕੇਲਾ* ਉਸ ਦੀ ਸੰਭਾਲ ਕਰਦਾ ਹੈ। ਰਚਨਾ ਵਿਚ ਵਿਦਮਾਨ ਵੀ ਹੈ, ਵੱਖਰਾ ਵੀ। ਰਚਨਾ ਪਰਮਾਤਮਾ ਤੋਂ ਹੋਈ, ਉਹ ਆਪ ਇਸ ਵਿਚ ਵਿਦਮਾਨ ਹੈ, ਪਰ ਉਹ ਕੇਵਲ ਰਚਨਾ ਨਹੀਂ। ਰਚਨਾ ਉਸ ਦੀ ਖੇਡ ਹੈ, ਲੀਲ੍ਹਾ ਹੈ। ਦਰਅਸਲ ਉਹ ਸਭ ਕੁਝ ਆਪ ਹੀ ਆਪ ਹੈ। ਬਿਹਾਗੜੇ ਦੀ ਵਾਰ ਮਹਲਾ ੫ ਦੀਆਂ ੨੧ ਪਉੜੀਆਂ ਵਿਚ ਇਹੋ ਵਿਸ਼ਾ ਲਿਆ ਹੈ ਉਦਾਹਰਨ ਵਜੋਂ ਦੋ ਪਉੜੀਆਂ ਇਸ ਤਰ੍ਹਾਂ ਹਨ:

*-ਆਪੇ ਸਭ ਘਟ ਅੰਦਰੇ ਆਪੇ ਹੀ ਬਾਹਰਿ॥*
*ਆਪੇ ਗੁਪਤੁ ਵਰਤਦਾ ਆਪੇ ਹੀ ਜਾਹਰਿ॥*
*ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾਹਰਿ॥*
*ਓਥੈ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰਹਰਿ॥*
*ਬੈਠਾ ਤਾੜੀ ਲਾਇ ਆਪਿ ਸਭ ਦੂ ਹੀ ਬਾਹਰਿ॥*
*ਆਪਣੀ ਮਿਤਿ ਆਪਿ ਜਾਣਦਾ ਆਪੇ ਹੀ ਗਉਹਰੁ॥* *(ਪੰਨਾ ੫੫੫)*
*-ਆਪੇ ਜੰਤ ਉਪਾਇਅਨੁ ਆਪੇ ਆਧਾਰੁ॥*
*ਆਪੇ ਸੂਖਮੁ ਭਾਲੀਐ ਆਪੇ ਪਾਸਾਰੁ॥*
*ਆਪਿ ਇਕਾਤੀ ਹੋਇ ਰਹੈ ਆਪੇ ਵਡ ਪਰਵਾਰੁ॥*
*ਨਾਨਕੁ ਮੰਗੈ ਦਾਨੁ ਹਰਿ ਸੰਤਾ ਰੇਨਾਰੁ॥*
*ਹੋਰੁ ਦਾਤਾਰੁ ਨ ਸੁਝਈ ਤੂ ਦੇਵਣਹਾਰੁ॥* *(ਪੰਨਾ ੫੫੬)* ■

# ਗੁਰਬਾਣੀ ਦੇ ਸੰਦਰਭ ਗ੍ਰੰਥਾਂ ਦਾ ਸਰਵੇਖਣ

*-ਬੀਬੀ ਸਿਮਰਜੀਤ ਕੌਰ**

ਸੰਦਰਭ ਗ੍ਰੰਥ ਕਿਸੇ ਸਾਹਿਤ/ ਵਿਸ਼ੇ ਜਾਂ ਧਰਮ ਗ੍ਰੰਥ ਆਦਿ ਬਾਰੇ ਖੋਜ ਕਰਨ ਦੇ ਮੁੱਢਲੇ ਸੰਦ (Tool) ਹੁੰਦੇ ਹਨ, ਇਨ੍ਹਾਂ ਦੀ ਹੋਂਦ ਤੋਂ ਬਿਨਾਂ ਖੋਜ/ ਅਧਿਐਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਇਸ ਲਈ ਅਸੀਂ ਇੱਥੇ ਗੁਰਬਾਣੀ ਦੇ ਸੰਦਰਭ ਗ੍ਰੰਥਾਂ ਦਾ ਸਰਵੇਖਣ ਕੀਤਾ ਹੈ। ਸਭ ਤੋਂ ਪਹਿਲਾਂ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸੰਦਰਭ ਗ੍ਰੰਥ ਕੀ ਹੁੰਦਾ ਹੈ ਜਿਸ ਗ੍ਰੰਥ ਵਿੱਚੋਂ ਵਿਸ਼ੇਸ਼ ਸੂਚਨਾ ਬਾਰੇ ਸੰਦਰਭ/ਜਾਣਕਾਰੀ ਮਿਲਦੀ ਹੋਵੇ, ਉਸ ਨੂੰ ਸੰਦਰਭ ਗ੍ਰੰਥ ਕਿਹਾ ਜਾਂਦਾ ਹੈ, ਜਿਵੇਂ: ਮਹਾਨ ਕੋਸ਼, ਸ਼ਬਦ ਕੋਸ਼, ਡਾਇਰੈਕਟਰੀਆਂ, ਗਜ਼ਟੀਅਰ, ਡਿਕਸ਼ਨਰੀਆਂ, ਹੈਂਡਬੁਕਸ, ਜੀਵਨੀ ਕੋਸ਼, ਬਿਬਲੋਗ੍ਰਾਫੀਆਂ ਆਦਿ ਸ਼ਾਮਿਲ ਹਨ। ਇਹ ਮੁੱਢਲੇ ਸ੍ਰੋਤਾਂ ਤੋਂ ਤਿਆਰ ਕੀਤੇ ਜਾਂਦੇ ਹਨ ਤੇ ਕਿਸੇ ਵਿਸ਼ੇਸ਼ ਜਾਣਕਾਰੀ ਪ੍ਰਾਪਤ ਕਰਨ ਵੇਲੇ ਹੀ ਪੜ੍ਹੇ ਜਾਂਦੇ ਹਨ। ਇਨ੍ਹਾਂ ਵਿਚ ਜਾਣਕਾਰੀ ਤੱਥ ਅਤੇ ਹੋਰ ਸੂਚਨਾ ਆਦਿ ਕਈ ਸ੍ਰੋਤਾਂ ਤੋਂ ਇਕੱਤਰ ਕਰ ਕੇ ਇਸ ਢੰਗ ਨਾਲ ਦਿੱਤੀ ਹੁੰਦੀ ਹੈ ਕਿ ਇਨ੍ਹਾਂ ਵਿੱਚੋਂ ਸੂਚਨਾ ਛੇਤੀ ਤੇ ਸਹੀ ਸਥਾਨ ਤੋਂ ਲੱਭੀ ਜਾ ਸਕੇ। ਇਹ ਕਿਸੇ ਵਿਸ਼ੇ ਉੱਪਰ ਸਾਧਾਰਨ ਤੇ ਸੰਖੇਪ ਜਾਣਕਾਰੀ ਦਿੰਦੇ ਹਨ, ਜ਼ਿਆਦਾ ਡੂੰਘਾਈ 'ਚ ਨਹੀਂ ਜਾਂਦੇ। ਇਨ੍ਹਾਂ ਵਿਚ ਸੁਲੇਖਾਂ ਦਾ ਇਕ-ਦੂਜੇ ਨਾਲ ਕੋਈ ਸੰਬੰਧ ਨਹੀਂ ਹੁੰਦਾ। ਇਹ ਵਿਸ਼ੇ ਦੇ ਤੱਥ/ਅਸਲੀ ਗੱਲ 'ਤੇ ਰੋਸ਼ਨੀ ਪਾਉਂਦੇ ਹਨ ਇਨ੍ਹਾਂ ਵਿਚ ਦਿੱਤੀ ਜਾਣਕਾਰੀ ਕਿਸੇ ਯੋਜਨਾ ਅਨੁਸਾਰ ਹੁੰਦੀ ਹੈ, ਜਿਵੇਂ: ਡਿਕਸ਼ਨਰੀ ਅੱਖਰਵਾਰ ਕ੍ਰਮ ਵਿਚ, ਬਿਬਲੋਗ੍ਰਾਫੀਆਂ ਅੱਖਰਵਾਰ/ਵਿਸ਼ੇਵਾਰ/ਕਾਲਕ੍ਰਮ ਤੇ ਐਟਲਸਾਂ ਭੂਗੋਲਿਕ ਵੰਡ ਅਨੁਸਾਰ ਹੁੰਦੀਆਂ ਹਨ।

## ਗੁਰਬਾਣੀ ਦੇ ਸੰਦਰਭ ਗ੍ਰੰਥ

**੧) ਗੁਰੁ ਗਿਰਾਰਥ ਕੋਸ਼:** ਇਹ ਕੋਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਾਚੀਨ ਕੋਸ਼ ਹੈ। ਇਸ ਦੇ ਲੇਖਕ ਨਿਰਮਲਾ ਵਿਦਵਾਨ ਪੰਡਿਤ ਤਾਰਾ ਸਿੰਘ ਨਰੋਤਮ ਸਨ। ਇਹ ਕੋਸ਼ ੧੮੮੯ ਈ. ਵਿਚ ਸੰਪੂਰਨ ਕੀਤਾ ਗਿਆ ਸੀ। ਪਹਿਲੀ ਵਾਰ ਇਸ ਕੋਸ਼ ਦਾ ਪਹਿਲਾ ਭਾਗ ੧੮੯੫ ਈ. ਨੂੰ ਅਤੇ ਇਸ ਦਾ ਦੂਜਾ ਭਾਗ ੧੮੯੮ ਈ. ਨੂੰ ਪਟਿਆਲਾ ਰਿਆਸਤ ਦੇ ਮਹਾਰਾਜਾ ਰਾਜਿੰਦਰ ਸਿੰਘ ਨੇ ਇੰਪੀਰੀਅਲ ਪ੍ਰੈਸ ਲਾਹੌਰ ਅਤੇ ਰਾਜਿੰਦ੍ਰ ਪ੍ਰੈੱਸ ਪਟਿਆਲਾ ਤੋਂ ਪ੍ਰਕਾਸ਼ਿਤ ਕਰਵਾਇਆ ਸੀ। ਇਸ ਕੋਸ਼ ਦਾ ਪੁਨਰ-ਪ੍ਰਕਾਸ਼ਨ ਸੰਨ ੨੦੧੦ ਈ. ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਦੋ ਭਾਗਾਂ ਵਿਚ ਪ੍ਰਕਾਸ਼ਿਤ ਕੀਤਾ ਗਿਆ, ਜਿਸ ਦੇ ਮੁੱਖ ਸੰਪਾਦਕ ਡਾ. ਹਰਭਜਨ ਸਿੰਘ ਹਨ। ਇਸ ਤੋਂ ਬਾਅਦ ਗੁਰੁ ਗਿਰਾਰਥ ਕੋਸ਼ ਸੰਨ ੨੦੧੨ ਈ. ਨੂੰ ਸ੍ਰੀਮਾਨ ੧੦੮ ਮਹੰਤ ਬਲਵੰਤ ਸਿੰਘ, ਸੈਕਟਰੀ, ਸ਼ੁਕਦੇਵ ਕੁਟੀ ਰਤਨ ਬਾਗ਼, ਕਨਖਲ (ਹਰਿਦਵਾਰ) ਵਾਲਿਆਂ ਨੇ ਪ੍ਰਕਾਸ਼ਿਤ

*ਰਿਸਰਚ ਸਕਾਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਕੀਤਾ। ਇਸ ਦੇ ਸੰਪਾਦਕ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਸਨ।

੨) **ਗੁਰੁਮਤ ਪ੍ਰਭਾਕਰ:** ਇਹ ਪੁਸਤਕ ਭਾਈ ਕਾਨ੍ਹ ਸਿੰਘ ਨਾਭਾ ਦੀ ਰਚਨਾ ਹੈ। ਇਸ ਪੁਸਤਕ ਨੂੰ ਪਹਿਲੀ ਵਾਰ ੧੮੯੮ ਈ. ਵਿਚ ਭਾਈ ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ ਸੀ। ਇਹ ਪੁਸਤਕ ਲੇਖਕ ਦੁਆਰਾ 'ਪੰਥ ਅਕਾਲੀ' ਨੂੰ ਸਮਰਪਿਤ ਕੀਤੀ ਗਈ ਸੀ।

੩) **ਬਾਣੀ ਬਿਉਰਾ:** ਇਹ ਬਿਉਰਾ ਡਾ. ਚਰਨ ਸਿੰਘ ਦੀ ਕਿਰਤ ਹੈ ਅਤੇ ਇਸ ਪ੍ਰਕਾਰ ਦੀ ਇਹ ਪਹਿਲੀ ਰਚਨਾ ਹੈ ਜੋ ਅਗਲੇਰੀਆਂ ਕਈ ਅਜਿਹੀਆਂ ਕਿਰਤਾਂ ਲਈ ਪ੍ਰੇਰਨਾ, ਸਹਾਇਤਾ ਤੇ ਅਗਵਾਈ ਦਾ ਸੋਮਾ ਬਣੀ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਵੇਰਵਿਆਂ ਦਾ ਪਹਿਲੀ ਵਾਰ ਨਿੱਠ ਕੇ ਅਧਿਐਨ ਭਾਈ ਵੀਰ ਸਿੰਘ ਜੀ ਦੇ ਪਿਤਾ ਡਾ. ਚਰਨ ਸਿੰਘ ਜੀ ਨੇ ਹੀ ਕੀਤਾ ਸੀ। ਲੰਮੇ ਚੌੜੇ ਰਜਿਸਟਰਵੀ ਆਕਾਰ ਦੇ ੭੭ ਪੰਨਿਆਂ ਦੀ ਇਹ ਪੁਸਤਕ ਖਾਲਸਾ ਟ੍ਰੈਕਟ ਸੁਸਾਇਟੀ ਸ੍ਰੀ ਅੰਮ੍ਰਿਤਸਰ ਨੇ ਸੰਨ ੧੯੦੨ ਵਿਚ ਵਜ਼ੀਰ ਹਿੰਦ ਪ੍ਰੈੱਸ, ਸ੍ਰੀ ਅੰਮ੍ਰਿਤਸਰ ਤੋਂ ਛਪਵਾ ਕੇ ਆਪਣੀ ਟ੍ਰੈਕਟ ਲੜੀ ਦੇ ਟ੍ਰੈਕਟ ਨੰ: ੧੩੯ ਦੇ ਅਧੀਨ ਪ੍ਰਕਾਸ਼ਿਤ ਕੀਤੀ ਸੀ।

੪) **ਸ੍ਰੀ ਗੁਰੂ ਗ੍ਰੰਥ ਵਿਚ ਆਏ ਇਤਿਹਾਸਿਕ ਨਾਵਾਂ ਤੇ ਥਾਵਾਂ ਦਾ ਕੋਸ਼:** ਇਸ ਪੁਸਤਕ ਦੇ ਲੇਖਕ ਮਾਸਟਰ ਮਹਿਤਾਬ ਸਿੰਘ ਸਨ। ਇਹ ਪੁਸਤਕ ਪਹਿਲੀ ਵਾਰ ੧੯੨੮ ਈ. ਵਿਚ ਸ੍ਰੀ ਅੰਮ੍ਰਿਤਸਰ ਤੋਂ, ਦੂਜੀ ਵਾਰ ੧੯੩੩ ਈ. ਵਿਚ ਲਾਹੌਰ ਤੋਂ, ਤੀਜੀ ਵਾਰ ਸੰਨ ੧੯੫੯ ਈ. ਵਿਚ ਸ੍ਰੀ ਅੰਮ੍ਰਿਤਸਰ ਤੋਂ, ਚੌਥੀ ਵਾਰ ਸੰਨ ੧੯੯੧ ਈ. ਵਿਚ, ਪੰਜਵੀਂ ਵਾਰ ਸੰਨ ੧੯੯੫ ਵਿਚ ਛੇਵੀਂ ਵਾਰ ਸੰਨ ੨੦੦੨ ਵਿਚ ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ ਸੀ।

੫) **ਗੁਰੁ ਸ਼ਬਦ ਰਤਨ ਪ੍ਰਕਾਸ਼:** ਇਸ ਗ੍ਰੰਥ ਨੂੰ ਆਮ ਤੌਰ 'ਤੇ ਤੁਕ-ਤਤਕਰਾ ਕਿਹਾ ਜਾਂਦਾ ਹੈ। ਇਸ ਦਾ ਸੰਕਲਨ ਅਕਾਲੀ ਕੌਰ ਸਿੰਘ ਨੇ ਕੀਤਾ ਸੀ। ਇਹ ਕਾਰਜ ਸੰਨ ੧੯੦੭ ਈ. ਤੋਂ ਸ਼ੁਰੂ ਕੀਤਾ ਤੇ ੧੩ ਸਾਲਾਂ ਬਾਅਦ ੧੯੨੦ ਈ. ਵਿਚ ਪੂਰਾ ਹੋਇਆ। ਇਸ ਦਾ ਪਹਿਲਾ ਸੰਸਕਰਨ ੧੦ ਮਾਰਚ, ੧੯੨੩ ਈ. ਨੂੰ ਕੋਰੋਨੇਸ਼ਨ ਪ੍ਰੈੱਸ, ਪਿਸ਼ਾਵਰ ਦੁਆਰਾ ਛਾਪਿਆ ਗਿਆ। ਜਿਸ ਦੇ ਕੁੱਲ ਪੰਨੇ ੭੩੬ ਸਨ। ਇਸ ਦਾ 'ਮੁੱਖ ਬੰਧ' ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ। ਇਸ ਦਾ ਦੂਜਾ ਸੰਸਕਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਭਾਸ਼ਾ ਵਿਭਾਗ, ਪੰਜਾਬ ਨੇ ਸੋਧੇ ਰੂਪ ਵਿਚ ਪਹਿਲੀ ਵਾਰ ੧੯੬੩ ਈ. ਵਿਚ, ਦੂਜੀ ਵਾਰ ੧੯੭੦ ਈ. ਵਿਚ ਤੀਜੀ ਵਾਰ ੧੯੮੬ ਈ. ਵਿਚ ਛਾਪਿਆ।

੬) **ਗੁਰਬਾਣੀ ਕੋਸ਼ :** ਇਹ ਕੋਸ਼ ਪ੍ਰੋ. ਪਿਆਰਾ ਸਿੰਘ ਪਦਮ ਦੀ ਰਚਨਾ ਹੈ। ਇਹ ਕੋਸ਼ ਪਹਿਲੀ ਵਾਰ ਜਨਵਰੀ ੧੯੬੦ ਨੂੰ ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ ਸੀ। ਇਹ ਲਘੂ ਆਕਾਰ ਦਾ ਕੋਸ਼ ਹੈ। ਇਸ ਵਿਚ ਸ਼ਬਦਾਂ ਦੇ ਅਰਥ ਕੀਤੇ ਗਏ ਹਨ।

੭) **ਗੁਰੁਸ਼ਬਦਰਤਨਾਕਰ ਮਹਾਨ ਕੋਸ਼:** ਇਹ ਕੋਸ਼ ਭਾਈ ਕਾਨ੍ਹ ਸਿੰਘ ਨਾਭਾ ਦੀ

ਰਚਨਾ ਹੈ। ਜੋ ਹੁਣ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਸੰਬੰਧੀ ਪ੍ਰਮਾਣਿਕ ਕੋਸ਼ ਮੰਨਿਆ ਜਾਂਦਾ ਰਿਹਾ ਹੈ। ਪਹਿਲਾ ਸੰਸਕਰਨ ੧੯੩੦ ਵਿਚ ਚਾਰ ਭਾਗਾਂ ਵਿਚ ਛਪਿਆ ਸੀ। ਇਸ ਤੋਂ ਬਾਅਦ ੧੯੬੦ ਵਿਚ ੩੩੩੫ ਪੰਨਿਆਂ ਨੂੰ ਕੁੱਲ ੮੩੫ ਪੰਨਿਆਂ ਵਿਚ ਸਮੋ ਕੇ ਚਾਰ ਭਾਗਾਂ ਦੀ ਥਾਂ ਇੱਕ ਭਾਗ ਵਿਚ ਸਮੇਟਣ ਲਈ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਨੇ ਉੱਦਮ ਕੀਤਾ ਅਤੇ ਨੈਸ਼ਨਲ ਬੁੱਕ ਸ਼ਾਪ ਦਿੱਲੀ ਵਾਲਿਆਂ ਨੇ ਵੀ ਇੱਕ ਸੰਸਕਰਨ ਪ੍ਰਕਾਸ਼ਿਤ ਕੀਤਾ।

੮) **ਸ੍ਰੀ ਗੁਰੂ ਗ੍ਰੰਥ ਕੋਸ਼**: ਇਹ ਕੋਸ਼ ਪੰਡਤ ਗਿਆਨੀ ਹਜ਼ਾਰਾ ਸਿੰਘ ਦੁਆਰਾ ਲਿਖਿਆ ਗਿਆ ਹੈ। ਪਹਿਲੀ ਵਾਰ ਇਸ ਦਾ ਪ੍ਰਕਾਸ਼ਨ ਭਾਈ ਵੀਰ ਸਿੰਘ ਦੁਆਰਾ ੧੮੯੯ ਈ. ਵਿਚ ਕੀਤਾ ਗਿਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਵੱਲੋਂ ਪਹਿਲੀ ਵਾਰ ਦਸੰਬਰ ੨੦੦੮ ਵਿਚ ਸੰਪਾਦਿਤ ਕੀਤਾ। ਇਸ ਦੇ ਮੁੱਖ ਸੰਪਾਦਕ ਡਾ. ਹਰਭਜਨ ਸਿੰਘ ਹਨ।

੯) **ਗੁਰੁਮਤ ਮਾਰਤੰਡ** : ਇਹ ਭਾਈ ਕਾਨ੍ਹ ਸਿੰਘ ਨਾਭਾ ਦੀ ਰਚਨਾ ਹੈ। ਗੁਰਮਤਿ ਮਾਰਤੰਡ ਦੋ ਜਿਲਦਾਂ ਵਿਚ ਸਿੱਖ ਧਰਮ, ਧਰਮ ਸ਼ਾਸਤਰ ਅਤੇ ਵਿਸ਼ਵਾਸ ਨਾਲ ਸੰਬੰਧਿਤ ਵੱਖ-ਵੱਖ ਪਹਿਲੂਆਂ 'ਤੇ ਪਰਿਭਾਸ਼ਿਕ ਸ਼ਬਦਾਵਲੀ ਦਾ ਗ੍ਰੰਥ ਹੈ। ਲੇਖਕ ਨੇ ਇਸ ਨੂੰ ਵਿਸ਼ਾ-ਕ੍ਰਮ ਦੇ ਨਾਲ ਨਾਲ ਅੱਖਰ-ਕ੍ਰਮ ਅਨੁਸਾਰ ਤਰਤੀਬ-ਬੱਧ ਕੀਤਾ ਤਾਂ ਕਿ ਇਤਿਹਾਸਕਾਰਾਂ ਅਤੇ ਅਧਿਆਤਮਿਕ ਸਿਧਾਂਤਕਾਰਾਂ ਦੀ ਅਗਿਆਨਤਾ ਕਾਰਨ ਵਿਆਖਿਆਵਾਂ ਵਿਚ ਪਾ ਦਿੱਤੇ ਗਏ ਰੋਲ-ਘਚੋਲਿਆਂ ਨੂੰ ਸੋਧ ਕੇ ਪ੍ਰਮਾਣਿਕ ਵਿਚਾਰਧਾਰਾਵਾਂ ਨੂੰ ਸਪਸ਼ਟ ਕੀਤਾ ਜਾ ਸਕੇ।ਪਹਿਲੀ ਵਾਰ ਨਵੰਬਰ ੧੯੩੮ ਈ. ਵਿਚ ਇਹ ਗ੍ਰੰਥ ਪ੍ਰਕਾਸ਼ਿਤ ਕੀਤਾ ਗਿਆ ਸੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੧੯੬੨ ਈ. ਵਿਚ ਇਸ ਨੂੰ ਦੂਜੀ ਵਾਰ ਅਤੇ ੧੯੯੨ ਈ. ਵਿਚ ਚੌਥੀ ਵਾਰ ਛਾਪਿਆ ਸੀ।

੧੦) **ਗੁਰੂ ਗ੍ਰੰਥ ਵਿਚਾਰ ਕੋਸ਼**: ਇਹ ਕੋਸ਼ ਸ. ਪਿਆਰਾ ਸਿੰਘ ਪਦਮ ਦੀ ਰਚਨਾ ਹੈ। ਇਹ ਪਹਿਲੀ ਵਾਰ ਸਤੰਬਰ ੧੯੬੯ ਈ. ਵਿਚ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰਬ-ਪੱਖੀ ਅਧਿਐਨ ਲਈ ਹਵਾਲਾ ਪੁਸਤਕਾਂ ਤਿਆਰ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ ਜੋ ਯੋਜਨਾ ਪੰਜਾਬੀ ਯੂਨੀਵਰਸਿਟੀ ਨੇ ਤਿਆਰ ਕੀਤੀ ਸੀ, ਉਸ ਦਾ ਇਹ ਕੋਸ਼ ਵੀ ਇੱਕ ਹਿੱਸਾ ਹੈ। ਇਸ ਦਾ ਮੁੱਢਲਾ ਕੰਮ ਸ. ਭਗਤ ਸਿੰਘ ਸੈਸ਼ਨ ਜੱਜ, ਦਾ ਕੀਤਾ ਹੋਇਆ ਸੀ, ਜਿਸ ਨੂੰ ਸ. ਪਿਆਰਾ ਸਿੰਘ ਪਦਮ ਨੇ ਸ. ਦਰਸ਼ਨ ਸਿੰਘ, ਬੀਬੀ ਬਲਬੀਰ ਕੌਰ ਆਦਿ ਦੀ ਸਹਾਇਤਾ ਨਾਲ ਸੰਪਾਦਿਤ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤਾ।

੧੧) **ਗੁਰਬਾਣੀ ਸੰਖਿਆ ਕੋਸ਼**: ਇਹ ਕੋਸ਼ ਸੇਵਾ ਸਿੰਘ ਸੇਵਕ ਦੀ ਰਚਨਾ ਹੈ। ਪਹਿਲੀ ਵਾਰ ਮਈ ੧੯੭੧ ਨੂੰ ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ ਨੇ ਇਸ ਨੂੰ ਪ੍ਰਕਾਸ਼ਿਤ ਕੀਤਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਸੰਖਿਆ-ਮੂਲਕ

ਸ਼ਬਦਾਂ ਨੂੰ ਖੋਜ ਕੇ ਤਿਆਰ ਕੀਤਾ ਕੋਸ਼ ਹੈ। ਜਿਵੇਂ: ਛੇ ਘਰ, ਚਾਰੇ ਖਾਣੀ, ਆਦਿ।

੧੨) **ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ:** ਨਿਰੁਕਤ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦੇ ਅਰਥ ਚੰਗੀ ਤਰ੍ਹਾਂ ਉਕਤ ਜਾਂ ਆਖਿਆ ਹੋਇਆ ਹੈ। ਇਸ ਅਨੁਸਾਰ ਸ਼ਬਦਾਂ ਦਾ ਅਰਥ ਉੱਤਮ ਰੀਤਿ ਨਾਲ ਕੀਤਾ ਜਾਂਦਾ ਹੈ। ਭਾਈ ਵੀਰ ਸਿੰਘ ਨੇ ਇਹ ਸ਼ਬਦ ਨਿਰੁਕਤ "ਸ੍ਰੀ ਗੁਰੂ ਗ੍ਰੰਥ ਸੰਥਯਾ" ਨਾਉਂ ਵਿਚ ਵਰਤਿਆ ਹੈ। ਇਸ ਤੋਂ ਸੇਧ ਲੈ ਕੇ ਡਾ. ਬਲਬੀਰ ਸਿੰਘ ਨੇ ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੋ ਜਿਲਦਾਂ ਵਿਚ ਕਾਰਜ ਕੀਤਾ ਹੈ। ਇਸੇ ਕਾਰਜ ਨੂੰ ਡਾ. ਰਤਨ ਸਿੰਘ ਜੱਗੀ ਤੇ ਡਾ. ਹਰਭਜਨ ਸਿੰਘ ਨੇ ਅੱਗੇ ਤੋਰਿਆ ਹੈ। ਪਹਿਲੀ ਵਾਰ ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ਨ ੧੯੭੨ ਈ. ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕੀਤਾ ਗਿਆ। ਡਾ. ਬਲਬੀਰ ਸਿੰਘ ਪਹਿਲੀ ਜਿਲਦ ਦੀ ਭੂਮਿਕਾ ਵਿਚ ਲਿਖਦੇ ਹਨ, "ਪਾਠਕਾਂ ਦੇ ਹਿੱਤ ਨੂੰ ਖਿਆਲ ਵਿਚ ਰੱਖ ਕੇ ਇਸ ਦੇ ਕਈ ਰੂਪ ਸੋਚੇ ਗਏ। ਆਖਿਰ ਇਸ ਸਿੱਟੇ 'ਤੇ ਪਹੁੰਚੇ ਕੇ ਨਿਰੁਕਤ ਇਕ ਐਸੀ ਚੀਜ਼ ਹੋਣੀ ਚਾਹੀਦੀ ਹੈ ਜੋ ਆਮ ਪਾਠਕਾਂ ਲਈ ਰੋਚਕ ਹੋਵੇ, ਗੁਰਬਾਣੀ ਦੇ ਖੋਜੀਆਂ ਲਈ ਪ੍ਰੇਰਨਾ-ਭਰਪੂਰ ਹੋਵੇ ਤੇ ਕਥਾ ਕਰਨ ਵਾਲਿਆਂ ਲਈ ਪ੍ਰਮਾਣਾਂ ਦਾ ਮੂਲ ਸ੍ਰੋਤ ਹੋਵੇ। ਇਨ੍ਹਾਂ ਤਿੰਨਾਂ ਪਹਿਲੂਆਂ ਨੂੰ ਮੁੱਖ ਰੱਖ ਕੇ ਇਸ ਗੱਲ ਵੱਲ ਵੀ ਖਿਆਲ ਰੱਖਿਆ ਗਿਆ ਕਿ ਜਿੱਥੇ ਕਿਤੇ ਪਹਿਲੇ ਕੀਤੇ ਗਏ ਅਰਥਾਂ ਵਿਚ ਉਣਤਾਈ ਰਹਿ ਗਈ ਹੈ, ਉਨ੍ਹਾਂ ਨੂੰ ਸੋਧਿਆ ਜਾਵੇ।"

੧੩) **ਗੁਰਬਾਣੀ ਪ੍ਰਬੋਧ ਸਾਗਰ:** ਇਸ ਗ੍ਰੰਥ ਦੇ ਸੰਪਾਦਕ ਸਿੰਘ ਸਾਹਿਬ ਗਿਆਨੀ ਮਨੀ ਸਿੰਘ ਜੀ, ਗ੍ਰੰਥੀ, ਸ੍ਰੀ ਦਰਬਾਰ ਸਾਹਿਬ ਜੀ, ਸ੍ਰੀ ਅੰਮ੍ਰਿਤਸਰ ਸਨ। ਇਹ ਗ੍ਰੰਥ ਪਹਿਲੀ ਵਾਰ ਨਵੰਬਰ ੧੯੭੪ ਈ. ਵਿਚ ਸਤਵੰਤ ਸਿੰਘ ਕੈਨੇਡੀਅਨ ਗਲੀ ਸ਼ਹੀਦ ਬੁੰਗਾ, ਨੇੜੇ ਕੌਲਸਰ, ਸ੍ਰੀ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ ਸੀ। ਇਹ ਗ੍ਰੰਥ ਗੁਰਬਾਣੀ ਵਿਚ ਦਿੱਤੇ ਚੌਦਾਂ ਸੌ ਤੀਹ ਪ੍ਰਸ਼ਨਾਂ ਦੇ ਉੱਤਰਾਂ ਦਾ ਸੰਗ੍ਰਹਿ ਹੈ। ਇਸ ਵਿਚ ਪ੍ਰਸ਼ਨਾਂ ਦੇ ਉੱਤਰਾਂ ਦੇ ਨਾਲ-ਨਾਲ ਭਾਵ ਅਰਥ ਵੀ ਦਿੱਤੇ ਗਏ ਹਨ।

੧੪) **ਗੁਰੂ ਗ੍ਰੰਥ ਸੰਕੇਤ ਕੋਸ਼:** ਇਹ ਕੋਸ਼ ਪਿਆਰਾ ਸਿੰਘ ਪਦਮ ਨੇ ਬੀਬੀ ਬਲਵੀਰ ਕੌਰ, ਬੀਬੀ ਗੁਰਨਾਮ ਕੌਰ ਅਤੇ ਸ. ਹਿੰਮਤ ਸਿੰਘ ਦੇ ਸਹਿਯੋਗ ਨਾਲ ਸੰਪੰਨ ਕੀਤਾ ਸੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇਹ ਕੋਸ਼ ਪਹਿਲੀ ਵਾਰ ਸੰਨ ੧੯੭੭ ਈ. ਵਿਚ ਪ੍ਰਕਾਸ਼ਿਤ ਕੀਤਾ ਸੀ। ਇਸ ਵਿਚ ਇਤਿਹਾਸਿਕ ਨਾਵਾਂ-ਥਾਵਾਂ ਤੋਂ ਇਲਾਵਾ ਧਾਰਮਿਕ ਸੰਕਲਪਾਂ, ਪ੍ਰਤੀਕਾਂ, ਸੰਕੇਤਾਂ ਅਤੇ ਪ੍ਰਕਰਣਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

੧੫) **ਸ੍ਰੀ ਗੁਰੂ ਗ੍ਰੰਥ ਮਹਿਮਾ ਕੋਸ਼:** ਇਸ ਕੋਸ਼ ਦੇ ਸੰਪਾਦਕ ਸ. ਪਿਆਰਾ ਸਿੰਘ ਪਦਮ ਹਨ। ਸ੍ਰੀ ਗੁਰੂ ਗ੍ਰੰਥ ਮਹਿਮਾ ਕੋਸ਼ ਪਹਿਲੀ ਵਾਰ ੧੯੮੩ ਈ. ਵਿਚ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਹੋਇਆ। ਇਸ ਕੋਸ਼ ਨੂੰ ਕੁੱਲ ਪੰਜ ਭਾਗਾਂ (ਗੁਰਮੁਖੀ ਭਾਗ, ਹਿੰਦੀ ਭਾਗ, ਸੰਸਕ੍ਰਿਤ ਭਾਗ, ਫ਼ਾਰਸੀ ਭਾਗ, ਅੰਗ੍ਰੇਜ਼ੀ ਭਾਗ) ਵਿਚ ਵੰਡਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵੱਖ -ਵੱਖ ਧਰਮਾਂ, ਭਾਸ਼ਾਵਾਂ ਦੇ ਵਿਦਵਾਨਾਂ

ਨੇ ਉਸਤਤ ਕੀਤੀ ਹੈ। ਉਨ੍ਹਾਂ ਦੁਆਰਾ ਕੀਤੀ ਮਹਿਮਾ ਨੂੰ ਇਸ ਕਾਰਜ ਵਿਚ ਕੋਸ਼ ਦੇ ਰੂਪ ਵਿਚ ਸੰਕਲਿਤ ਕੀਤਾ ਗਿਆ ਹੈ।

**੧੬) The Encyclopeadia of Sikhism:** ਇਸ ਕੋਸ਼ ਦੇ ਮੁੱਖ ਸੰਪਾਦਕ ਪ੍ਰੋ. ਹਰਬੰਸ ਸਿੰਘ ਹਨ। ਇਹ ਕੋਸ਼ ਪਹਿਲੀ ਵਾਰ ੧੯੯੨ ਈ. ਵਿਚ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਹੋਇਆ। ਇਸ ਕੋਸ਼ ਵਿਚ ਆਪਣੇ ਆਪਣੇ ਖੇਤਰ ਦੇ ਪ੍ਰਸਿੱਧ ਲੱਗਭਗ ੩੯੦ ਵਿਦਵਾਨਾਂ ਦੇ ਇੰਦਰਾਜ ਦਰਜ ਹਨ। ਇਸ ਕੋਸ਼ ਦਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪੰਜਾਬੀ ਅਨੁਵਾਦ ਕਰਵਾ ਕੇ ੨੦੦੮ ਵਿਚ ਪ੍ਰਕਾਸ਼ਿਤ ਕੀਤਾ ਗਿਆ। ਪੰਜਾਬੀ ਅਨੁਵਾਦ ਦੇ ਮੁੱਖ ਸੰਪਾਦਕ ਡਾ. ਜੋਧ ਸਿੰਘ ਸਨ। ਇਸ ਦਾ ਪੰਜਾਬੀ ਰੂਪਾਂਤਰਨ 'ਸਿੱਖ ਧਰਮ ਵਿਸ਼ਵਕੋਸ਼' ਹੈ।

**੧੭) ਬਾਣੀ-ਬਿਉਰਾ:** ਇਹ ਪੁਸਤਕ ਭਾਈ ਜੋਗਿੰਦਰ ਸਿੰਘ ਤਲਵਾੜਾ ਦੀ ਰਚਨਾ ਸੀ। ਭਾਈ ਜੋਗਿੰਦਰ ਸਿੰਘ ਤਲਵਾੜਾ ਨੇ ਸਮੁੱਚੀ ਬਾਣੀ ਦੇ ਵੇਰਵਿਆਂ ਨੂੰ ਇਕੱਤਰ ਕਰ ਕੇ ਬਾਣੀ ਬਿਉਰਾ ਪੁਸਤਕ ਤਿਆਰ ਕੀਤੀ ਹੈ। ਇਹ ਪੁਸਤਕ ਪਹਿਲੀ ਵਾਰ ਮਾਰਚ ੧੯੯੨ ਈ. ਨੂੰ ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ ਸੀ।

**੧੮) ਆਦਿ ਗ੍ਰੰਥ ਸ਼ਬਦ ਅਨੁਕ੍ਰਮਣਿਕਾ (੨ ਭਾਗ)** : ਇਹ ਹਵਾਲਾ ਮੂਲ ਰੂਪ ਵਿਚ ਪ੍ਰੋ. ਗੁਰਚਰਨ ਸਿੰਘ ਵੱਲੋਂ ਤਿੰਨ ਜਿਲਦਾਂ ਵਿਚ ਪੀਐਚ.ਡੀ ਦੀ ਡਿਗਰੀ ਲਈ ਤਿਆਰ ਕੀਤਾ ਗਿਆ। ੧੯੭੧ ਈ. ਵਿਚ ਪੰਜਾਬੀ ਯੂਨੀਵਰਸਿਟੀ ਵੱਲੋਂ ਦੋ ਸੈਂਚੀਆਂ ਵਿਚ ਛਾਪ ਦਿੱਤਾ ਗਿਆ। ਇਹ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਵਾਲਿਆਂ ਲਈ ਉਪਯੋਗੀ ਹੈ। ਇਸ ਅਨੁਕ੍ਰਮਣਿਕਾ ਵਿਚ ਕਿਸੇ ਇੱਕ ਸੰਕਲਪ ਜਾਂ ਸ਼ਬਦ ਦੇ ਸਮੁੱਚੇ ਹਵਾਲੇ ਇੱਕ ਥਾਂ 'ਤੇ ਉਪਲਬਧ ਹੋ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਧਿਐਨ ਵਿਚ ਲੱਗੇ ਖੋਜਾਰਥੀਆਂ ਤੇ ਵਿਦਿਆਰਥੀਆਂ ਲਈ ਇਹ ਬਹੁਮੁੱਲਾ ਖਜ਼ਾਨਾ ਹੈ।

**੧੯) ਗੁਰਬਾਣੀ ਤੱਤ ਸਾਗਰ (੬ ਭਾਗ):** ਇਹ ਪੁਸਤਕ ਸੰਤਾ ਸਿੰਘ ਤਤਲੇ (ਬਰਹਮੀ) ਦੀ ਰਚਨਾ ਹੈ। ਇਸ ਪੁਸਤਕ ਦੀਆਂ ਛੇ ਜਿਲਦਾਂ ਹਨ। ਪਹਿਲੀ ਜਿਲਦ ਸੰਨ ੧੯੯੫, ਦੂਜੀ ਸੰਨ ੧੯੯੮, ਤੀਜੀ ਸੰਨ ੨੦੦੦, ਚੌਥੀ ਸੰਨ ੨੦੦੦, ਪੰਜਵੀਂ ਸੰਨ ੨੦੦੧, ਛੇਵੀਂ ਸੰਨ ੨੦੦੧ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਇਸ ਪੁਸਤਕ ਵਿਚ ਗੁਰਬਾਣੀ ਦੇ ਸੰਕਲਪਾਂ, ਸਿਧਾਂਤਾਂ, ਮਿਥਿਹਾਸਿਕ ਅਤੇ ਨਾਵਾਂ-ਥਾਂਵਾਂ ਦੇ ਹਵਾਲਿਆਂ, ਸੰਸਕਾਰਾਂ, ਰੀਤੀ-ਰਿਵਾਜਾਂ ਤੇ ਵਿਸ਼ਵਾਸਾਂ ਆਦਿ ਸੰਬੰਧੀ ਵਡਮੁੱਲੀ ਜਾਣਕਾਰੀ ਇਕੱਤਰ ਕੀਤੀ ਹੋਈ ਹੈ। ਇਸ ਵਿਚ ਲੜੀਵਾਰ ਕ੍ਰਮਵਾਰ ੳ ਤੋਂ ੜ ਤਕ ਲੱਗਭਗ ਚਾਰ ਹਜ਼ਾਰ ਤੋਂ ਵੱਧ ਵਿਸ਼ੇ ਤੇ ਸਿਰਲੇਖ ਹਨ।

**੨੦) ਤੁਕ-ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ:** ਇਸ ਤੁਕ-ਤਤਕਰੇ ਦੇ ਸੰਪਾਦਕ ਸ. ਅਮਰ ਸਿੰਘ ਹਨ। ਇਹ ਪਹਿਲੀ ਵਾਰ ਸੰਨ ੧੯੯੯ ਵਿਚ ਭਾਸ਼ਾ ਵਿਭਾਗ, ਪੰਜਾਬ

ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਨਵੀਨ ਤੁਕ-ਤੁਤਕਰੇ ਵਿਚ ਅਕਾਲੀ ਕੌਰ ਸਿੰਘ ਜੀ ਦੇ ਤੁਕ-ਤਤਕਰੇ ਨਾਲੋਂ ਭਿੰਨਤਾ ਹੈ। ਇਸ ਗ੍ਰੰਥ ਵਿਚ ਤੁਕ ਦਾ ਅੰਸ਼ ਨਾ ਦੇ ਕੇ ਪੂਰੀ ਤੁਕ ਅੰਤਿਮ ਅੱਖਰ ਤਕ ਦਿੱਤੀ ਗਈ ਹੈ, ਜਿਹੜੀ ਅੱਖਰ ਅਤੇ ਲਗ-ਮਾਤਰ ਕ੍ਰਮ ਅਨੁਸਾਰ ਹੈ।

੨੧) **ਗੁਰੂ ਗ੍ਰੰਥ ਵਿਸ਼ਵਕੋਸ਼:** ਇਸ ਕੋਸ਼ ਦੇ ਸੰਪਾਦਕ ਡਾ. ਰਤਨ ਸਿੰਘ ਜੱਗੀ ਹਨ। ਇਸ ਕੋਸ਼ ਦੇ ਦੋ ਭਾਗ ਹਨ। ਪਹਿਲੀ ਵਾਰ ਸੰਨ ੨੦੦੨ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਵਿਸ਼ਵਕੋਸ਼ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਸਾਰੇ ਵਿਸ਼ਿਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਸੰਦਰਭ ਗ੍ਰੰਥ ਵਿਚ ਬਾਣੀ, ਬਾਣੀਕਾਰਾਂ, ਧਾਰਮਿਕ ਅਨੁਸ਼ਠਾਨਾਂ, ਅਧਿਆਤਮਿਕ ਸੰਕਲਪਾਂ, ਇਤਿਹਾਸਿਕ ਅਤੇ ਪੌਰਾਣਿਕ ਹਵਾਲਿਆਂ ਬਾਰੇ ਲੱਗਭਗ ੧੭੦੦ ਇੰਦਰਾਜ ਸ਼ਾਮਲ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਸਾਮਗਰੀ ਦੀ ਅਮੀਰੀ ਨੂੰ ਉਘਾੜਿਆ ਗਿਆ ਹੈ।

੨੨) **ਸ੍ਰੀ ਗੁਰੂ ਗ੍ਰੰਥ ਕੋਸ਼:** ਇਸ ਕੋਸ਼ ਦੇ ਸੰਪਾਦਕ ਡਾ. ਗੁਰਚਰਨ ਸਿੰਘ ਹਨ। ਇਸ ਨੂੰ ਪਹਿਲੀ ਵਾਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸੰਨ ੨੦੦੨ ਵਿਚ ਪ੍ਰਕਾਸ਼ਿਤ ਕੀਤਾ ਸੀ। ਇਸ ਕੋਸ਼ ਦੇ ਦੋ ਭਾਗ ਹਨ।

੨੩) **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਪ੍ਰਸ਼ਨ-ਉੱਤਰਾਂ ਦਾ ਕੋਸ਼:** ਇਸ ਕੋਸ਼ ਦੇ ਸੰਪਾਦਕ ਸ. ਪਰਮਿੰਦਰਜੀਤ ਸਿੰਘ ਐਮ.ਏ. ਸਨ। ਇਹ ਪਹਿਲੀ ਵਾਰ ਸੰਨ ੨੦੦੩ ਵਿਚ ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਸੀ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਆਏ ਪ੍ਰਸ਼ਨ-ਉੱਤਰਾਂ ਦਾ ਕੋਸ਼ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੧੪੩੦ ਪੰਨਿਆਂ ਵਿਚ ਆਏ ਪ੍ਰਸ਼ਨਾਂ-ਉੱਤਰਾਂ ਨੂੰ ਇਸ ਕੋਸ਼ ਦੇ ੯੯ ਪੰਨਿਆਂ ਵਿਚ ਸਮੇਟਿਆ ਗਿਆ ਹੈ।

੨੪) **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਪ੍ਰੀਭਾਸ਼ਾਵਾਂ ਦਾ ਕੋਸ਼:** ਇਸ ਪੁਸਤਕ ਦੇ ਸੰਪਾਦਕ ਬੀਬੀ ਹਰਪ੍ਰੀਤ ਕੌਰ ਐਮ.ਏ. ਤੇ ਸੋਧਕ ਗੁਰਮੇਲ ਸਿੰਘ ਐਮ.ਏ ਹਨ। ਇਸ ਨੂੰ ਪਹਿਲੀ ਵਾਰ ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ ਪਟਿਆਲਾ ਨੇ ਸੰਨ ੨੦੦੩ ਵਿਚ ਪ੍ਰਕਾਸ਼ਿਤ ਕੀਤਾ ਸੀ। ਇਹ ਕੋਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਪ੍ਰੀਭਾਸ਼ਾਵਾਂ ਦਾ ਕੋਸ਼ ਹੈ।

੨੫) **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਪਸ਼ੂ-ਪੰਛੀ ਤੇ ਬਨਸਪਤੀ ਸੰਕੇਤਾਂ ਦਾ ਕੋਸ਼:** ਇਸ ਪੁਸਤਕ ਦੇ ਸੰਪਾਦਕ ਡਾ. ਜਸਬੀਰ ਸਿੰਘ (ਸਰਨਾ) ਸਨ। ਇਹ ਪੁਸਤਕ ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਗੁਰਮਤਿ ਸਾਗਰ ਟਰੱਸਟ, ਪਟਿਆਲਾ ਅਨੰਦਪੁਰ ਸਾਹਿਬ ਵੱਲੋਂ ਸੰਨ ੨੦੦੭ ਵਿਚ ਪ੍ਰਕਾਸ਼ਿਤ ਕੀਤੀ ਸੀ। ਇਸ ਪੁਸਤਕ ਵਿਚ ਪਸ਼ੂ-ਪੰਛੀਆਂ ਨਾਲ ਸੰਬੰਧਿਤ ਲੱਗਭਗ ੩੭੦ ਇੰਦਰਾਜ ਹਨ ਤੇ ਬਨਸਪਤੀ ਨਾਲ ਸੰਬੰਧ ੩੯੦ ਇੰਦਰਾਜ ਹਨ। ■

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਛੀ ਚਿਤਰਨ

*-ਡਾ. ਜਸਬੀਰ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿੱਥੇ ਪ੍ਰਕਿਰਤੀ ਚਿਤਰਨ ਸਹਿਜੇ ਉਘੜਵੇਂ ਰੂਪ ਵਿਚ ਦ੍ਰਿਸ਼ਟੀਗੋਚਰ ਹੈ, ਉੱਥੇ ਪੰਛੀਆਂ ਦੇ ਸੁਭਾਅ, ਰੂਪਕ ਪੱਖ ਅਤੇ ਉਪਮਾ ਆਦਿ ਨੂੰ ਅਲੰਕਾਰਕ ਸ਼ੈਲੀ ਵਿਚ ਸਾਕਾਰ ਕੀਤਾ ਗਿਆ ਹੈ। ਮਾਨਸਿਕ ਮਨੋਬਿਰਤੀ ਨੂੰ ਰੂਹਾਨੀ ਦ੍ਰਿਸ਼ਟੀ ਸ਼ੈਲੀ ਰਾਹੀਂ ਸਕਾਰਾਤਮਕ ਢੰਗ ਨਾਲ ਰੂਪਮਾਨ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੀਵ-ਜੰਤੂਆਂ ਬਾਰੇ ਮੁੱਢਲੀ ਅਤੇ ਪ੍ਰਮਾਣਿਕ ਜਾਣਕਾਰੀ ਉਪਲਬਧ ਹੈ। ਇਸ ਲੇਖ ਵਿਚ ਅਸੀਂ ਪੰਛੀਆਂ ਨੂੰ ਅੱਖਰ-ਕ੍ਰਮ ਅਨੁਸਾਰ ਤਰਤੀਬਿਆ ਹੈ। ਕਈ ਵੇਰ ਇੱਕੋ ਪੰਛੀ ਲਈ ਵੱਖ-ਵੱਖ ਸ਼ਬਦ-ਸਰੂਪ ਕਈ ਵੇਰ ਆਏ ਹਨ।

**ਇੱਲ:** ਇੱਲ (Vulture) ਇਕ ਸ਼ਿਕਾਰੀ ਪੰਛੀ ਹੈ। ਇਹ ਬਹੁਤ ਉੱਚਾ ਉੱਡਦੀ ਅਤੇ ਮੁਰਦਾਰ 'ਤੇ ਨਿਰਭਰ ਰਹਿੰਦੀ ਹੈ। ਇਸ ਨੂੰ ਚੀਲ, ਚਾਂਵਡਾ ਤੇ ਗਿਰਝ ਵੀ ਆਖਿਆ ਜਾਂਦਾ ਹੈ। ਇਸ ਦੀ ਲੰਬਾਈ ੨੪-੧੧੦ ਇੰਚ ਹੁੰਦੀ ਹੈ। ਇਹ ਪਹਾੜੀ ਥਾਂਵਾਂ ਅਤੇ ਪੂਰੇ ਸੰਸਾਰ ਵਿਚ ਵਿਚਰਦੀ ਹੈ ਤੇ ਬੜੀ ਉੱਚਾਈ ਤੋਂ ਮੁਰਦਾਰ ਵੇਖ ਕੇ ਹੇਠਾਂ ਆ ਜਾਂਦੀ ਹੈ। ਪੂਰੇ ਸੰਸਾਰ ਵਿਚ ਇਸ ਦੀਆਂ ਬਹੁਤ ਸਾਰੀਆਂ ਕਿਸਮਾਂ ਹਨ। ਹੋਰ ਸਰੂਪ ਜੋ ਇਸ ਪੰਛੀ ਲਈ ਆਇਆ ਹੈ, ਉਹ ਹੈ ਗਿਰਝਨ। ਗੁਰਬਾਣੀ ਵਿਚ ਫੁਰਮਾਨ ਹੈ:

*ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ॥* *(ਪੰਨਾ ੩੨੨)*

**ਸਾਰਿੰਗ:** ਸਾਰਿੰਗ (Sparrow Hawk) ਇਕ ਛੋਟਾ ਪੰਛੀ ਹੈ। ਇਸ ਦੇ ਨਾਮ ਦੇ ਅਨੇਕ ਸ਼ਬਦ ਸਰੂਪ ਗੁਰਬਾਣੀ ਵਿਚ ਆਏ ਹਨ, ਜਿਵੇਂ ਬਾਬੀਹਾ, ਬਾਬਾਹੇ, ਬਾਬੀਹੈ, ਬਬੀਹਾ, ਚਾਤ੍ਰਿਕ, ਚਾਤ੍ਰਿਕ, ਚਾਤ੍ਰਿਕੋ।

ਰਿਵਾਇਤ ਹੈ ਕਿ ਇਹ ਪੰਛੀ ਬੱਦਲਾਂ ਵੱਲ ਮੂੰਹ ਕਰ ਕੇ ਇਕ ਖਾਸ ਬੂੰਦ ਲਈ (ਜਿਸ ਨੂੰ ਸਵਾਤੀ ਬੂੰਦ ਕਹਿੰਦੇ ਹਨ) "ਲਿਉਂ-ਲਿਉਂ" ਕਰਦਾ ਰਹਿੰਦਾ ਹੈ। ਇਸ ਨੂੰ ਸ਼ਾਂਤੀ ਤਦ ਆਉਂਦੀ ਹੈ ਜਦ ਉਹ ਬੂੰਦ ਇਸ ਦੇ ਮੂੰਹ ਪੈਂਦੀ ਹੈ। ਇਸ 'ਕੁਕੂਲਿੱਡੀ' ਪਰਵਾਰ ਦੇ ਪੰਛੀਆਂ ਦਾ ਆਕਾਰ ੨੫-੩੮ ਸੈਂਟੀਮੀਟਰ ਵਿਚਕਾਰ ਹੁੰਦਾ ਹੈ। ਇਸ ਪੰਛੀ ਦਾ ਡੀਲ-ਡੋਲ, ਨੋਕਦਾਰ ਪਰ ਅਤੇ ਪ੍ਰਵਾਜ਼ ਤੇ ਰਫ਼ਤਾਰ ਬਾਜ਼ ਵਰਗੀ ਹੁੰਦੀ ਹੈ। ਮਿੱਠੀ ਅਵਾਜ਼ ਕਾਰਨ ਦੂਰੋਂ ਪੰਛੀ ਪਹਿਚਾਣਿਆ ਜਾਂਦਾ ਹੈ। ਗੁਰਬਾਣੀ ਵਿਚ ਮਨੁੱਖ ਨੂੰ ਤਾਕੀਦ ਕੀਤੀ ਹੋਈ ਹੈ ਕਿ ਤੂੰ ਵੀ ਅਜਿਹੀ ਪ੍ਰੀਤ 'ਰੱਬ ਨਾਲ' ਕਰ ਜਿਵੇਂ ਬਬੀਹਾ ਸਵਾਤੀ ਬੂੰਦ ਲਈ ਕਰਦਾ ਹੈ:

*ਸਾਰਿੰਗ ਪ੍ਰੀਤਿ ਬਸੈ ਜਲ ਧਾਰਾ॥* *(ਪੰਨਾ ੧੬੪)*

**Sant Niwas, R-11, Swarn Colony, Gole Gujral, Jammu Tawi-180002; M: 099065-66604*

**ਸੀਚਾਨੇ**: ਸੀਚਾਨੇ (Red-headed Bird) ਇਕ ਸ਼ਿਕਾਰੀ ਪੰਛੀ ਹੈ, ਜਿਸ ਦਾ ਸਿਰ ਲਾਲ ਰੰਗ ਦਾ ਹੁੰਦਾ ਹੈ। ਇਹ ਪੰਛੀ ਬਾਜ਼ ਤੋਂ ਛੋਟਾ, ਪਰ ਸ਼ਿਕਰੇ ਤੋਂ ਵੱਡਾ ਹੁੰਦਾ ਹੈ:

*ਸੀਚਾਨੇ ਜਿਉ ਪੰਖੀਆ ਜਾਲੀ ਬਧਿਕ ਹਾਥਿ॥* *(ਪੰਨਾ ੫੫)*

**ਸੂਅਟਾ**: ਸੂਅਟਾ (Parrot, Parakeet) ਨੂੰ ਗੁਰਬਾਣੀ ਵਿਚ ਸੂਹਟੁ, ਸੂਆ, ਤੋਤ, ਮੈਜਨ ਕਰਕੇ ਵੀ ਲਿਖਿਆ ਹੈ। ਤੋਤਾ, ਇਕ ਹਰੇ ਰੰਗ ਦਾ ਪ੍ਰਸਿੱਧ ਪੰਛੀ ਹੈ ਜਿਸ ਦੀ ਚੁੰਝ ਛੋਟੀ, ਖੜ੍ਹੀ, ਤਾਕਤਵਰ ਅਤੇ ਕੁੰਡੀ ਵਰਗੀ ਹੁੰਦੀ ਹੈ। ਤੋਤਾ ਫ਼ਸਲਾਂ ਅਤੇ ਫ਼ਲਾਂ ਦਾ ਨੁਕਸਾਨ ਕਰਨ ਵਿਚ ਪਹਿਲੇ ਨੰਬਰ 'ਤੇ ਆਉਂਦਾ ਹੈ। ਸੈਂਕੜੇ ਮੀਲਾਂ ਦਾ ਫ਼ਾਸਲਾ ਇਕ ਥਾਂ, ਝੁੰਡਾਂ ਦੇ ਝੁੰਡ ਕਰਦੇ ਹਨ। ਅਵਾਜ਼ "ਕੀਕ-ਕੀਕ-ਕੀਕ" ਵਰਗੀ ਕੱਢਦੇ ਹਨ:

*ਤੂੰ ਪਿੰਜਰੁ ਹਉ ਸੂਅਟਾ ਤੋਰ॥* *(ਪੰਨਾ ੩੨੩)*

**ਹੰਸ**: ਹੰਸ (Bar Headed Goose) ਇਹ ਬੱਤਖ਼ਨੁਮਾ ਚਿੱਟੇ ਰੰਗ ਦਾ ਪੰਛੀ ਹੈ। ਇਹ ਵੱਡੀਆਂ-ਵੱਡੀਆਂ ਝੀਲਾਂ 'ਤੇ ਰਹਿੰਦਾ ਹੈ, ਪਰ ਨਿਰਮਲਤਾ ਤੇ ਬਿਬੇਕਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਦੇ ਪੈਰ ਚਿੱਟੇ ਤੇ ਚੁੰਝ ਲਾਲ ਹੁੰਦੀ ਹੈ। ਇਸ ਦੀ ਚੁੰਝ ਵਿਚ ਖਟਾਸ ਹੁੰਦੀ ਹੈ ਜੋ ਦੁੱਧ ਤੇ ਪਾਣੀ ਨੂੰ ਵੱਖ ਕਰ ਦਿੰਦਾ ਹੈ। ਪੁਰਾਣੇ ਕਾਵਿ ਗ੍ਰੰਥਾਂ ਵਿਚ 'ਮੋਤੀ' ਚੁਗਣ ਵਾਲਾ ਪੰਛੀ ਲਿਖਿਆ ਹੈ। ਗੁਰਬਾਣੀ ਵਿਚ ਹੰਸ ਨੂੰ ਜੀਵ-ਆਤਮਾ, ਰੂਹ ਕਰਕੇ ਵੀ ਵਰਣਨ ਕੀਤਾ ਗਿਆ ਹੈ। ਪਰਮ ਹੰਸ ਨੂੰ ਪਾਰਬ੍ਰਹਮ ਅਤੇ ਨਿਗੁਣ ਬ੍ਰਹਮ ਵੀ ਆਖਿਆ ਗਿਆ ਹੈ। ਗੁਰਬਾਣੀ ਵਿਚ ਜੋ ਹੋਰ ਸ਼ਬਦ-ਸਰੂਪ ਇਸ ਪੰਛੀ ਲਈ ਆਏ ਹਨ, ਉਹ ਹੰਸੁ, ਹੰਸੁਲਾ, ਹੰਸੁਲੇ, ਹੰਝ ਹਨ:

*ਊਜਲ ਮੋਤੀ ਚੂਗਹਿ ਹੰਸ॥* *(ਪੰਨਾ ੩੫੨)*

**ਕਊਆ**: ਕਊਆ (Crow) ਕਾਲੇ ਰੰਗ ਦਾ ਪੰਛੀ ਹੈ। ਇਸ ਨੂੰ ਕਾਂ ਜਾਂ ਕਾਗ ਵੀ ਆਖਦੇ ਹਨ। ਭੂਗੋਲਿਕ ਤੌਰ 'ਤੇ ਇਸ ਦੀਆਂ ਜਾਤੀਆਂ ਚੁੰਝਾਂ ਅਤੇ ਖੰਭਾਂ ਕਾਰਨ ਵੱਖ-ਵੱਖ ਹਨ। ਆਮ ਤੌਰ 'ਤੇ ਇਸ ਦਾ ਆਕਾਰ ੫੦-੭੦ ਸੈਂਟੀਮੀਟਰ ਹੁੰਦਾ ਹੈ। ਇਹ ਪੰਛੀ ਸਰਬ-ਆਹਾਰੀ ਹੈ। ਲੋਕ ਇਸ ਨੂੰ ਸਫਾਈ ਕਰਮਚਾਰੀ ਕਰਕੇ ਵੀ ਬਲਾਉਂਦੇ ਹਨ। ਮੌਸਮ ਅਨੁਕੂਲ ਇਹ ਨਿਵਾਸ ਕਰਦਾ ਹੈ। ਗੁਰਬਾਣੀ ਵਿਚ ਇਸ ਪੰਛੀ ਬਾਰੇ ਜੋ ਹੋਰ ਸ਼ਬਦ-ਜੋੜ ਆਏ ਹਨ, ਉਹ: ਕਾਓ, ਕਾਉ, ਕਾਕ, ਕਾਕਹ, ਕਾਗ, ਕਾਗਉ, ਕਾਗਾ, ਕਾਗੁ ਅਤੇ ਬਾਇਸ ਆਦਿ ਹਨ

*ਕਊਆ ਕਹਾ ਕਪੂਰ ਚਰਾਏ॥* *(ਪੰਨਾ ੪੮੧)*

**ਕੋਪਤਿ**: ਕੋਪਤਿ (Pigeon) ਨੂੰ ਕਬੂਤਰ ਵੀ ਆਖਦੇ ਹਨ। ਇਸ ਦੀ ਡੂੰਘੀ ਅਵਾਜ਼ "ਗੁਟਰ-ਗੂੰ, ਗੁਟਰ-ਗੂੰ" ਪ੍ਰਸਿੱਧ ਹੈ। ਇਹ ਦੇਸ਼-ਵਿਦੇਸ਼ਾਂ ਵਿਚ ਵਿਚਰਦਾ ਹੈ ਅਤੇ ਘਰਾਂ ਦੇ ਆਸ-ਪਾਸ ਹੀ ਰਹਿ ਕੇ ਦਾਣਾ ਚੁਗਦਾ ਹੈ ਅਤੇ ਆਲ੍ਹਣਾ ਪਾਉਂਦਾ ਹੈ:

*ਜਿਉ ਪੰਖੀ ਕਪੋਤਿ ਆਪੁ ਬਨ੍ਹਾਇਆ ਮੇਰੀ ਜਿੰਦੁੜੀਏ*
*ਤਿਉ ਮਨਮੁਖ ਸਭਿ ਵਸਿ ਕਾਲੇ ਰਾਮ॥* *(ਪੰਨਾ ੫੩੮)*

**ਕੁੱਕੜ:** ਕੁੱਕੜ (Cock) ਇਕ ਪ੍ਰਸਿੱਧ ਪੰਖੇਰੂ ਹੈ। ਇਹ ਘਰਾਂ ਵਿਚ ਆਮ ਪਾਇਆ ਜਾਂਦਾ ਹੈ। ਇਸ ਨੂੰ ਮੁਰਗਾ ਵੀ ਆਖਦੇ ਹਨ ਅਤੇ ਇਸ ਪੰਛੀ ਦੀ ਮਦੀਨ ਦੀ 'ਮੁਰਗੀ' ਸੰਗਿਆ ਹੈ। ਆਮ ਤੌਰ 'ਤੇ ੧੮ ਮਹੀਨੇ ਤੋਂ ਉੱਪਰ ਵਾਲੇ ਪੰਖੇਰੂ ਨੂੰ ਹੀ ਕੁੱਕੜ ਆਖਦੇ ਹਨ। ਗੁਰਬਾਣੀ ਵਿਚ ਇਸ ਪੰਛੀ ਦੇ ਹੋਰ ਸ਼ਬਦ-ਸਰੂਪ ਕੁਰਕਟ ਅਤੇ ਮੁਰਗੀ ਆਦਿ ਹਨ:

*ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ॥ (ਪੰਨਾ ੩੨੨)*

**ਕੂੰਜ:** ਕੂੰਜ (Koonj Or Karkara, Domoiselle crane) ਇਕ ਕਾਸ਼ਨੀ ਰੰਗ ਦੀ ਲੰਮੀ ਗਰਦਨ ਵਾਲਾ ਪੰਛੀ ਹੈ, ਜੋ ਸਰਦੀਆਂ ਵਿਚ ਗਰਮ ਦੇਸ਼ਾਂ ਵਿੱਚੋਂ ਆਉਂਦੀਆਂ ਹਨ ਅਤੇ ਗਰਮੀਆਂ ਵਿਚ ਠੰਡੇ ਦੇਸ਼ਾਂ ਵੱਲ ਚਲੀਆਂ ਜਾਂਦੀਆਂ ਹਨ। ਇਸ ਪੰਛੀ ਦੀਆਂ ਟੰਗਾਂ ਲੰਮੀਆਂ ਹੁੰਦੀਆਂ ਹਨ। ਇਸ ਪੰਛੀ ਬਾਰੇ ਗੁਰਬਾਣੀ ਵਿਚ ਜੋ ਹੋਰ ਸਰੂਪ ਆਏ ਹਨ ਉਹ ਕੂੰਜਾਂ, ਕੂੰਜੜੀਆ ਅਤੇ ਕੂੰਜਾ ਗੁਰਵਾਕ ਹੈ:

*ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ॥ (ਪੰਨਾ ੩੪)*

**ਕੋਇਲ:** ਕੋਇਲ (Koel) ਇਕ ਕਾਲੇ ਰੰਗ ਦਾ ਸੁਰੀਲੀ ਅਵਾਜ਼ ਵਾਲਾ ਪੰਛੀ ਹੈ, ਇਸ ਦਾ ਆਕਾਰ ੪੨ ਸੈਂਟੀਮੀਟਰ ਹੁੰਦਾ ਹੈ। ਮਾਦਾ-ਪੰਛੀ ਕੇਵਲ "ਕਿੱਕ-ਕਿੱਕ-ਕਿੱਕ" ਕਰਦੀ ਹੈ ਅਤੇ ਨਰ-ਪੰਛੀ ਦਾ ਗੀਤ "ਕੂ-ਕੂ-ਕੂ" ਹੁੰਦਾ ਹੈ। ਇਹ ਪੰਛੀ ਭਾਵੇਂ ਕਾਂ ਵਰਗਾ ਹੁੰਦਾ ਹੈ, ਪਰ ਇਸ ਦੀ ਦੁੰਮ ਲੰਮੀ ਹੁੰਦੀ ਹੈ। ਨਰ-ਪੰਛੀ ਦੀ ਚੁੰਝ ਪੀਲੀ-ਹਰੀ, ਪਰ ਰੰਗ ਕਾਲਾ ਹੁੰਦਾ ਹੈ ਅਤੇ ਅੱਖਾਂ ਲਾਲ। ਇਹ ਪੰਛੀ ਛੋਟੇ ਪੰਛੀਆਂ ਦੇ ਆਲ੍ਹਣੇ ਅਤੇ ਆਂਡੇ ਤੋੜਦਾ ਰਹਿੰਦਾ ਹੈ:

*ਕਾਲੀ ਕੋਇਲ ਤੂ ਕਿਤ ਗੁਨ ਕਾਲੀ॥ (ਪੰਨਾ ੭੯੪)*

**ਕੋਕਿਲਾ:** (Coucal, Centropus Sinensis) ਕੋਇਲ ਵਰਗਾ ਹੀ ਪੰਛੀ ਹੈ, ਪਰ ਇਸ ਦੇ ਪੈਰਾਂ ਦੇ ਪੰਜੇ ਸਿੱਧੇ ਹੁੰਦੇ ਹਨ। ਇਹ ਛੋਟੇ ਪੰਛੀਆਂ ਦੇ ਆਂਡੇ, ਸੱਪ ਆਦਿ ਦਾ ਆਹਾਰ ਕਰਦਾ ਹੈ। ਇਸ ਪੰਛੀ ਦੀਆਂ ਚਾਰ-ਪੰਜ ਕਿਸਮਾਂ ਹਨ, ਪਰ ਆਕਾਰ ੩੪-੪੩ ਸੈਂਟੀਮੀਟਰ ਵਿਚਕਾਰ ਹੁੰਦਾ ਹੈ:

*ਕੁਹਕਨਿ ਕੋਕਿਲਾ ਤਰਲ ਜੁਆਣੀ॥ (ਪੰਨਾ ੫੬੭)*

**ਚਕਵੀ:** ਚਕਵੀ (Brahminy Duck, Ruddy Goose) ਨੂੰ ਚਕਈ ਜਾਂ ਸੁਰਖਾਬ ਵੀ ਆਖਦੇ ਹਨ। ਇਸ ਪੰਛੀ ਬਾਰੇ ਪ੍ਰਸਿੱਧ ਹੈ ਕਿ ਜੇਕਰ ਜੋੜੇ ਵਿੱਚੋਂ ਇਕ ਮਰ ਜਾਏ ਤਾਂ ਦੂਜਾ ਵੀ ਜ਼ਿੰਦਾ ਨਹੀਂ ਰਹਿੰਦਾ। ਇਸ ਦੇ ਪਰ ਕਲਗੀ ਵਿਚ ਵੀ ਲਾਏ ਜਾਂਦੇ ਹਨ। ਇਸ ਨੂੰ ਸੂਰਜ ਚੜ੍ਹਨ ਦੀ ਤਾਂਘ ਹੁੰਦੀ ਹੈ। ਇਸੇ ਲਈ ਸੂਰਜ ਅਤੇ ਚਕਵੀ ਦਾ ਪਿਆਰ ਪ੍ਰਸਿੱਧ ਹੈ:

*ਜਿਉ ਚਕਵੀ ਸੂਰਜ ਆਸ॥ (ਪੰਨਾ ੮੩੮)*

**ਚਕੋਰ:** ਚਕੋਰ (Chukar, Afectoris Chukar) ਇਹ ਪਹਾੜੀ ਤਿੱਤਰ ਹੈ, ਜਿਸ ਦਾ ਆਕਾਰ ੩੭ ਸੈਂਟੀਮੀਟਰ ਹੁੰਦਾ ਹੈ। ਚਕੋਰ ਦੀ ਇਸਤਰੀ ਲਿੰਗ ਨੂੰ ਚਕੋਰੀ ਆਖਦੇ

ਹਨ। ਲਾਲ ਟੰਗਾਂ ਕਾਰਨ ਇਹ ਦੂਰੋਂ ਪਹਿਚਾਣਿਆ ਜਾਂਦਾ ਹੈ। 'ਮਹਾਨ ਕੋਸ਼' ਅਨੁਸਾਰ ਪੁਰਾਣੇ ਸਮੇਂ ਰਾਜੇ ਪ੍ਰੇਮ ਨਾਲ ਚਕੋਰ ਪਾਲਦੇ ਸਨ ਤੇ ਖਾਣਯੋਗ ਪਦਾਰਥ ਚਕੋਰ ਅੱਗੇ ਰੱਖਦੇ, ਜੋ ਚਕੋਰ ਤੇ ਉਨ੍ਹਾਂ ਨੂੰ ਵੇਖ ਕੇ ਬੁਰਾ ਅਸਰ ਨਾ ਹੋਵੇ, ਤਦ ਖਾਂਦੇ ਸਨ। ਵਿਸ਼ਵਾਸ ਇਹ ਸੀ ਕਿ ਜੇ ਖਾਣੇ ਵਿਚ ਜ਼ਹਿਰ ਹੋਵੇ, ਚਕੋਰ ਦੇ ਦੇਖਣਸਾਰ ਨੇਤਰ ਲਾਲ ਹੋ ਜਾਂਦੇ ਸਨ ਅਤੇ ਤੁਰੰਤ ਮਰ ਜਾਂਦਾ ਹੈ, ਇਸੇ ਲਈ ਚਕੋਰ ਦਾ ਨਾਮ 'ਵਿਸਦ੍ਰਸ਼ਨਮ੍ਰਿਤਯੁਕ' ਹੈ। ਅਨੇਕ ਕਵੀਆਂ ਨੇ ਚਕੋਰ ਨੂੰ ਅੰਗਾਰ ਖਾਣ ਵਾਲਾ ਲਿਖਿਆ ਹੈ। ਇਹ ਪੰਛੀ ਬਹੁਤੀ ਗਰਮੀ ਅਤੇ ਬਹੁਤੀ ਸਰਦੀ ਵੀ ਜਰ ਲੈਂਦਾ ਹੈ ਅਤੇ ਬਹੁਤ ਦੌੜਦਾ ਹੈ। ਲੜਾਕੂ ਸੁਭਾਅ ਦਾ ਹੋਣ ਕਾਰਨ, ਇਸ ਦੀ ਅਵਾਜ਼ ਵੀ ਲੰਮੀ ਹੁੰਦੀ ਹੈ। ਗੁਰਬਾਣੀ ਵਿਚ ਇਸ ਨੂੰ ਚਕੋਰਾ ਅਤੇ ਚਕੋਰੀ ਕਰ ਕੇ ਵੀ ਲਿਖਿਆ ਹੈ:

*ਮਨਿ ਪ੍ਰੀਤਿ ਚੰਦ ਚਕੋਰ॥* *(ਪੰਨਾ ੮੩੮)*

**ਚਰਗਾ:** ਚਰਗਾ (Falcon) ਇੱਲ ਨਾਲੋਂ ਥੋੜ੍ਹੇ ਛੋਟੇ ਆਕਾਰ ਦਾ ਸ਼ਿਕਾਰੀ ਪੰਛੀ ਹੈ। ਇਹ ਹਰ ਥਾਂ ਵੇਖਣ ਵਿਚ ਆਉਂਦਾ ਹੈ, ਖਾਸ ਕਰਕੇ ਖੇਤਾਂ, ਜੰਗਲਾਂ ਅਤੇ ਪਹਾੜੀ ਵਾਦੀਆਂ ਵਿਚ। ਇਸ ਦਾ ਆਕਾਰ ੪੫ ਸੈਂਟੀਮੀਟਰ ਹੁੰਦਾ ਹੈ। ਇਹ ਬਹੁਤ ਫੁਰਤੀਲਾ ਪੰਛੀ ਹੈ, ਜੋ ਛੋਟੇ ਪੰਛੀਆਂ ਅਤੇ ਹੋਰ ਜੰਤੂਆਂ ਦਾ ਸ਼ਿਕਾਰ ਕਰਦਾ ਹੈ। ਦੂਰੋਂ ਇਹ ਬਾਜ਼ ਵਰਗਾ ਲੱਗਦਾ ਹੈ:

*ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥* *(ਪੰਨਾ ੧੪੪)*

**ਚਿੜੀ:** ਚਿੜੀ (Sparrow) ਇਕ ਪ੍ਰਸਿੱਧ ਘਰੇਲੂ ਪੰਛੀ ਹੈ, ਜਿਸ ਦੀ ਖੁਰਾਕ ਦਾਣਾ ਅਤੇ ਛੋਟੇ-ਛੋਟੇ ਬੀਜ ਹੁੰਦੇ ਹਨ। ਕਦੀ-ਕਦੀ ਛੋਟੇ ਕੀੜੇ-ਪਤੰਗੇ ਵੀ ਖਾ ਲੈਂਦੀ ਹੈ। ਨਰ-ਪੰਛੀ ਦੀ ਅਵਾਜ਼ "ਤਸ਼ੀ-ਤਸ਼ੀ-ਤਸ਼ੀ" ਜਾਂ "ਚੀਰ-ਚੀਰ-ਚੀਰ" ਹੁੰਦੀ ਹੈ। ਇਸ ਪੰਛੀ ਦੇ ਵੱਡੇ ਝੁੰਡ ਰਾਤ ਸਮੇਂ ਸੌਣ ਤੋਂ ਪਹਿਲਾਂ ਅਤੇ ਸਵੇਰੇ ਉੱਠਣ ਤੋਂ ਬਾਅਦ ਇਕੱਠੇ ਹੋ ਕੇ ਬੜਾ ਸ਼ੋਰ ਮਚਾਉਂਦੇ ਹਨ। ਗੁਰਬਾਣੀ ਵਿਚ ਵੀ ਇਸ ਦਾ ਜ਼ਿਕਰ ਆਇਆ ਹੈ।

*ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥* *(ਪੰਨਾ ੩੧੯)*

**ਬਗ:** ਬਗ (Common Crane) ਇਕ ਚਿੱਟੇ ਰੰਗ ਦਾ ਪੰਛੀ ਹੈ, ਜੋ ਮੱਛੀਆਂ ਖਾਂਦਾ ਹੈ। ਇਸ ਦੀ ਧੌਣ ਅਤੇ ਲੱਤਾਂ ਲੰਮੀਆਂ ਹੁੰਦੀਆਂ ਹਨ। ਇਹ ਨਦੀਆਂ-ਨਾਲਿਆਂ ਦੇ ਕੰਢੇ ਬੈਠ ਕੇ ਆਪਣਾ ਸ਼ਿਕਾਰ ਲੱਭਦਾ ਰਹਿੰਦਾ ਹੈ। ਗੁਰਬਾਣੀ ਵਿਚ ਜੋ ਹੋਰ ਸ਼ਬਦ-ਸਰੂਪ ਇਸ ਪੰਛੀ ਲਈ ਆਏ ਹਨ ਉਹ: ਬਗਾ, ਬਗਲਾ, ਬਗਾਂ, ਬਗੁ, ਬਗੁਲ, ਬਗੁਲਾ, ਬਗੁਲਾਰੇ, ਬਗੁਲੇ ਅਤੇ ਬਗੇ ਆਦਿ ਹਨ:

*ਬਗ ਜਿਉ ਲਾਇ ਬਹੈ ਨਿਤ ਧਿਆਨਾ॥* *(ਪੰਨਾ ੨੩੦)*

**ਬਾਸੇ:** ਬਾਸੇ (Indian Sparrow hawk) ਇਕ ਸ਼ਿਕਾਰੀ ਪੰਛੀ ਹੈ, ਜਿਸ ਨੂੰ ਬਾਸ਼ਾ ਵੀ ਆਖਦੇ ਹਨ। ਇਸ ਦਾ ਆਕਾਰ ਲੱਗਭਗ ੩੫ ਸੈਂਟੀਮੀਟਰ ਹੁੰਦਾ ਹੈ। ਇਹ ਕਈ

ਵਾਰ ਸ਼ਿਕਰੇ ਵਰਗਾ ਲੱਗਦਾ ਹੈ। ਹੋਰ ਸ਼ਬਦ-ਸਰੂਪ 'ਬਾਸਾ' ਗੁਰਬਾਣੀ ਵਿਚ ਆਇਆ ਹੈ:

*ਵਸਿ ਆਣਿਹੁ ਵੇ ਜਨ ਇਸੁ ਮਨ ਕਉ ਮਨੁ ਬਾਸੇ ਜਿਉ ਨਿਤ ਭਉਦਿਆ॥*

*(ਪੰਨਾ ੨੨੬)*

**ਬਾਜ਼:** ਬਾਜ਼ (Hawk) ਇਹ ਇਕ ਸ਼ਿਕਾਰੀ ਪੰਛੀ ਹੈ, ਜਿਸ ਨੂੰ ਪਾਲ ਕੇ ਅਤੇ ਸਿਖਾ ਕੇ ਜੀਵਾਂ ਦਾ ਸ਼ਿਕਾਰ ਕੀਤਾ ਜਾਂਦਾ ਹੈ। ਇਸ ਨੂੰ ਗ਼ੁਲਾਬ ਪੰਛੀਆਂ ਦਾ ਰਾਜਾ ਵੀ ਆਖਦੇ ਹਨ। ਇਹ ਕੇਵਲ ਮਾਸ ਖਾ ਕੇ ਗੁਜ਼ਾਰਾ ਕਰਦਾ ਹੈ। ਆਪਣੇ ਬੱਚੇ ਨੂੰ ਆਪਣੇ ਮਿਹਦੇ ਵਿੱਚੋਂ ਅੱਧਪਚਿਆ ਮਾਸ ਉਗਲ ਕੇ ਉਸ ਨੂੰ ਖਵਾਉਂਦਾ ਹੈ। ਬਾਜ਼ਾਂ ਦੀਆਂ ਅਨੇਕ ਕਿਸਮਾਂ ਹਨ, ਜਿਵੇਂ- ਬਾਜ਼ ਢੋਕਾ, ਬਾਜ਼ ਕਟਾ, ਬਾਜ਼ ਜੁੱਰਾ ਆਦਿ। ਇਹ ਤਾਂ ਤਿੱਤਰ ਦਾ ਸ਼ਿਕਾਰ ਵੀ ਕਰ ਲੈਂਦਾ ਹੈ। ਗੁਰਬਾਣੀ ਵਿਚ 'ਬਾਜਾ' ਸਰੂਪ ਵੀ ਆਇਆ ਹੈ:

*ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥* *(ਪੰਨਾ ੧੪੪)*

**ਮੁਰਗਾਈ:** ਮੁਰਗਾਈ (Water Hen, Guinea Hen) ਪਾਣੀ ਦਾ ਇਕ ਪੰਛੀ ਹੈ, ਜਿਸ ਨੂੰ 'ਮੁਰਗਾਬੀ' ਜਾਂ 'ਆਬੀ ਮੁਰਗ' ਵੀ ਆਖਦੇ ਹਨ। ਇਸ ਦਾ ਆਕਾਰ ਵੀ ਲੱਗਭਗ ੩੦ ਸੈਂਟੀਮੀਟਰ ਹੁੰਦਾ ਹੈ। ਇਹ ਆਮ ਤੌਰ 'ਤੇ ਝੀਲਾਂ, ਤਲਾਬਾਂ ਅਤੇ ਛੱਪੜਾਂ ਵਿਚ ਰਹਿੰਦਾ ਹੈ। ਇਸ ਦੀ ਖੁਰਾਕ ਵਿਚ ਸਬਜ਼ੀਆਂ ਅਤੇ ਕੀੜੇ-ਪਤੰਗੇ ਸ਼ਾਮਲ ਹੁੰਦੇ ਹਨ। ਇਹ ਖ਼ਤਰੇ ਦੀ ਅਵਾਜ਼ ਸੁਣ ਕੇ ਅਚਾਨਕ ਅਲੋਪ ਹੋ ਜਾਂਦਾ ਹੈ। ਇਹ ਕੇਵਲ ਪਾਣੀ ਵਿਚ ਰਹਿੰਦਾ ਹੈ, ਜਿਸ ਕਾਰਨ ਇਸ ਨੂੰ ਪਹਾੜੀ ਲੋਕ 'ਜਲ ਕੁੱਕੜੀ' ਵੀ ਆਖਦੇ ਹਨ:

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥* *(ਪੰਨਾ ੯੩੮)*

**ਮੋਰ:** (Peacock, Pea-fowl) ਮੋਰ ਸਵੇਰ-ਸ਼ਾਮ ਖੇਤਾਂ ਵਿਚ ਲੰਮੀ ਮਨ ਮੋਹ ਲੈਂਦੀ ਰੰਗਦਾਰ ਦੁੰਮ ਕਾਰਨ ਬਹੁਤ ਪ੍ਰਸਿੱਧ ਹੈ। ਮੋਰ ਦੇ ਬੱਚਿਆਂ ਨੂੰ ਮੁਰਲੇ ਆਖਦੇ ਹਨ। ਨਰ-ਪੰਛੀ ਦਾ ਆਕਾਰ ੫.੯-੭.੫ ਫੁੱਟ ਅਤੇ ਮਾਦਾ ਪੰਛੀ ੨.੬-੩.੩ ਫੁੱਟ ਹੁੰਦੀ ਹੈ। ਇਸ ਨੂੰ ਭਾਰਤ ਦਾ ਕੌਮੀ ਪੰਛੀ ਹੋਣ ਦਾ ਮਾਣ ਵੀ ਪ੍ਰਾਪਤ ਹੈ। ਗੁਜਰਾਤ ਅਤੇ ਰਾਜਸਥਾਨ ਵਿਚ ਧਾਰਮਿਕ ਨਜ਼ਰੀਏ ਤੋਂ ਇਸ ਪੰਛੀ ਦੀ ਰੱਖਿਆ ਕੀਤੀ ਜਾਂਦੀ ਹੈ। ਇਸ ਦੀ ਆਵਾਜ਼ ਕਰਕੇ ਜੰਗਲ ਗੂੰਜ ਉੱਠਦਾ ਹੈ। ਇਸ ਦੀ ਖੁਰਾਕ ਵਿਚ ਦਾਣੇ ਤੋਂ ਇਲਾਵਾ ਕੀੜੇ-ਪਤੰਗੇ ਵੀ ਸ਼ਾਮਲ ਹਨ। ਇਹ ਸਾਵਣ ਵਿਚ ਬਾਰਿਸ਼ ਕਾਰਨ ਖੁਸ਼ੀ ਵਿਚ ਨੱਚਣ ਲੱਗਦੇ ਹਨ। ਖੂਬਸੂਰਤ ਲੰਮੀ ਦੁੰਮ ਕੇਵਲ ਮੋਰ (ਨਰ) ਦੀ ਹੁੰਦੀ ਹੈ। ਮੋਰਨੀ ਦੀ ਦੁੰਮ ਸਾਧਾਰਨ ਹੁੰਦੀ ਹੈ। ਗੁਰਬਾਣੀ ਵਿਚ ਇਸ ਦੇ ਜੋ ਸ਼ਬਦ-ਸਰੂਪ ਆਏ ਹਨ, ਉਹ ਮੁਰਲੇ, ਮੋਰੁ ਅਤੇ ਮੋਰਾ ਆਦਿ ਹਨ:

*ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥* *(ਪੰਨਾ ੫੫੭)*

■

# ਗੁਰਮਤਿ ਦਾ ਸਿਧਾਂਤਕ ਪੱਖ

*-ਡਾ. ਅਮਨਪ੍ਰੀਤ ਸਿੰਘ**

ਗੁਰਮਤਿ ਦਾ ਆਧਾਰ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ। ਗੁਰਬਾਣੀ ਦਾ ਸਿਰਜਣ-ਕਾਲ ਬਾਰ੍ਹਵੀਂ ਸਦੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਤਕ ਫੈਲਿਆ ਹੋਇਆ ਹੈ। ਬਾਰ੍ਹਵੀਂ ਸਦੀ ਵਿਚ ਭਗਤ ਸ਼ੇਖ ਫ਼ਰੀਦ ਜੀ ਅਤੇ ਭਗਤ ਜੈਦੇਵ ਜੀ ਦਾ ਨਾਮ ਵਿਸ਼ੇਸ਼ ਸਥਾਨ ਰੱਖਦਾ ਹੈ। ਭਗਤ ਸ਼ੇਖ ਫ਼ਰੀਦ ਜੀ ਪਹਿਲੇ ਸੂਫ਼ੀ ਪੰਜਾਬੀ ਕਵੀ ਦਾ ਦਰਜਾ ਰੱਖਦੇ ਹਨ। ਉਨ੍ਹਾਂ ਦੀ ਸੂਫ਼ੀ ਰਚਨਾ ਦੇ ਪ੍ਰਮਾਣ ਅਰਬੀ-ਫ਼ਾਰਸੀ ਭਾਸ਼ਾ ਵਿਚ ਵੀ ਮਿਲਦੇ ਹਨ।[੧] ਗੁਰੂ ਨਾਨਕ ਸਾਹਿਬ ਨੂੰ ਆਪਣੀਆਂ ਉਦਾਸੀਆਂ ਦੌਰਾਨ ਸ਼ੇਖ਼ ਬ੍ਰਹਮ ਤੋਂ ਜੋ ਬਾਣੀ ਭਗਤ ਸ਼ੇਖ ਫ਼ਰੀਦ ਜੀ ਦੀ ਪੰਜਾਬੀ ਭਾਸ਼ਾ ਵਿਚ ਮਿਲੀ, ਉਨ੍ਹਾਂ (ਸ੍ਰੀ ਗੁਰੂ ਨਾਨਕ ਸਾਹਿਬ ਜੀ) ਨੇ ਉਸ ਨੂੰ ਸੰਭਾਲ ਲਿਆ। ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ-ਕਾਲ ਵਿਚ ਚਾਰ ਲੰਮੇਰੀਆਂ ਉਦਾਸੀਆਂ (ਪ੍ਰਚਾਰ ਯਾਤਰਾਵਾਂ) ਕੀਤੀਆਂ ਜਿਸ ਵਿਚ ਉਨ੍ਹਾਂ ਸੁਮੇਰ ਪਰਬਤ, ਕਾਮਰੂਪ (ਅਸਾਮ), ਮੱਕਾ-ਮਦੀਨਾ, ਸ੍ਰੀ ਲੰਕਾ ਤਕ ਦੀ ਫੇਰੀ ਕੀਤੀ। ਇਸ ਯਾਤਰਾ ਦਾ ਮੰਤਵ ਜਿੱਥੇ ਲੋਕਾਈ ਦਾ ਪਾਰ-ਉਤਾਰਾ ਕਰਨਾ ਸੀ, ਉੱਥੇ ਬਾਕੀ ਸੰਤਾਂ-ਮਹਾਂਪੁਰਸ਼ਾਂ ਦੀ ਲਿਖਤਾਂ ਨੂੰ ਵਿਚਾਰਨਾ ਜਾਂ ਸੰਵਾਦ ਤੋਰਨਾ ਵੀ ਸੀ। ਇਸੇ ਯਾਤਰਾ ਦੌਰਾਨ ਜੋ ਬਾਣੀ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਗੁਰਮਤਿ ਦੇ ਅਨੁਕੂਲ ਜਾਪੀ ਉਨ੍ਹਾਂ ਨੇ ਇਕੱਤਰ ਕਰ ਲਈ ਅਤੇ ਮਗਰਲੇ ਗੁਰੂ ਸਾਹਿਬਾਨ ਨੂੰ ਗੁਰਿਆਈ ਸਮੇਂ ਸੌਂਪਦੇ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ, ਪੰਦਰ੍ਹਾਂ ਭਗਤ ਸਾਹਿਬਾਨ, ਗਿਆਰ੍ਹਾਂ ਭੱਟ ਸਾਹਿਬਾਨ ਅਤੇ ਗੁਰਸਿੱਖਾਂ ਦੀ ਬਾਣੀ ਸ਼ਾਮਲ ਹੈ। ਇਹ ਮਹਾਂਪੁਰਖ ਭਾਰਤ ਦੇ ਵੱਖ-ਵੱਖ ਜਾਤਾਂ/ਰਾਜਾਂ ਨਾਲ ਸੰਬੰਧਿਤ ਸਨ ਜਿਵੇਂ ਕਿ ਭਗਤ ਜੈਦੇਵ ਜੀ ਬੰਗਾਲ ਤੋਂ, ਭਗਤ ਨਾਮਦੇਵ ਜੀ ਮਹਾਰਾਸ਼ਟਰਾ ਤੋਂ, ਭਗਤ ਤ੍ਰਿਲੋਚਨ ਜੀ ਅਤੇ ਭਗਤ ਸਧਨਾ ਜੀ ਸਿੰਧ ਤੋਂ, ਭਗਤ ਪੀਪਾ ਜੀ ਰਾਜਸਥਾਨ ਨਾਲ ਸੰਬੰਧਿਤ ਸਨ।[੨] ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਜਿਹੇ ਪਹਿਲੇ ਧਾਰਮਿਕ ਗ੍ਰੰਥ ਹਨ, ਜੋ ਆਦਰਸ਼ਕ ਮਨੁੱਖ ਦੀ ਸਿਰਜਨਾ ਕਰਨ ਵਾਲੀ ਨਿਰੋਈ ਵਿਚਾਰਧਾਰਾ ਨੂੰ ਆਪਣੇ ਅੰਦਰ ਸਮੋਈ ਬੈਠੇ ਹਨ।

ਗੁਰੂ ਸਾਹਿਬਾਨ ਤੋਂ ਪਹਿਲਾਂ ਭਾਰਤ ਵਿਚ ਸਿੱਧ-ਨਾਥ ਪਰੰਪਰਾ ਦਾ ਬੋਲਬਾਲਾ ਸੀ ਜੋ ਅਧਿਆਤਮਕ ਜੀਵਨ ਲਈ ਸਮਾਜ ਦੇ ਤਿਆਗ ਵੱਲ ਅਗਰਸਰ ਸਨ। ਭਾਰਤ ਦੇ ਦੱਖਣ ਵਿਚ ਵਿਚਰਦੀ ਭਗਤੀ-ਕਾਵਿਧਾਰਾ ਨਿਰਗੁਣ ਅਤੇ ਸਰਗੁਣ ਪੱਖਾਂ 'ਤੇ ਵਿਚਰਦੀ ਸੀ। ਸਰਗੁਣ ਕਾਵਿ ਵਿਚ ਕ੍ਰਿਸ਼ਨ-ਕਾਵਿ ਅਤੇ ਰਾਮ-ਕਾਵਿ ਪ੍ਰਚੱਲਿਤ ਸਨ; ਜਿਸ ਨੇ ਮੂਰਤੀਵਾਦ ਨੂੰ ਵਧਾਵਾ ਦਿੱਤਾ। ਇਹ ਲਹਿਰਾਂ ਅਵਤਾਰਵਾਦ ਦੀਆਂ ਸਮਰਥਕ ਸਨ। ਸਾਮੀ ਮਤ (ਇਸਲਾਮ, ਯਹੂਦੀ ਅਤੇ ਈਸਾਈ) ਦੀ ਲਹਿਰ ਜੇਕਰ ਅਵਤਾਰਵਾਦ ਅਤੇ

**ਅਸਿਸਟੈਂਟ ਪ੍ਰੋਫ਼ੈਸਰ, ਮਾਤਾ ਗੁਜਰੀ ਕਾਲਜ, ਫ਼ਤਿਹਗੜ੍ਹ ਸਾਹਿਬ। ਮੋ: +੯੧੮੧੯੬੯-੩੮੮੮੬*

ਮੂਰਤੀ-ਪੂਜਾ ਦੇ ਵਿਰੁੱਧ ਸੀ ਤਾਂ ਇਸਲਾਮ ਪਰਮਾਤਮਾ ਦਾ ਘੇਰਾ ਸੱਤ ਪਤਾਲਾਂ ਤਕ ਸੀਮਤ ਕਰਦਾ ਸੀ। ਇਸ ਕਰਕੇ ਗੁਰਮਤਿ ਨੇ ਪਰੰਪਰਕ ਲਹਿਰਾਂ ਦੇ ਕਈ ਸਿਧਾਂਤ ਰੱਦ ਕਰ ਕੇ ਉਨ੍ਹਾਂ ਨੂੰ ਨਵੇਂ ਕੋਣ ਤੋਂ ਵਿਚਾਰ ਸਾਹਮਣੇ ਰੱਖੇ। ਜਿਨ੍ਹਾਂ ਨੂੰ ਹੇਠ ਲਿਖੇ ਵਰਗਾਂ ਵਿਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ:

੧. ਅਧਿਆਤਮਿਕ ਸਿਧਾਂਤ
੨. ਸਮਾਜਿਕ ਸਿਧਾਂਤ
੩. ਧਾਰਮਿਕ ਸਿਧਾਂਤ
੪. ਆਰਥਿਕ ਸਿਧਾਂਤ
੫. ਰਾਜਨੀਤਿਕ ਸਿਧਾਂਤ
੬. ਨੈਤਿਕ ਸਿਧਾਂਤ
੭. ਇਤਿਹਾਸਿਕ ਸਿਧਾਂਤ

ਅਧਿਆਤਮਿਕਤਾ ਪਰਮਾਤਮਾ, ਜੀਵਾਤਮਾ, ਜਗਤ, ਮਾਇਆ ਅਤੇ ਮੁਕਤੀ ਆਦਿ ਸੰਕਲਪਾਂ 'ਤੇ ਵਿਚਾਰ ਤੋਰਨ ਦਾ ਚਰਨ ਹੁੰਦਾ ਹੈ। ਗੁਰਮਤਿ ਵਿਚ ਪਰਮਾਤਮਾ ਦਾ ਨਿਰਗੁਣ-ਸਰਗੁਣ ਸਰੂਪ ਚਿਤਰਿਆ ਗਿਆ ਹੈ ਕਿ ਜਗਤ ਰਚਨਾ ਤੋਂ ਪਹਿਲਾਂ ਪਰਮਾਤਮਾ ਧੁੰਧੂਕਾਰੇ ਦੀ ਸਥਿਤੀ ਵਿਚ ਸੁੰਨ ਸਮਾਧਿ ਲਗਾ ਰਿਹਾ ਸੀ:

*ਕੇਤੇ ਜੁਗ ਵਰਤੇ ਗੁਬਾਰੈ॥ ਤਾੜੀ ਲਾਈ ਅਪਰ ਅਪਾਰੈ॥*
*ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ॥* *(ਪੰਨਾ ੧੦੨੬)*

ਜਦੋਂ ਉਸ ਦੀ ਜਗਤ ਰਚਨ ਦੀ ਇੱਛਾ ਹੋਈ ਤਾਂ ਉਸ ਨੇ ਆਪਣੇ ਇਸ ਪਰਪੰਚ ਦੀ ਸਿਰਜਣਾ ਕੀਤੀ:

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥* *(ਪੰਨਾ ੪੬੩)*

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂਆਤ ਵਿਚ ਆਇਆ 'ਮੂਲ ਮੰਤਰ' ਪਰਮਾਤਮਾ ਦੀ ਅਦਵੈਤਵਾਦੀ ਧਾਰਨਾ, ਸੱਚ, ਸਰਬ-ਵਿਆਪਕਤਾ, ਨਿਰਵੈਰ, ਮੂਰਤਿ-ਰਹਿਤ ਸਥਿਤੀ ਨੂੰ ਬਿਆਨ ਕਰਦਾ ਹੈ। ਜੀਵਾਤਮਾ ਨੂੰ ਪਰਮਾਤਮਾ ਦਾ ਅੰਸ਼ ਸਵੀਕਾਰ ਕੀਤਾ ਗਿਆ ਹੈ ਜੋ ਜਨਮ ਤੋਂ ਪਹਿਲਾਂ ਪਰਮਾਤਮਾ ਦਾ ਹਿੱਸਾ ਹੁੰਦੀ ਹੈ ਅਤੇ ਮੌਤ ਤੋਂ ਬਾਅਦ ਉਸੇ ਵਿਚ ਸਮਾਂ ਜਾਂਦੀ ਹੈ:

*ਪਵਨੈ ਮਹਿ ਪਵਨੁ ਸਮਾਇਆ॥ ਜੋਤੀ ਮਹਿ ਜੋਤਿ ਰਲਿ ਜਾਇਆ॥*
*(ਪੰਨਾ ੮੮੫)*

ਗੁਰਮਤਿ ਮਨੁੱਖ ਨੂੰ ਜਗਤ ਵਿਚ ਰਹਿ ਕੇ ਪਰਮਾਰਥ ਨਿਭਾਉਣ ਵੱਲ ਲਗਾਉਂਦੀ ਹੈ। ਮਨੁੱਖ ਗੁਰੂ ਦੀਆਂ ਸਿੱਖਿਆਵਾਂ 'ਤੇ ਚੱਲਦਾ ਹੈ। ਇਸ ਰਾਹ ਦੇ ਪਾਂਧੀ ਨੂੰ 'ਗੁਰਮੁਖ' ਕਿਹਾ ਗਿਆ ਹੈ। ਜਗਤ ਦੀ ਸਿਰਜਣਾ ਪਰਮਾਤਮਾ ਨੇ ਆਪਣੇ ਹੁਕਮ ਅਨੁਸਾਰ ਆਪ ਕੀਤੀ ਹੈ। ਪਰ ਜਗਤ ਰਚਨਾ ਕਦੋਂ ਅਤੇ ਕਿਵੇਂ ਹੋਈ? ਇਸ ਬਾਰੇ ਜਾਨਣਾ ਮਨੁੱਖ ਦੇ ਵੱਸ ਦੀ ਗੱਲ ਨਹੀਂ ਹੈ। ਗੁਰਮਤਿ-ਕਾਵਿਧਾਰਾ ਜਗਤ ਨੂੰ ਕਰਤੇ ਦੀ ਰਚੀ ਹੋਣ ਕਾਰਨ ਇਸ ਵਿਚ ਪਰਮਾਤਮਾ ਦਾ ਵਾਸਾ ਮੰਨਦੀ ਹੈ। ਇਸ ਜਗਤ ਵਿਚ ਮਨੁੱਖੀ ਜਨਮ ਨੂੰ ਧੰਨ ਕਿਹਾ ਗਿਆ ਹੈ ਕਿ ਇਸ ਜੀਵਨ ਵਿਚ ਮਨੁੱਖ ਪਰਮਾਤਮਾ ਨਾਲ ਮਿਲਾਪ ਹਾਸਿਲ ਕਰ ਸਕਦਾ ਹੈ, ਪਰ ਉਸ ਨੂੰ ਸੰਸਾਰ ਵਿਚਲੀ ਮਾਇਆ ਦੇ ਮੋਹ ਨੇ

ਖਾ ਲਿਆ ਹੈ। ਡਾ. ਸਮਸ਼ੇਰ ਸਿੰਘ ਨੇ 'ਐਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਕਸ' ਦੇ ਹਵਾਲੇ ਨਾਲ ਮਾਇਆ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ ਕਿ ਮਨ ਅਤੇ ਪ੍ਰਕਿਰਤੀ ਦੇ ਜਗਤ ਨੂੰ, ਜਿਸ ਨੂੰ ਅਸੀਂ ਮਾਨਸਿਕ ਸ਼ਕਤੀਆਂ ਦੁਆਰਾ ਸਮਝਣ ਦਾ ਯਤਨ ਕਰਦੇ ਹਾਂ, ਉਸ ਨੂੰ ਭਾਰਤੀ ਦਰਸ਼ਨ ਸਾਹਿਤ ਵਿਚ 'ਮਾਇਆ' ਕਹਿੰਦੇ ਹਨ।[੩] ਗੁਰਮਤਿ ਵਿਚ ਮਾਇਆ ਨੂੰ ਕਰਤੇ ਦੀ ਸ਼ਕਤੀ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ, ਜਿਸ ਦੇ ਹੁਕਮ ਵਿਚ ਹੀ ਸ੍ਰਿਸ਼ਟੀ ਦੀ ਰਚਨਾ ਹੋਈ ਮੰਨੀ ਜਾਂਦੀ ਹੈ।

*ਮਾਇਆ ਮਮਤਾ ਕਰਤੈ ਲਾਈ॥*
*ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ॥* (ਪੰਨਾ ੧੨੬੧)

ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ ਮਾਇਆ ਜੀਵਾਤਮਾ ਨੂੰ ਦੁੱਖ-ਸੁੱਖ ਦੇ ਬੰਧਨ ਵਿਚ ਜਕੜੀ ਰੱਖਦੀ ਹੈ ਅਤੇ ਇਸ ਤੋਂ ਹੀ ਮਨੁੱਖ ਹਉਮੈਂ ਦਾ ਸ਼ਿਕਾਰ ਬਣਦਾ ਹੈ:

*ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ॥*
*ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ॥* (ਪੰਨਾ ੬੭)

ਸ. ਸੁਰਿੰਦਰ ਸਿੰਘ (ਕੋਹਲੀ) ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਇਆ ਪਦ ਪਦਾਰਥਕ ਧਨ, ਸੰਪਤੀ, ਮਾਨਵੀ ਤ੍ਰਿਸ਼ਨਾਪੂਰਨ ਵਸਤਾਂ ਦਾ ਵੀ ਅਰਥ-ਬੋਧਕ ਹੈ, ਜੋ ਸਾਨੂੰ ਪ੍ਰਭੂ ਅਤੇ ਸਰਵ-ਵਿਆਪੀ ਸੱਤਾ ਤੋਂ ਪਰ੍ਹਾਂ ਲਿਜਾਣ ਦਾ ਕਾਰਨ ਬਣਦੀਆਂ ਹਨ।[੪] ਬੇਸਮਝ ਮਨੁੱਖ ਦੁਨਿਆਵੀ ਪਦਾਰਥਾਂ ਦੀ ਨਾਸ਼ਵਾਨਤਾ ਅਤੇ ਥੁੜ੍ਹ-ਚਿਰਤਾ ਨੂੰ ਅੰਤਿਮ-ਸੱਚ ਜਾਣ ਲੈਂਦਾ ਹੈ। ਉਹ ਸੰਸਾਰਿਕ ਵਸਤਾਂ ਦੇ ਮੋਹ ਵਿਚ ਪਰਮਾਤਮਾ ਨੂੰ ਪਰਾਇਆ ਗਿਣ ਬੈਠਦਾ ਹੈ:

*ਮਾਇਆ ਮੋਹਿ ਸਗਲ ਜਗੁ ਛਾਇਆ॥ ਕਾਮਣਿ ਦੇਖਿ ਕਾਮਿ ਲੋਭਾਇਆ॥*
*ਸੁਤ ਕੰਚਨ ਸਿਉ ਹੇਤੁ ਵਧਾਇਆ॥ ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ॥*
(ਪੰਨਾ ੧੩੪੨)

ਅਜਿਹਾ ਮਨੁੱਖ ਜਨਮ-ਮਰਨ ਭੋਗਦਾ ਹੈ ਅਤੇ ਉਸ ਦੀ ਮੁਕਤੀ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ:

*ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ॥*
*ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ॥* (ਪੰਨਾ ੩੫੩)

ਸ. ਮਨਮੋਹਨ ਸਿੰਘ ਨੇ ਮਾਇਆ ਦੇ ਦੋ ਭੇਤ ਮੰਨੇ ਹਨ: ਵਿੱਦਿਆ ਮਾਇਆ ਅਤੇ ਅਵਿੱਦਿਆ ਮਾਇਆ। ਵਿੱਦਿਆ ਮਾਇਆ ਬ੍ਰਹਮ ਦੇ ਅਧੀਨ ਅਜਿਹੀ ਸ਼ਕਤੀ ਹੈ ਜਿਸ ਦੁਆਰਾ ਉਹ ਜਗਤ ਦੀ ਰਚਨਾ ਕਰਦਾ ਹੈ। ਇਸ ਨੂੰ ਮਾਇਆ ਦਾ 'ਸ਼ਕਤੀ-ਰੂਪ' ਜਾਂ 'ਸ੍ਰਿਸ਼ਟੀ-ਉਤਪਾਦਕ-ਰੂਪ' ਕਿਹਾ ਜਾ ਸਕਦਾ ਹੈ। ਅਵਿੱਦਿਆ ਮਾਇਆ ਉਹ ਹੈ ਜੋ ਜੀਵ 'ਤੇ ਹਾਵੀ ਹੋ ਕੇ ਉਸ ਨੂੰ ਆਪਣੇ ਅਧੀਨ ਰੱਖਦੀ ਹੈ ਅਤੇ ਜੀਵ ਸੰਸਾਰਕ ਪਦਾਰਥਾਂ ਵਿਚ ਖਚਿਤ ਰਹਿੰਦਾ ਹੈ। ਇਸ ਵਿਚ ਅਗਿਆਨ, ਭਰਮ, ਵਿਸ਼ੇ-ਵਿਕਾਰ, ਵਾਸਨਾ, ਮੋਹ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਧਨ-ਸੰਪਤੀ, ਕਨਕ-ਕਾਮਨੀ, ਦੁਨਿਆਵੀ ਸੁੱਖ ਅਤੇ ਤ੍ਰਿਸ਼ਨਾ-ਜਾਲ ਆਦਿ ਸ਼ਾਮਿਲ ਹਨ।[੫] ਗੁਰਬਾਣੀ ਨੇ ਮਨੁੱਖ ਨੂੰ ਮਾਇਆ ਤੋਂ

ਬਚਣ ਲਈ ਪਰਮਾਤਮਾ ਦਾ ਨਾਮ ਜਪਣ:

*ਨਾਨਕ ਹਰਿ ਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ ਲਿਵ ਤਾਰ॥*
*ਮਾਇਆ ਬੰਦੀ ਖਸਮ ਕੀ ਤਿਨ ਅਗੈ ਕਮਾਵੈ ਕਾਰ॥* *(ਪੰਨਾ ੯੦)*

ਉਸ ਦੀ ਓਟ:

*ਪ੍ਰਭ ਕੀ ਓਟ ਗਹੀ ਤਉ ਛੂਟੋ॥* *(ਪੰਨਾ ੬੭੩)*

ਅਤੇ ਸਾਧ ਸੰਗਤ ਕਰਨਾ ਜ਼ਰੂਰੀ ਦੱਸਿਆ ਹੈ:

*ਕਹੁ ਨਾਨਕ ਜਿਨਿ ਧੂਰਿ ਸੰਤ ਪਾਈ॥ ਤਾ ਕੈ ਨਿਕਟਿ ਨ ਆਵੈ ਮਾਈ॥*
*(ਪੰਨਾ ੧੮੨)*

ਧਰਮਾਂ ਦਾ ਮੁੱਖ ਉਦੇਸ਼ ਮੁਕਤੀ ਤਕ ਅੱਪੜਨਾ ਹੁੰਦਾ ਹੈ। ਸ. ਰਤਨ ਸਿੰਘ ਜੱਗੀ ਨੇ ਮੁਕਤੀ ਦਾ ਅਰਥ ਛੁਟਕਾਰਾ, ਖ਼ਲਾਸੀ ਜਾਂ ਰਿਹਾਈ ਦੱਸਿਆ ਹੈ।[੬] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਜਿਸ ਨੇ ਅਗਿਆਨਤਾ ਦੇ ਬੰਧਨ ਤੋਂ ਛੁਟਕਾਰਾ ਪਾਇਆ ਹੈ, ਉਹ ਹੀ ਮੁਕਤ ਹੈ।[੭] 'ਜਪੁ ਜੀ' ਸਾਹਿਬ ਬਾਣੀ ਵਿਚ ਮੁਕਤੀ ਦੀ ਅਵਸਥਾ ਨੂੰ ਪਹੁੰਚੇ ਮਨੁੱਖ ਲਈ 'ਸਚਿਆਰ' ਅਤੇ 'ਪੰਚ' ਸ਼ਬਦ ਦੀ ਵਰਤੋਂ ਕੀਤੀ ਗਈ ਹੈ।[੮] ਮਨੁੱਖ ਜਗਤ ਵਿਚ ਵਿਚਰਦਾ ਹੋਇਆ ਜਦੋਂ ਮਾਇਆ ਦੇ ਮੋਹ ਵਿਚ ਪੈ ਕੇ ਮੂਲ ਨੂੰ ਵਿਸਾਰ ਦੇਂਦਾ ਹੈ ਤਾਂ ਉਹ ਬੰਧਨ ਵਿਚ ਹੁੰਦਾ ਹੈ:

*ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥*
*(ਪੰਨਾ ੯੨੧)*

ਸਿੱਖ ਚਿੰਤਨ ਵਿਚ ਦੋ ਤਰ੍ਹਾਂ ਦੀ ਮੁਕਤੀ ਦੀ ਚਰਚਾ ਹੋਈ ਮਿਲਦੀ ਹੈ: 'ਵਿਦੇਹ ਮੁਕਤੀ' ਅਤੇ 'ਜੀਵਨ ਮੁਕਤੀ'।[੯] 'ਵਿਦੇਹ ਮੁਕਤੀ' ਤੋਂ ਭਾਵ ਮਰਨ ਉਪਰੰਤ ਆਵਾਗਵਣ ਤੋਂ ਛੁਟਕਾਰਾ ਅਤੇ ਆਤਮਾ ਦਾ ਪਰਮਾਤਮਾ ਨਾਲ ਅਭੇਦ ਹੋਣਾ ਹੈ।[੧੦] ਗੁਰਬਾਣੀ ਵਿਚ ਇਸ ਅਵਸਥਾ ਨੂੰ ਪੂਰਨ ਪਰਮਾਨੰਦ ਦੀ ਅਵਸਥਾ ਕਿਹਾ ਗਿਆ ਹੈ:

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥* *(ਪੰਨਾ ੧੩੬੫)*

ਦੂਸਰਾ 'ਜੀਵਨ ਮੁਕਤੀ' ਤੋਂ ਭਾਵ ਜਿਊਂਦੇ-ਜੀਅ ਹਰ ਪ੍ਰਕਾਰ ਦੇ ਬੰਧਨਾਂ ਤੋਂ ਮੁਕਤ ਹੋਣਾ ਹੈ। ਗੁਰਮਤਿ ਵਿਚ ਜੀਵਨ ਮੁਕਤੀ ਨੂੰ ਆਦਰਸ਼ ਦੇ ਤੌਰ 'ਤੇ ਵਧੇਰੇ ਮਾਨਤਾ ਪ੍ਰਾਪਤ ਹੈ। ਗੁਰ-ਸ਼ਬਦ, ਸੱਚੀ-ਰਹਿਤ ਦੀ ਪਾਲ਼ਣਾ ਅਤੇ ਪ੍ਰਭੂ ਆਗਿਆ ਵਿਚ ਖਿੜੇ ਰਹਿਣਾ ਹੀ 'ਜੀਵਨ ਮੁਕਤੀ' ਦੀ ਅਵਸਥਾ ਹੈ:

*ਜੀਵਨ ਮੁਕਤੁ ਜਾ ਸਬਦੁ ਸੁਣਾਏ॥ ਸਚੀ ਰਹਤ ਸਚਾ ਸੁਖੁ ਪਾਏ॥ (ਪੰਨਾ ੧੩੪੩)*

ਮੁਕਤੀ ਪ੍ਰਾਪਤ ਕਰਨ ਦੇ ਸਾਧਨ ਪ੍ਰਭੂ ਦਾ ਹੁਕਮ ਮੰਨਣਾ, ਰਜ਼ਾ ਅਤੇ ਭਾਣਾ, ਗੁਰੂ ਦੀ ਸ਼ਰਨ, ਸੇਵਾ, ਹਉਮੈਂ ਦਾ ਤਿਆਗ, ਪਰਮਾਤਮਾ ਦੀ ਮਿਹਰ, ਮਾਇਆ ਦਾ ਤਿਆਗ ਅਤੇ ਆਪਾ ਚੀਨਣ ਆਦਿ ਮੰਨੇ ਗਏ ਹਨ। ਭਗਤ ਨਾਮਦੇਵ ਜੀ ਨੇ ਮੁਕਤ ਅਵਸਥਾ ਨੂੰ 'ਸਹਿਜ ਅਵਸਥਾ' ਕਿਹਾ ਹੈ।[੧੧] ਗੁਰਬਾਣੀ ਦੀ ਵਿਚਾਰਧਾਰਾ ਅਨੁਸਾਰ ਚਲਦਾ ਮਨੁੱਖ ਜੀਵਨ ਮੁਕਤੀ ਪ੍ਰਾਪਤ ਕਰਦਾ ਪੰਜ ਚੋਰਾਂ (ਵਿਕਾਰਾਂ) ਤੋਂ ਮੁਕਤ ਹੁੰਦਾ ਹੈ ਅਤੇ ਵਿਦੇਹ

ਮੁਕਤੀ ਵਿਚ ਉਹ ਪਰਮਾਤਮਾ ਵਿਚ ਸਮਾ ਜਾਂਦਾ ਹੈ ਜਿਸ ਨਾਲ ਉਸ ਦਾ ਆਵਾਗਵਣ ਦਾ ਚੱਕਰ ਖ਼ਤਮ ਹੋ ਜਾਂਦਾ ਹੈ।

ਸਿੱਖ ਧਰਮ ਵਿਚ ਗ੍ਰਹਿਸਥ ਨੂੰ ਮਹੱਤਤਾ ਪ੍ਰਦਾਨ ਕੀਤੀ ਗਈ ਹੈ। ਗੁਰੂ ਸਾਹਿਬਾਨ ਪਰਮਾਤਮਾ ਨੂੰ ਪਾਉਣ ਲਈ ਗ੍ਰਹਿਸਥ ਤਿਆਗ ਕੇ ਜੰਗਲਾਂ ਅਤੇ ਪਹਾੜਾਂ ਵਿਚ ਜਾਣ ਦੇ ਹੱਕ ਵਿਚ ਨਹੀਂ ਸਨ, ਕਿਉਂਕਿ ਭਲੇ ਲੋਕਾਂ ਦੇ ਸਮਾਜ ਤਿਆਗਣ ਨਾਲ ਇੱਕ ਤਾਂ ਸਮਾਜ ਦੇ ਲੋਕ ਪਖੰਡਾਂ-ਵਹਿਮਾਂ ਵਿਚ ਭਟਕਦੇ ਰਹਿੰਦੇ ਹਨ। ਦੂਜਾ, ਇਨ੍ਹਾਂ ਸਥਿਤੀਆਂ ਦਾ ਫਾਇਦਾ ਉਠਾ ਕੇ ਵਿਦੇਸ਼ੀ ਹਮਲਾਵਰ ਭਾਰਤੀਆਂ 'ਤੇ ਹਮਲਾ ਕਰਦੇ ਹਨ। ਇਹੋ ਤਿਆਗਵਾਦੀ ਨੀਤੀ ਕਾਰਨ ਭਾਰਤ ਵਿਚ ਕਾਇਰਤਾ ਫੈਲੀ ਅਤੇ ਲੋਕਾਂ ਨੂੰ ਸਦੀਆਂ ਬੱਧੀ ਗ਼ੁਲਾਮੀ ਕੱਟਣੀ ਪਈ। ਗੁਰਮਤਿ-ਕਾਵਿਧਾਰਾ ਨੇ ਪਰਵਾਰ ਵਿਚ ਰਹਿ ਕੇ ਸੰਤਾਨ ਅਤੇ ਪਤਨੀ ਦਾ ਸਾਥ ਨਿਭਾਉਂਦੇ ਹੋਏ, ਨਾਲ-ਨਾਲ ਪ੍ਰਭੂ ਦੇ ਗੁਣ ਗਾਉਣ ਅਤੇ ਪਵਿੱਤਰ ਜੀਵਨ ਜਿਊਣ 'ਤੇ ਜ਼ੋਰ ਦਿੱਤਾ ਹੈ।[੧੨] ਪੁਰਾਤਨ ਹਿੰਦੂ ਧਰਮ ਦੀ ਪਰੰਪਰਾ ਜਾਂ ਮੰਨੂੰ ਸਿਮ੍ਰਤੀ ਦੇ ਕੋਡ ਨੇ ਕਿੱਤੇ ਦੇ ਆਧਾਰ 'ਤੇ ਸਮਾਜ ਨੂੰ ਚਾਰ ਵਰਨਾਂ ਵਿਚ ਵਿਭਾਜਿਤ ਕੀਤਾ ਹੋਇਆ ਸੀ: ਬ੍ਰਹਮਣ, ਖੱਤਰੀ, ਵੈਸ਼ ਅਤੇ ਸ਼ੂਦਰ। ਬ੍ਰਹਮਣਾਂ ਦਾ ਧਰਮ ਪਾਠ-ਪੂਜਾ ਕਰਨਾ, ਵੇਦ ਪੜ੍ਹਨਾ ਅਤੇ ਜਗ-ਹਵਨ ਆਦਿ ਅਨੁਸ਼ਠਾਨ ਕਰਨੇ ਸਨ। ਸਮਾਜ ਵਿਚ ਬ੍ਰਹਮਣਾਂ ਦਾ ਦਰਜਾ ਸਤਿਕਾਰਯੋਗ ਸੀ ਅਤੇ ਅਖੌਤੀ ਸ਼ੂਦਰਾਂ ਦੀ ਸਥਿਤੀ ਤਰਸਯੋਗ ਸੀ। ਅਖੌਤੀ ਸ਼ੂਦਰਾਂ ਨੂੰ ਬਾਣੀ ਪੜ੍ਹਨ, ਧਰਮ ਅਸਥਾਨਾਂ 'ਤੇ ਜਾਣ, ਖੂਹ 'ਤੇ ਪਾਣੀ ਭਰਨ ਦਾ ਕੋਈ ਅਧਿਕਾਰ ਨਹੀਂ ਸੀ। ਸਿੱਖ ਧਰਮ ਦੀ ਵਿਚਾਰਧਾਰਾ ਨੇ ਵਰਨ-ਵਿਵਸਥਾ ਤੋਂ ਉੱਪਰ ਉੱਠ ਕੇ ਇਕਿਹਰਾ ਸਮਾਜ ਸਿਰਜਣ 'ਤੇ ਜ਼ੋਰ ਦਿੱਤਾ ਹੈ:

*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥* (ਪੰਨਾ ੭੪੭)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ. ਵਿਚ ਸ੍ਰੀ ਅਨੰਦਪੁਰ ਸਾਹਿਬ ਦੀ ਵੈਸਾਖੀ 'ਤੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਜਾਤ-ਪਾਤ ਮੁਕਤ ਸਮਾਜ ਸਿਰਜਿਆ। ਇਸ ਬਰਾਬਰਤਾ ਬਾਰੇ ਡਾ. ਗੋਕਲ ਚੰਦ ਨਾਰੰਗ ਨੇ ਠੀਕ ਲਿਖਿਆ ਹੈ ਕਿ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਭਾਈਚਾਰਾ ਸਾਜਿਆ ਜਿਸ ਵਿਚ ਉੱਚੇ-ਨੀਵੇਂ ਸਭ ਸਮਾਨ ਹਨ। ਉਨ੍ਹਾਂ ਨੇ ਚਾਰਾਂ ਜਾਤਾਂ ਨੂੰ ਕੇਵਲ ਇੱਕ ਕਰਨ ਦਾ ਹੀ ਯਤਨ ਨਹੀਂ ਕੀਤਾ, ਸਗੋਂ ਉਹ ਇੱਕ ਕਦਮ ਹੋਰ ਅੱਗੇ ਵਧੇ ਅਤੇ ਇੱਕ ਦਮ ਧਾਰਮਿਕ ਨਾ-ਬਰਾਬਰੀ ਨੂੰ ਸਮਾਪਤ ਕਰ ਕੇ ਇੱਕ ਧਰਮਤੰਤਰ ਲੋਕਰਾਜ ਦੀ ਸਥਾਪਨਾ ਕੀਤੀ।"[੧੩] ਗੁਰਬਾਣੀ ਸਮਾਜ ਵਿਚ ਨੀਚ ਗਿਣੇ ਜਾਣ ਵਾਲਿਆਂ ਨਾਲ ਰਾਬਤਾ ਕਾਇਮ ਕਰਦੀ ਹੋਈ ਮਾਣ ਮਹਿਸੂਸ ਕਰਦੀ ਹੈ ਨਾ ਕਿ ਮਾਇਆਧਾਰੀਆਂ ਨਾਲ ਮੇਲ ਵਧਾਉਣ ਵਿਚ:

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥* (ਪੰਨਾ ੧੫)

ਅਖੌਤੀ ਸ਼ੂਦਰਾਂ ਵਾਂਗ ਸਮਾਜ ਵਿਚ ਇਸਤਰੀ ਦੀ ਸਥਿਤੀ ਵੀ ਤਰਸਯੋਗ ਸੀ। ਸਿੱਧ-ਨਾਥ ਪਰੰਪਰਾ ਵਿਚ ਇਸਤਰੀ ਨੂੰ ਸ਼ਾਮਲ ਨਹੀਂ ਕੀਤਾ ਗਿਆ। ਹਿੰਦੂ ਧਰਮ ਵਿਚ ਇਸਤਰੀ ਨੂੰ ਘਰ ਦੀ ਚਾਰ ਦੀਵਾਰੀ ਅੰਦਰ ਰੱਖਿਆ ਜਾਂਦਾ। ਹਿੰਦੂ ਇਸਤਰੀ

ਨੂੰ ਮਰੇ ਪਤੀ ਨਾਲ ਅੱਗ ਵਿਚ ਜਿਊਂਦੇ ਜੀਅ ਸੜਨਾ ਪੈਂਦਾ ਸੀ। ਗੁਰਬਾਣੀ ਨੇ ਇਸਤਰੀ ਨੂੰ ਵਿਕਾਸ ਦਾ ਧੁਰਾ ਮੰਨਿਆ ਹੈ ਜਿਸ ਤੋਂ ਰਾਜੇ ਮਹਾਰਾਜੇ ਪੈਦਾ ਹੁੰਦੇ ਹਨ। ਇਸਤਰੀ ਨਾਲ ਹੀ ਗ੍ਰਹਿਸਥ ਮਾਰਗ ਤੁਰਦਾ ਹੈ; ਇਸ ਕਰਕੇ ਸਮਾਜ ਵਿਚ ਇਸਤਰੀ ਦਾ ਰੁਤਬਾ ਸਨਮਾਨਯੋਗ ਮੰਨਿਆ ਗਿਆ ਹੈ:

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥* *(ਪੰਨਾ ੪੭੩)*

ਸਿੱਖ ਧਰਮ ਵਿਚ ਸਤੀ ਦੀ ਰਸਮ ਦਾ ਵਿਰੋਧ ਕੀਤਾ ਗਿਆ ਹੈ। ਇਸ ਦੀ ਥਾਂ ਗੁਰੂ ਦੇ ਭਾਣੇ ਨੂੰ ਸਮਝ ਕੇ ਨਵੇਂ ਸਿਰੇ ਤੋਂ ਜ਼ਿੰਦਗੀ ਜਿਊਣ ਦਾ ਵਿਧਾਨ ਸਿਰਜਿਆ ਗਿਆ ਹੈ:

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥*
*ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥* *(ਪੰਨਾ ੭੮੭)*

'ਸਿੱਖ ਰਹਿਤ ਮਰਯਾਦਾ' ਵਿਚ ਵੀ ਕੰਨਿਆ ਨਾ ਮਾਰਨ ਅਤੇ ਕੰਨਿਆ ਮਾਰਨ ਵਾਲੇ ਨਾਲ ਨਾ ਵਰਤਣ ਦੀ ਹਦਾਇਤ ਕੀਤੀ ਗਈ ਹੈ।[੧੪]

ਗੁਰਮਤਿ ਕਾਵਿਧਾਰਾ ਨੇ ਸਿੱਖਾਂ ਨੂੰ ਰਹੁ-ਰੀਤਾਂ ਮਨਾਉਣ ਦਾ ਨਵਾਂ ਢੰਗ ਦਿੱਤਾ ਹੈ। ਜਨਮ ਸਮੇਂ ਬੱਚੇ ਦਾ ਨਾਮਕਰਣ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਵਾਕ ਲਿਆ ਜਾਂਦਾ ਹੈ। ਆਏ ਵਾਕ ਦੇ ਪਹਿਲੇ ਅੱਖਰ ਤੋਂ ਬੱਚੇ ਦਾ ਨਾਮ ਰੱਖਿਆ ਜਾਂਦਾ ਹੈ। ਲੜਕੇ ਦੇ ਨਾਮ ਨਾਲ 'ਸਿੰਘ' ਅਤੇ ਲੜਕੀ ਦੇ ਨਾਮ ਨਾਲ 'ਕੌਰ' ਲਗਾਇਆ ਜਾਂਦਾ ਹੈ। ਵਿਆਹ-ਪ੍ਰਥਾ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਵਿਚ ਦਰਜ ਲਾਵਾਂ ਅਨੁਸਾਰਿਤ ਅਨੰਦ-ਕਾਰਜ ਦੀ ਰੀਤ ਨਾਲ ਨਿਭਾਉਣ ਦਾ ਵਿਧਾਨ ਪੇਸ਼ ਕੀਤਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਵਿਅਕਤੀ ਦੀ ਮੌਤ ਨੂੰ ਪਰਮਾਤਮਾ ਦੀ ਰਜ਼ਾ ਮੰਨਣ ਵਿਚ ਤਬਦੀਲ ਕੀਤਾ ਹੈ। ਇਸ ਸਮੇਂ ਵਡਹੰਸ ਰਾਗ ਵਿਚ ਅਲਾਹੁਣੀਆਂ ਦਾ ਪਾਠ ਕਰ ਕੇ ਕਰਤੇ ਦੀ ਸਿਫਤ-ਸਲਾਹ ਨੂੰ ਹੀ ਸ਼ੁਭ ਮੰਨਿਆ ਹੈ। ਗੁਰਬਾਣੀ ਅੰਦਰ ਹੁਕਮ ਵਿਚ ਵਿਚਰਨ ਦਾ ਆਦੇਸ਼ ਹੈ। ਇਸ ਵਿਚ ਖੋਖਲੇ ਰੀਤੀ-ਰਿਵਾਜ ਅਤੇ ਪਖੰਡ ਸਥਾਨ ਨਹੀਂ ਰੱਖਦੇ।

ਗੁਰਬਾਣੀ ਮੱਧਕਾਲੀਨ ਰਾਜਨੀਤਿਕ ਸਥਿਤੀ ਦੀ ਗਵਾਹੀ ਭਰਦੀ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ ਧਰਮ ਉੱਡ ਗਿਆ ਸੀ ਅਤੇ ਚੁਫੇਰ ਹਨੇਰਾ ਛਾਇਆ ਹੋਇਆ ਸੀ; ਜਿਸ ਵਿਚ ਰਾਜੇ ਕਸਾਈ ਬਣ ਗਏ ਸਨ:

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥* *(ਪੰਨਾ ੧੪੫)*

ਗੁਰਬਾਣੀ ਨੇ ਰਾਜੇ ਨੂੰ ਉਸ ਦੀ ਪਰਜਾ ਪ੍ਰਤੀ ਕੀਤੇ ਜਾਣ ਵਾਲੇ ਫ਼ਰਜ਼ਾਂ ਬਾਰੇ ਸੁਚੇਤ ਕੀਤਾ ਹੈ:

*ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥* *(ਪੰਨਾ ੧੦੮੮)*

ਸਿਧਾਂਤ ਅਨੁਸਾਰ ਜਿਸ ਵਿਅਕਤੀ ਨੂੰ ਪ੍ਰਜਾ ਪ੍ਰਤੀ ਹਮਦਰਦੀ ਹੈ ਉਹੀ ਰਾਜਾ ਤਖ਼ਤ ਦੇ ਲਾਇਕ ਹੋਣਾ ਚਾਹੀਦਾ ਹੈ। ਗੁਰਮਤਿ ਜ਼ੁਲਮ ਦੀ ਰਾਜਨੀਤੀ ਨੂੰ ਅਪ੍ਰਵਾਨ ਕਰਦੀ ਹੈ। ਗੁਰਮਤਿ ਨੇ ਹਲੇਮੀ ਰਾਜ *ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥* ਦਾ ਅਜਿਹਾ ਸੰਕਲਪ ਪੇਸ਼ ਕੀਤਾ ਹੈ ਜਿਸ ਵਿਚ ਰੱਬੀ ਰਾਜ ਦਾ ਆਵੇਸ਼ ਹੋਵੇਗਾ ਅਤੇ ਸਾਰੀ ਪਰਜਾ ਉਸ ਅਕਾਲ ਪੁਰਖ ਦੇ ਹੁਕਮ ਹੇਠ ਸੁਖੀ ਵਸੇਗੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਗੁਰਿਆਈ ਕਾਲ ਸਮੇਂ ਮੀਰੀ-ਪੀਰੀ ਦਾ ਸੰਕਲਪ ਲਾਗੂ ਕੀਤਾ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ 'ਮੀਰੀ' ਦਾ ਅਰਥ ਬਾਦਸ਼ਾਹਤ ਜਾਂ ਸਰਦਾਰੀ ਅਤੇ 'ਪੀਰੀ' ਤੋਂ ਭਾਵ ਧਰਮ ਅਤੇ ਸਦਾਚਾਰ ਜਾਂ ਧਰਮ ਦਾ ਆਚਾਰਿਆ ਗੁਰੂ ਲਿਖਿਆ ਹੈ।[੧੫] ਇਸ ਤਰ੍ਹਾਂ ਧਰਮ ਨੂੰ ਉੱਤੇ ਰੱਖ ਕੇ ਰਾਜਨੀਤੀ ਕਰਨ ਦਾ ਨੁਕਤਾ ਸਾਹਮਣੇ ਆਉਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਾਲਮ ਹਕੂਮਤ ਦਾ ਖ਼ਾਤਮਾ ਕਰਨ ਲਈ ਖਾਲਸਾ ਪੰਥ ਦੀ ਸਿਰਜਣਾ ਕੀਤੀ। ਜੋ ਕਿਸੇ ਉੱਚੇ ਅਦਾਰਸ਼ ਲਈ ਆਪਣੀ ਜਾਨ ਤਲੀ 'ਤੇ ਰੱਖ ਲੈਂਦਾ ਹੈ ਅਤੇ ਨਿਆਂ-ਸੱਚ ਲਈ ਮਰਨ ਨੂੰ ਤਿਆਰ ਹੋ ਜਾਂਦਾ ਹੈ।[੧੬] ਖਾਲਸਾ ਸਾਜਨਾ ਦਾ ਮੁੱਖ ਉਦੇਸ਼ ਹੀ ਸੱਚੇ, ਨਿਰਵੈਰ ਅਤੇ ਨਿਰਭਉ ਸਮਾਜ ਦੀ ਸਥਾਪਨਾ ਕਰਨਾ ਸੀ।

ਆਰਥਿਕ ਪੱਖ ਦੀ ਮਜ਼ਬੂਤੀ ਕਿਸੇ ਸਮਾਜ ਦੀ ਖੁਸ਼ਹਾਲੀ ਦਾ ਪਤਾ ਦਿੰਦੀ ਹੈ। ਸਮਾਜ ਵਿਚ ਲੋਕ ਕਈ ਵਾਰ ਗ਼ਲਤ ਢੰਗ-ਤਰੀਕੇ ਦੁਆਰਾ ਮਾਇਆ ਇਕੱਤਰ ਕਰਦੇ ਹਨ। ਇਸ ਨਾਲ ਅਮੀਰ ਤੇ ਗ਼ਰੀਬ ਵਰਗ ਹੋਂਦ ਵਿਚ ਆਉਂਦਾ ਹੈ ਅਤੇ ਅਮੀਰ ਕਾਮੇ ਵਰਗ ਦਾ ਹਰ ਪੱਖੋਂ ਸ਼ੋਸ਼ਣ ਕਰਦਾ ਹੈ। ਗੁਰੂ ਸਾਹਿਬਾਨ ਨੇ ਸ਼ਾਸਕ ਵਰਗ ਵੱਲੋਂ ਲਤਾੜੇ ਜਾ ਰਹੇ ਕਿਰਤੀ-ਕਾਮਿਆਂ ਦੇ ਹੱਕ ਵਿਚ ਇਨਕਲਾਬੀ ਅਵਾਜ਼ ਬੁਲੰਦ ਕੀਤੀ।[੧੭] ਗੁਰਮਤਿ ਦਾ ਸਿਧਾਂਤ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦਾ ਹਾਮੀ ਹੈ। ਗੁਰਮਤਿ ਨੇ ਮਨੁੱਖ ਸਮਾਜ ਵਿਚ ਦਸਾਂ ਨਹੁੰਆਂ ਦੀ ਕਿਰਤ ਕਰ ਕੇ ਪਰਉਪਕਾਰ ਦਾ ਪੱਖ ਰੱਖਿਆ ਹੈ:

*ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ (ਪੰਨਾ ੧੨੪੫)*

ਜਿਸ ਵਿੱਚੋਂ ਦਸਵੰਧ ਕੱਢ ਕੇ ਸਿੱਖ ਲੋਕ ਭਲਾਈ ਦਾ ਕਾਰਜ ਕਰਦਾ ਹੈ। ਉਸ ਦੀ ਕਿਰਤ-ਕਮਾਈ ਹੀ ਉਸ ਦੇ ਅਗਲੇਰੇ ਜੀਵਨ ਦੀਆਂ ਖੁਸ਼ੀਆਂ ਦਾ ਮੁੱਢ ਬੰਨਦੀ ਹੈ:

*ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ (ਪੰਨਾ ੨੬)*

ਵੰਡ ਕੇ ਛਕਣ ਨਾਲ ਭਾਈਚਾਰਕ ਸਾਂਝ ਵਧਦੀ ਹੈ। ਸਿੱਖ ਨੂੰ ਆਪਣੀ ਕਿਰਤ-ਕਮਾਈ ਕਰਦੇ ਸਮੇਂ ਪਰਮਾਤਮਾ ਦਾ ਨਾਮ ਜਪਦੇ ਰਹਿਣਾ ਚਾਹੀਦਾ ਹੈ:

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਾਲਿ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ (ਪੰਨਾ ੧੩੭੫)*

ਗੁਰਬਾਣੀ ਨੇ ਜਿੱਥੇ ਸਭ ਧਰਮਾਂ ਦਾ ਆਦਰ ਕੀਤਾ ਹੈ, ਉੱਥੇ ਮਨੁੱਖ ਨੂੰ ਆਪਣੇ ਧਰਮ ਵਿਚ ਪੱਕੇ ਰਹਿਣ ਦਾ ਆਦੇਸ਼ ਵੀ ਦਿੱਤਾ ਹੈ। ਜਿਵੇਂ ਕਿ ਮੁਸਲਮਾਨ ਕਹਾਉਣ ਵਾਲੇ ਨੂੰ ਦਇਆਵਾਨ ਹੋਣਾ ਚਾਹੀਦਾ ਹੈ ਕਿ ਉਹ ਦਇਆ ਨੂੰ 'ਮਸੀਤ', ਸਿਦਕ ਨੂੰ

'ਮੁਸੱਲਾ' ਅਤੇ ਹੱਕ ਦੀ ਕਮਾਈ ਨੂੰ 'ਕੁਰਾਨ' ਜਾਣੇ:

*ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥* (ਪੰਨਾ ੧੪੦)

ਮੁਲਸਮਾਨਾਂ ਦੀਆਂ ਪੰਜੇ ਵਕਤਾਂ ਦੀਆਂ ਪੰਜ ਨਮਾਜ਼ਾਂ ਹਨ ਜਿਸ ਵਿੱਚੋਂ ਪਹਿਲੀ ਨਮਾਜ਼ ਸੱਚ ਬੋਲਣਾ, ਦੂਜੀ ਹੱਕ ਦੀ ਕਮਾਈ, ਤੀਜੀ ਸਭ ਦਾ ਭਲਾ ਮੰਗਣਾ, ਚੌਥੀ ਮਨ/ਨੀਅਤ ਨੂੰ ਸਾਫ਼ ਰੱਖਣਾ ਅਤੇ ਪੰਜਵੀਂ ਪਰਮਾਤਮਾ ਦੀ ਸਿਫਤ-ਸਲਾਹ ਕਰਨਾ ਹੈ:

*ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥*
*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥*
*ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥* (ਪੰਨਾ ੧੪੧)

ਅਜਿਹੇ ਗੁਣਾਂ ਨਾਲ ਭਰਪੂਰ ਸ਼ਖ਼ਸ ਨੂੰ ਹੀ ਸਹੀ ਅਰਥਾਂ ਵਿਚ ਮੁਸਲਮਾਨ ਕਿਹਾ ਜਾ ਸਕਦਾ ਹੈ। ਇਸੇ ਤਰ੍ਹਾਂ ਜੋਗੀਆਂ ਨੂੰ ਜੋਗ ਮਤ ਦਾ ਅਸਲ ਅਰਥ ਦੱਸਦੇ ਹਨ ਕਿ ਜੋਗ ਗੱਲਾਂ ਦਾ ਨਾਮ ਨਹੀਂ, ਨਾ ਹੀ ਮੜ੍ਹੀ-ਮਸਾਣਾਂ, ਨਾ ਸਮਾਧੀ ਅਤੇ ਨਾ ਤੀਰਥਾਂ 'ਤੇ ਜਾਣ ਨਾਲ ਮਿਲਦਾ ਹੈ ਸਗੋਂ *ਅੰਜਨ ਮਾਹਿ ਨਿਰੰਜਨਿ ਰਹੀਐ ਬਹੁੜਿ ਨ ਭਵਜਲਿ ਪਾਇਆ॥* ਰਹਿਣ ਨਾਲ 'ਜੋਗ ਜੁਗਤਿ' ਪਾਈ ਜਾ ਸਕਦੀ ਹੈ। ਇਹ ਜੁਗਤਾਂ ਸਾਰਿਆਂ ਉੱਪਰ ਲਾਗੂ ਹੁੰਦੀਆਂ ਹਨ ਕਿ ਧਰਮ ਦੀ ਕਿਰਤ ਵਿੱਚੋਂ ਹੱਕ ਦੀ ਪਛਾਣ ਕਰਦਿਆਂ ਪਰਮਾਤਮਾ ਦੀ ਬੰਦਗੀ ਕਰਨੀ ਚਾਹੀਦੀ ਹੈ।

ਗੁਰਬਾਣੀ ਵਿਚ ਪੇਸ਼ ਹੁੰਦਾ 'ਬਰਾਬਰਤਾ ਦਾ ਸਿਧਾਂਤ' ਇੱਕੋ ਜਿਹਾ ਨਿਆਂ ਦੇਣ ਦਾ ਸਮਰਥਕ ਹੈ। ਗੁਰਮਤਿ ਦਾ ਨਿਆਂ ਪਰਮਾਤਮਾ ਕੇਂਦਰਿਤ ਹੈ, ਕਿਉਂਕਿ ਮਨੁੱਖ ਦੇ ਚੰਗੇ-ਮਾੜੇ ਕਰਮਾਂ ਦਾ ਹਿਸਾਬ ਪਰਮਾਤਮਾ ਆਪ ਲਵੇਗਾ। ਇਸ ਵਿਧਾਨ ਅਨੁਸਾਰ ਮਨੁੱਖ ਜਿਸ ਤਰ੍ਹਾਂ ਦਾ ਕਾਰਜ ਕਰੇਗਾ; ਉਸੇ ਤਰ੍ਹਾਂ ਦਾ ਫਲ ਉਸ ਨੂੰ ਭੁਗਤਣਾ ਪਵੇਗਾ:

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥* (ਪੰਨਾ ੧੩੪)

ਗੁਰਮਤਿ ਮਨੁੱਖ ਨੂੰ ਬਦਲਾ ਲੈਣ ਦੀ ਮੱਤ ਨਹੀਂ ਦਿੰਦੀ, ਸਗੋਂ ਇਸ ਵਿਚ ਮੁਆਫ਼ ਕਰਨ ਦਾ ਵਿਧਾਨ ਪ੍ਰਚਲਿਤ ਹੈ। ਅਜੋਕੇ ਸਮੇਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਸਰਬਉੱਚ ਅਦਾਲਤ ਹੈ ਜੋ ਸਿੱਖਾਂ ਦੇ ਫ਼ੈਸਲਿਆਂ ਦਾ ਨਿਪਟਾਰਾ ਕਰਦੀ ਹੈ। ਸਿੱਖ ਧਰਮ ਦੇ ਸਿਧਾਂਤਾਂ ਜਾਂ ਗੁਰੂ ਸਾਹਿਬਾਨ ਪ੍ਰਤੀ ਗ਼ਲਤ ਬੋਲਣ ਜਾਂ ਵਿਹਾਰ ਕਰਨ ਵਾਲਿਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਣਾ ਹੁੰਦਾ ਹੈ। ਇੱਥੇ ਪੰਜਾਂ ਤਖਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਸਰਬ-ਸੰਮਤੀ ਨਾਲ ਮੁਜ਼ਲਿਮ ਨੂੰ ਤਨਖਾਹ ( ਧਾਰਮਿਕ ਸਜ਼ਾ) ਲਗਾਉਂਦੇ ਹਨ। ਅਗਰ ਕੋਈ ਅਪਰਾਧੀ ਤਖ਼ਤ 'ਤੇ ਪੇਸ਼ ਨਾ ਹੋਵੇ ਤਾਂ ਉਸ ਨੂੰ ਪੰਥ ਵਿੱਚੋਂ ਛੇਕਣ ਦਾ ਵਿਧਾਨ ਵੀ ਹੈ; ਇਸੇ ਤਰ੍ਹਾਂ ਜੇਕਰ ਉਹ ਆਪਣਾ ਕਸੂਰ ਮੰਨ ਕੇ ਸਾਰੀ ਸੰਗਤ ਤੋਂ ਮੁਆਫ਼ੀ ਮੰਗਦਾ ਹੈ ਤਾਂ ਉਸ ਨੂੰ ਛੋਟੀ-ਮੋਟੀ ਸੇਵਾ ਦੇ ਕੇ ਮੁੜ ਪੰਥ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ।

ਗੁਰਬਾਣੀ ਮਨੁੱਖ ਨੂੰ ਆਸ਼ਾਵਾਦੀ ਦ੍ਰਿਸ਼ਟੀਕੋਣ ਦਿੰਦੀ ਹੋਈ ਸੱਚ ਨਾਲ ਜੁੜਨ, ਝੂਠ-ਰਹਿਤ, ਮਿਹਨਤੀ, ਮਿੱਠ ਬੋਲੜਾ ਸੁਭਾਅ, ਮਿਲਵਰਤਨ ਅਤੇ ਵੈਰ-ਰਹਿਤ *ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥* ਅਤੇ *ਸਭੁ ਕੋ ਮੀਤੁ ਹਮ ਆਪਨ*

*ਕੀਨਾ ਹਮ ਸਭਨਾ ਕੇ ਸਾਜਨ॥* ਭਾਵਨਾ ਰਾਹੀਂ ਇਕਹਰੇ ਸਮਾਜ ਦੇ ਗਠਨ ਲਈ ਯਤਨਸ਼ੀਲ ਹੁੰਦੀ ਹੈ। ਗੁਰਬਾਣੀ ਵਿਚਲੀ ਨੈਤਿਕਤਾ ਵਿਚ ਗੁਰੂ ਦੀ ਗੱਲ ਮੰਨਣ 'ਤੇ ਜ਼ੋਰ ਦਿੱਤਾ ਗਿਆ ਹੈ। ਇਸ ਅੰਤਰਗਤ ਸਬਰ-ਸੰਤੋਖ, ਭਾਈਚਾਰਕ ਸਾਂਝ, ਨਿੰਦਾ-ਚੁਗਲੀ ਰਹਿਤ, ਸਾਦੀ ਜੀਵਨ-ਸ਼ੈਲੀ ਅਪਣਾਉਣ ਦਾ ਵਿਧਾਨ ਹੈ। ਇਸ ਅੰਤਰਗਤ ਸਿੱਖ ਨੂੰ ਅੰਮ੍ਰਿਤ ਵੇਲੇ ਦੀ ਸੰਭਾਲ, ਇਸ਼ਨਾਨ, ਬਾਣੀ ਪੜ੍ਹਨੀ ਤੇ ਸੁਣਨੀ, ਕੀਰਤਨ ਸੁਣਨਾ ਅਤੇ ਕਰਨਾ, ਗੁਰਮੁਖਾਂ ਦੀ ਸੰਗਤ ਕਰਨੀ ਅਤੇ ਅੱਠੇ ਪਹਿਰ ਉਠਦਿਆਂ-ਬਹਿੰਦਿਆਂ ਪਰਮਾਤਮਾ ਦੇ ਨਾਮ ਦਾ ਜਾਪ ਕਰਨ ਦਾ ਨੈਤਿਕ ਉਪਦੇਸ਼ ਦਿੱਤਾ ਗਿਆ ਹੈ। ਗੁਰਮਤਿ ਨੇ ਸਿੱਖ ਲਈ ਨਸ਼ਾ ਨਾ ਕਰਨ ਦੀ ਸਖ਼ਤ ਹਦਾਇਤ ਕੀਤੀ ਹੈ।

ਗੁਰਬਾਣੀ ਦਾ ਸਾਹਿਤਕ ਮਹੱਤਵ ਵੀ ਵਧੇਰੇ ਵਿਚਾਰਨਯੋਗ ਵਿਸ਼ਾ ਹੈ। ਗੁਰੂ ਸਾਹਿਬਾਨ ਨੇ ਸਮਾਜ ਦੇ ਲੋਕਾਂ ਦੀ ਬੋਲੀ ਨੂੰ ਚੁਣ ਕੇ ਉਸ ਵਿਚ ਬਾਣੀ ਰਚੀ। ਇਸ ਬਾਣੀ ਦੀ ਇਕੱਤਰਤਾ, ਵਿਉਂਤਬੰਦੀ, ਤਰਤੀਬ ਅਨੁਸਾਰ ਪੇਸ਼ਕਾਰੀ ਅਤੇ ਸੰਪਾਦਕੀ ਆਦਿ ਗੁਰੂ ਸਾਹਿਬਾਨ ਦੀ ਪਹਿਲੀ ਅਤੇ ਸਫ਼ਲ ਸੰਪਾਦਕ ਕਲਾ ਦੀ ਮਿਸਾਲ ਪੇਸ਼ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਵਧੇਰੇ ਕਰਕੇ ਲੋਕ ਕਾਵਿ-ਰੂਪਾਂ ਦੇ ਵਿਚ ਪ੍ਰਗਟ ਹੋਈ ਹੈ। ਜਿਸ ਵਿੱਚੋਂ ਘੋੜੀਆਂ, ਪਹਿਰੇ, ਵਾਰਾਂ, ਛੰਦ, ਵਣਜਾਰਾ, ਸੁਚਜੀ, ਕੁਚਜੀ, ਫੁਨਹੇ, ਚਉਬੋਲੇ, ਬਾਰਾਮਾਂਹ, ਥਿਤੀ, ਅਲਾਹੁਣੀਆਂ ਆਦਿ ਵਿਚਾਰੇ ਜਾ ਸਕਦੇ ਹਨ। ਇਸ ਸਾਹਿਤਕਤਾ ਵਿੱਚੋਂ ਗੁਰਬਾਣੀ ਦੇ ਸੰਗੀਤਕ ਹੋਣ ਕਾਰਨ ਇਸ ਵਿਚ ਆਏ ੩੧ ਰਾਗਾਂ ਦੇ ਮਹੱਤਵ ਨੂੰ ਵੀ ਵਿਚਾਰਿਆ ਜਾ ਸਕਦਾ ਹੈ।

ਸੋ ਉਪਰੋਕਤ ਅਧਿਐਨ ਤੋਂ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਨੇ ਮੱਧਕਾਲੀ ਸਮਾਜ ਵਿਚ ਨਵੀਨ ਵਿਚਾਰਧਾਰਾ ਨੂੰ ਜਨਮ ਦਿੱਤਾ। ਜਿਸ ਨੇ ਭਾਰਤੀ ਦਰਸ਼ਨ ਨੂੰ ਇੱਕ ਨਵਾਂ ਮੋੜ ਦਿੱਤਾ। ਇਸ ਨੇ ਜਿੱਥੇ ਬਰਾਬਰਤਾ ਦਾ ਸਮਾਜ ਸਿਰਜਿਆ, ਉੱਥੇ ਸਭ ਨੂੰ ਅਧਿਆਤਮਿਕ ਪਦਵੀ ਪਾਉਣ ਦਾ ਮੌਕਾ ਵੀ ਪ੍ਰਦਾਨ ਕੀਤਾ ਹੈ। ਗੁਰਬਾਣੀ ਰਾਹੀਂ ਨੈਤਿਕਤਾ ਦਾ ਪ੍ਰਵਚਨ ਅੱਗੇ ਤੁਰਿਆ। ਇਸ ਕਰਕੇ ਮੱਧ ਕਾਲ ਨੂੰ 'ਸੁਨਿਹਰੀ ਕਾਲ' ਵਜੋਂ ਜਾਣਿਆ ਜਾਂਦਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੇ ਇਸ ਵਿਚਾਰਧਾਰਕ ਪੜਾਅ ਨੂੰ ਕਾਲ-ਕ੍ਰਮ ਅਨੁਸਾਰ 'ਗੁਰੂ ਨਾਨਕ ਕਾਲ' ਦਾ ਨਾਮ ਦਿੱਤਾ ਹੈ। ਇਸ ਵਿਚਾਰਧਾਰਾ ਅਧੀਨ ਹੀ ਸਿੱਖ ਧਰਮ ਵਿਗਸਿਆ ਹੈ। ਗੁਰਮਤਿ ਵਿਚਾਰ-ਧਾਰਾ ਦਾ ਮੂਲ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਤਮਾਨ ਸਮੇਂ 'ਗੁਰੂ' ਵਜੋਂ ਸਿੱਖ ਪੰਥ ਦੀ ਅਗਵਾਈ ਕਰਦੇ ਹਨ। ਗੁਰਮਤਿ ਦਾ ਸੰਦੇਸ਼ ਸਰਬਕਾਲੀ ਹੋਣ ਕਰਕੇ ਮਾਨਵਵਾਦੀ/ ਵਿਸ਼ਵਵਿਆਪੀ ਏਕਤਾ ਸਥਾਪਿਤ ਕਰਨ ਲਈ ਯਤਨਸ਼ੀਲ ਹੈ। ਇਸ ਤਰ੍ਹਾਂ ਗੁਰਬਾਣੀ ਧਾਰਮਿਕ ਮਹੱਤਤਾ ਦੇ ਨਾਲ ਨਾਲ ਸਾਹਿਤਕ ਧਾਰਾ ਵਜੋਂ ਵਿਸ਼ੇਸ਼ ਮਹੱਤਵ ਰੱਖਦਾ ਹੈ।

**ਹਵਾਲੇ ਅਤੇ ਟਿੱਪਣੀਆਂ**

੧. ਡਾ. ਦੀਵਾਨ ਸਿੰਘ, *ਫ਼ਰੀਦ ਦਰਸ਼ਨ,* ਲਾਹੌਰ ਬੁਕ ਸ਼ਾਪ, ਲੁਧਿਆਣਾ, ੨੦੦੦, ਪੰਨਾ ੨੯.

੨. ਡਾ. ਅੰਮ੍ਰਿਤਪਾਲ ਕੌਰ, *"ਭਗਤ ਬਾਣੀ ਅਧਿਆਤਮਿਕ ਅਨੁਭੂਤੀ ਅਤੇ ਅਭਿਵਿਅਕਤੀ"* ਖੋਜ ਪਤ੍ਰਿਕਾ ਬਾਣੀਕਾਰ ਵਿਸ਼ੇਸ਼ ਅੰਕ, ਅੰਕ ੫੭, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ ੨੦੦੩, ਪੰਨਾ ੧੦੪.

੩. ਸਮਸ਼ੇਰ ਸਿੰਘ, *"ਸਿੱਖ ਧਰਮ ਵਿਚ ਮਾਇਆ ਦਾ ਸੰਕਲਪ", ਸਿੱਖ ਅਧਿਐਨ,* (ਸੰਪਾ. ਬਲਕਾਰ ਸਿੰਘ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੮, ਪੰਨਾ ੮੮.

੪. ਕੁਲਵੰਤ ਕੌਰ, *ਗੁਰਮਤਿ ਨੂਰ,* ਵੈਲਵਿਸ਼ ਪਬਲਿਸ਼ਰਜ਼, ਦਿੱਲੀ, ਮਿਤੀਹੀਣ, ਪੰਨਾ ੧੭੫.

੫. ਮਨਮੋਹਨ ਸਿੰਘ, *ਗੁਰਮਤਿ ਕਾਵਿ ਦਾ ਬਹੁ-ਪੱਖੀ ਅਧਿਅਨ,* ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, ੧੯੯੩, ਪੰਨਾ ੨੨.

੬. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, ੨੦੦੫, ਭਾਗ-੨, ਪੰਨਾ ੧੪੩੮.

੭. ਭਾਈ ਕਾਨ੍ਹ ਸਿੰਘ ਨਾਭਾ, *ਗੁਰਮਤਿ ਮਾਰਤੰਡ,* ਭਾਗ-ਦੂਜਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੮, ਪੰਨਾ ੭੭੫.

੮. ਗੁਰਸ਼ਰਨਜੀਤ ਸਿੰਘ, *"ਗੁਰੂ ਨਾਨਕ ਬਾਣੀ ਵਿੱਚ ਸਮੂਹਿਕ ਮੁਕਤੀ ਦਾ ਸੰਕਲਪ", ਗੁਰੂ ਨਾਨਕ ਬਾਣੀ : ਸਮਾਜਿਕ ਅਤੇ ਸਭਿਆਚਾਰਕ ਪਰਿਪੇਖ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ੨੦੦੬, ਪੰਨਾ ੧੬੬.

੯. ਗੁਰਸ਼ਰਨਜੀਤ ਸਿੰਘ, *ਗੁਰੂ ਗ੍ਰੰਥ ਸਾਹਿਬ: ਪਰੰਪਰਾ ਅਤੇ ਇਤਿਹਾਸ,* ਗੁਰਨਿਧ ਪ੍ਰਕਾਸ਼ਨ, ਅੰਮ੍ਰਿਤਸਰ, ੨੦੦੫, ਪੰਨਾ ੩੪.

੧੦. ਮਨਦੀਪ ਕੌਰ (ਢਿੱਲੋਂ), *"ਮਨੁੱਖੀ ਕਦਰਾਂ ਕੀਮਤਾਂ ਦਾ ਸ੍ਰੋਤ", ਬਾਣੀ: ਸਿਧਾਂਤ, ਇਤਿਹਾਸ,* (ਸੰਪਾ. ਗੁਰਸ਼ਰਨਜੀਤ ਸਿੰਘ), ਏਂਜਲ ਪਬਲੀਕੇਸ਼ਨ, ਅੰਮ੍ਰਿਤਸਰ, ੨੦੧੨, ਪੰਨੇ ੧੦੦-੧੦੧.

੧੧. ਹਰਮੀਤ ਸਿੰਘ (ਸੰਪਾ.), *ਬਾਣੀਕਾਰ : ਭਗਤ ਨਾਮਦੇਵ,* ਪੰਜਾਬੀ ਅਕਾਦਮੀ, ਦਿੱਲੀ, ੧੯੮੭, ਪੰਨਾ ੧੯.

੧੨. ਹਰਿੰਦਰ ਕੌਰ, *"ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਾਰੀ ਦਾ ਸਰੂਪ", ਵਿਸਮਾਦ ਨਾਦ,* ਵਿਸ਼ੇਸ਼ ਅੰਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਇੰਟਰਨੈਸ਼ਨਲ ਇਨਸਟੀਚਿਊਟ ਆਫ਼ ਗੁਰਮਤਿ ਸਟੱਡੀਜ਼, ਲੁਧਿਆਣਾ, ਜਨਵਰੀ, ੧੯੯੪, ਪੰਨਾ ੩੬੪.

੧੩. Gokal Chand Narang, Transformation of Sikhism, New Book Society of India, New Delhi, 1960, p. 80.

੧੪. *ਸਿੱਖ ਰਹਿਤ ਮਰਯਾਦਾ,* ਪੰਨਾ ੨੦.

੧੫. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ ੯੭੫.

੧੬. ਤਾਰਨ ਸਿੰਘ, *ਸਿੱਖ, ਸਿੱਖੀ ਅਤੇ ਸਿਧਾਂਤ,* ਧਰਮ ਪ੍ਰਚਾਰਕ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੨੦੦੭, ਪੰਨਾ ੧੯੫.

੧੭. ਰਜਿੰਦਰ ਸਿੰਘ (ਛਾਬੜਾ), *ਗੁਰਬਾਣੀ ਸੰਦੇਸ਼,* ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ, ੧੯੯੦, ਪੰਨਾ ੨੨.

## ਪਿੰਡ ਖਿਆਲਾ ਕਲ੍ਹਾਂ ਵਿਖੇ ਅੰਮ੍ਰਿਤ-ਸੰਚਾਰ

ਭਾਈ ਮਲਕੀਤ ਸਿੰਘ ਪ੍ਰਚਾਰਕ ਵੱਲੋਂ ਪ੍ਰਾਪਤ ਰਿਪੋਰਟ ਅਨੁਸਾਰ ਗੁਰਦੁਆਰਾ ਸਾਹਿਬ ਬਾਬਾ ਦਿੱਤ ਮੱਲ ਜੀ ਸ਼ਹੀਦ, ਪਿੰਡ ਖਿਆਲਾ ਕਲ੍ਹਾਂ, ਤਹਿ: ਅਜਨਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ੧੦ ਅਕਤੂਬਰ, ੨੦੧੭ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ੩੫ ਪ੍ਰਾਣੀ ਅੰਮ੍ਰਿਤ-ਪਾਨ ਕਰ ਕੇ ਗੁਰੂ ਵਾਲੇ ਬਣੇ।

# ਬਾਬਾ ਹਨੂਮਾਨ ਸਿੰਘ ਜੀ ਸ਼ਹੀਦ

*-ਸਿਮਰਜੀਤ ਸਿੰਘ**

ਬਾਬਾ ਹਨੂਮਾਨ ਸਿੰਘ ਜੀ ਉਹ ਮਹਾਨ ਸ਼ਹੀਦ ਹਨ ਜਿਨ੍ਹਾਂ ਨੇ ਬੁੱਢਾ ਦਲ ਨਿਹੰਗ ਸਿੰਘਾਂ ਦੀ ਜਥੇਬੰਦੀ ਦੇ ਮੁੱਖ ਜਥੇਦਾਰ ਹੁੰਦਿਆਂ ਦੇਸ਼ ਦੀ ਅਜ਼ਾਦੀ ਲਈ ਅੰਗਰੇਜ਼ਾਂ ਵਿਰੁੱਧ ਹੱਕ ਸੱਚ ਦੀ ਲੜਾਈ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ ਸੀ। ਬੁੱਢਾ ਦਲ ਸਿੱਖ ਪੰਥ ਦਾ, ਖਾਸ ਕਰਕੇ ਨਿਹੰਗ ਸਿੰਘਾਂ ਦਾ ਅਨਿੱਖੜਵਾਂ ਅੰਗ ਹੈ। ਨਿਹੰਗ ਸਿੰਘ ਸਿੰਘਾਂ ਦੀਆਂ ਪੁਰਾਤਨ ਰਵਾਇਤਾਂ ਅਨੁਸਾਰ ਆਪਣਾ ਜੀਵਨ ਬਸਰ ਕਰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾ ਜਾਣ ਪਿੱਛੋਂ ਸਿੱਖਾਂ ਦਾ ਸੰਘਰਸ਼ ਦਾ ਦੌਰ ਸ਼ੁਰੂ ਹੋ ਗਿਆ ਸੀ। ਅਜਿਹੇ ਸਮੇਂ ਵੀ ਸੰਗਤਾਂ ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਨੂੰ ਹਰ ਹੀਲੇ ਕਾਇਮ ਰੱਖਦੀਆਂ ਰਹੀਆਂ, ਭਾਵੇਂ ਇਸ ਲਈ ਅਨੇਕਾਂ ਵਾਰ ਕੁਰਬਾਨੀਆਂ ਵੀ ਦੇਣੀਆਂ ਪਈਆਂ। *ਮਰਉ ਤ ਹਰਿ ਕੈ ਦੁਆਰ* ਦੀ ਵਿਚਾਰਧਾਰਾ ਨੂੰ ਸਿੱਖਾਂ ਨੇ ਅਨੇਕਾਂ ਵਾਰ ਅਮਲੀ ਜਾਮਾ ਪਹਿਨਾ ਕੇ ਸਿੱਧ ਕੀਤਾ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਹੋ ਰਹੀ ਬੇਅਦਬੀ ਨੂੰ ਰੋਕਣ ਲਈ ਸਿੱਖਾਂ ਨੇ ਕਦੀ ਭਾਈ ਮਹਿਤਾਬ ਸਿੰਘ, ਭਾਈ ਸੁੱਖਾ ਸਿੰਘ, ਬਾਬਾ ਦੀਪ ਸਿੰਘ, ਬਾਬਾ ਗੁਰਬਖਸ਼ ਸਿੰਘ ਅਤੇ ਕਦੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬਣ ਕੇ ਇਸ ਦੀ ਪਵਿੱਤਰਤਾ ਨੂੰ ਕਾਇਮ ਰੱਖਿਆ। ਬਾਬਾ ਬੰਦਾ ਸਿੰਘ ਬਹਾਦਰ ਨੂੰ ਜੰਗਾਂ-ਯੁੱਧਾਂ ਦੌਰਾਨ ਬੰਦੀ ਬਣਾ ਲਿਆ ਗਿਆ। ਉਨ੍ਹਾਂ ਨੂੰ ਅੱਠ ਸੌ ਸਿੰਘਾਂ ਸਮੇਤ ਦਿੱਲੀ ਵਿਖੇ ਬੜੀ ਬੇਰਹਮੀ ਨਾਲ ਸ਼ਹੀਦ ਕਰ ਦਿੱਤਾ ਗਿਆ। ਇਨ੍ਹਾਂ ਘਟਨਾਵਾਂ ਦੇ ਨਾਲ ਹੀ ਸਮੇਂ ਦੀ ਮੁਗ਼ਲ ਹਕੂਮਤ ਨੇ ਸਿੱਖਾਂ ਦਾ ਕਤਲ-ਏ-ਆਮ ਸ਼ੁਰੂ ਕਰ ਦਿੱਤਾ। ਸਿੱਖ ਜੰਗਲਾਂ ਦੀਆਂ ਕੁੰਦਰਾਂ ਵਿਚ ਜਾ ਵੱਸੇ। ਇਹੋ ਜਿਹੇ ਭਿਆਨਕ ਸਮੇਂ ਵਿਚ ਸਿੱਖੀ ਦਾ ਪ੍ਰਚਾਰ ਤਾਂ ਇਕ ਪਾਸੇ ਰਿਹਾ, ਸਿੱਖ ਦਾ ਨਾਮ ਲੈਣ ਵਾਲੇ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਜਿਹੇ ਪਵਿੱਤਰ ਅਸਥਾਨ ਨੂੰ ਢਹਿ-ਢੇਰੀ ਕਰ ਦਿੱਤਾ ਗਿਆ। ਪਿੰਡਾਂ-ਸ਼ਹਿਰਾਂ ਵਿਚ ਜੇਕਰ ਕੋਈ ਗੁਰ-ਅਸਥਾਨ ਸੀ ਤਾਂ ਉਸ ਦਾ ਪ੍ਰਬੰਧ ਉਦਾਸੀ ਸਾਧੂਆਂ ਨੇ ਆਪਣੇ ਹੱਥਾਂ ਵਿਚ ਲੈ ਲਿਆ। ਇਹ ਉਦਾਸੀ ਸਾਧੂ ਵੀ ਸਿੱਖੀ ਦਾ ਪ੍ਰਚਾਰ ਨਾ ਹੋਣ ਕਰਕੇ ਗੈਰ-ਸਿੱਖ ਵਿਚਾਰਾਂ ਤੋਂ ਪ੍ਰਭਾਵਿਤ ਹੁੰਦੇ ਜਾ ਰਹੇ ਸਨ। ਹਕੂਮਤ ਦੇ ਡਰ ਕਰਕੇ ਵੀ ਇਹ ਆਪਣੇ ਆਪ ਨੂੰ ਹਿੰਦੂ ਹੀ ਦੱਸਣ ਲੱਗ ਪਏ ਸਨ। ਇਨ੍ਹਾਂ ਸਾਰਿਆਂ ਕਾਰਨਾਂ ਕਰਕੇ ਇਨ੍ਹਾਂ ਅਸਥਾਨਾਂ ਵਿੱਚੋਂ ਸਿੱਖੀ ਦੀ ਰੰਗਤ ਖਤਮ ਹੁੰਦੀ ਜਾ ਰਹੀ ਸੀ। ਜੇਕਰ ਸਿੱਖ ਲੁਕ-ਛਿਪ ਕੇ ਆਪਣੇ ਇਨ੍ਹਾਂ ਅਸਥਾਨਾਂ ਦੇ ਦਰਸ਼ਨਾਂ ਲਈ ਆਉਂਦੇ ਵੀ ਸਨ ਤਾਂ ਸਿਰਫ ਪ੍ਰੇਮ ਭਾਵਨਾ ਅਤੇ ਸ਼ਰਧਾ-ਭਾਵ ਨਾਲ ਅਤੇ ਬਹੁਤ ਘੱਟ ਸਮੇਂ ਲਈ। ਉਨ੍ਹਾਂ ਨੂੰ ਮਸਾਂ ਇਤਨਾ ਕੁ ਸਮਾਂ ਹੀ ਮਿਲਦਾ ਸੀ। ਇਹੋ

**ਮੀਤ ਸਕੱਤਰ ਅਤੇ ਮੁੱਖ ਸੰਪਾਦਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।*

ਜਿਹੇ ਸਮੇਂ ਉਨ੍ਹਾਂ ਪਾਸ ਇਤਨਾ ਸਮਾਂ ਹੀ ਨਹੀਂ ਸੀ ਹੁੰਦਾ ਕਿ ਉਹ ਰਹੁ-ਰੀਤ ਦੀ ਜਾਂਚ-ਪੜਤਾਲ ਕਰ ਸਕਦੇ। ਜੇਕਰ ਕਿਧਰੇ ਸਿੱਖਾਂ ਨੂੰ ਇਕੱਠੇ ਹੋਣ ਦਾ ਸਮਾਂ ਪ੍ਰਾਪਤ ਵੀ ਹੁੰਦਾ ਤਾਂ ਉਹ ਆਪਣੇ ਆਪ ਨੂੰ ਬਚਾਉਣ ਅਤੇ ਵੈਰੀ ਨੂੰ ਸੋਧਣ ਲਈ ਹੀ ਵਿਚਾਰਾਂ ਕਰਦੇ।

ਬੁੱਢਾ ਦਲ ਦੇ ਸਥਾਪਿਤ ਹੋਣ ਬਾਰੇ ਵਿਚਾਰ ਹੈ ਕਿ ੨੯ ਮਾਰਚ ਸੰਨ ੧੭੩੪ ਈ. ਵਿਚ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਖਾਲਸੇ ਦਾ ਇਕੱਠ ਹੋਇਆ ਜੋ ੬੫ ਜਥਿਆਂ ਵਿਚ ਵੰਡਿਆ ਹੋਇਆ ਸੀ। ਇਸ ਨੂੰ ਇਕ ਦਲ ਵਿਚ ਇਕੱਠਾ ਕਰ ਕੇ ਦਲ ਖਾਲਸਾ ਦਾ ਨਾਂ ਦਿੱਤਾ ਗਿਆ। ਦਲ ਖਾਲਸਾ ਨੂੰ ਅੱਗੇ ਦੋ ਦਲਾਂ ਵਿਚ ਵੰਡਿਆ ਗਿਆ-ਬੁੱਢਾ ਦਲ ਤੇ ਤਰਨਾ ਦਲ। ਚਾਲੀ ਸਾਲ ਤੋਂ ਘੱਟ ਉਮਰ ਵਾਲੇ ਸਿੰਘਾਂ ਦੇ ਦਲ ਨੂੰ ਤਰਨਾ ਦਲ ਦਾ ਨਾਂ ਦਿੱਤਾ ਗਿਆ ਅਤੇ ਇਸ ਤੋਂ ਵੱਡੀ ਉਮਰ ਦੇ ਸਿੰਘਾਂ ਦੇ ਜਥੇ ਨੂੰ ਬੁੱਢਾ ਦਲ ਕਿਹਾ ਜਾਣ ਲੱਗ ਪਿਆ। ਇਨ੍ਹਾਂ ਜੱਥਿਆਂ ਦੀ ਮੁੱਖ ਸ਼ਕਤੀ ਨਵਾਬ ਕਪੂਰ ਸਿੰਘ ਪਾਸ ਰਹੀ। ਬਾਅਦ ਵਿਚ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਨਵਾਬ ਕਪੂਰ ਸਿੰਘ ਜੀ ਦੀ ਕਮਾਨ ਸੰਭਾਲੀ।

ਤਰਨਾ ਦਲ ਅੱਗੋਂ ਪੰਜ ਜਥਿਆਂ ਵਿਚ ਵੰਡ ਦਿੱਤਾ ਗਿਆ। ਇਹ ਪੰਜ ਜਥੇ ਸਨ:-

ਜਥਾ ਸ਼ਹੀਦਾਂ ੨. ਜਥਾ ਅੰਮ੍ਰਿਤਸਰੀਆਂ ੩. ਬਾਬਾ ਕਾਹਨ ਸਿੰਘ ਦਾ ਜਥਾ ੪. ਜਥਾ ਡੱਲੇਵਾਲੀਆਂ ੫. ਰੰਘਰੇਟੇ ਸਿੰਘਾਂ ਦਾ ਜਥਾ। ਇਨ੍ਹਾਂ ਪੰਜ ਜਥਿਆਂ ਦੇ ਜਥੇਦਾਰਾਂ ਦੇ ਨਾਲ ਹੋਰ ਵੀ ਪ੍ਰਮੁੱਖ ਸਿੰਘ ਸਨ। ੧੭੩੯ ਈ. ਨਾਦਰ ਸ਼ਾਹ ਦੇ ਹਮਲੇ ਤੋਂ ਪਿੱਛੋਂ ਪੰਜਾਬ 'ਚ ਕੋਈ ਹਕੂਮਤ ਕੰਮ ਨਹੀਂ ਕਰ ਰਹੀ ਸੀ। ਇਸ ਸਮੇਂ ਸਿੰਘ ਜ਼ੋਰ ਪਕੜ ਗਏ। ਸਿੰਘਾਂ ਦਾ ਸਰਕਾਰ ਵਿਰੁੱਧ ਘੋਲ ਤਿੱਖਾ ਹੁੰਦਾ ਗਿਆ। ੧੪ ਅਕਤੂਬਰ, ੧੭੪੫ ਈ. ਨੂੰ ਦਲ ਖ਼ਾਲਸੇ ਦਾ ਇਕੱਠ ਹੋਇਆ। ਇੱਥੇ ਦਲ ਖਾਲਸੇ ਨੂੰ ਅੱਗੋਂ ਤੀਹ ਛੋਟੇ ਜਥਿਆਂ ਵਿਚ ਵੰਡ ਦਿੱਤਾ ਗਿਆ। ਜਨਵਰੀ ੧੭੪੮ ਈ. ਵਿਚ ਅਬਦਾਲੀ ਦੇ ਹਮਲੇ ਸ਼ੁਰੂ ਹੋ ਗਏ। ਇਸ ਸਮੇਂ ਖ਼ਾਲਸੇ ਦੇ ਛੋਟੇ-ਛੋਟੇ ਜਥਿਆਂ ਦੇ ਹੋਰ ਜਥੇ ਬਣ ਗਏ। ਇਹ ਗਿਣਤੀ ੬੬ ਤਕ ਪਹੁੰਚ ਗਈ। ੧੭੪੮ ਈ. ਦੀ ਵੈਸਾਖੀ ਨੂੰ ਖ਼ਾਲਸੇ ਦਾ ਇਕੱਠ ਹੋਇਆ। ਨਵਾਬ ਕਪੂਰ ਸਿੰਘ ਨੇ ਮਤਾ ਪੇਸ਼ ਕੀਤਾ ਕਿ ਪੰਥ ਦੀ ਇਕ ਮਜ਼ਬੂਤ ਜਥੇਬੰਦੀ ਬਣਾਈ ਜਾਵੇ। ਇਹ ਮਤਾ ਸਾਰਿਆਂ ਨੇ ਪਰਵਾਨ ਕਰ ਲਿਆ ਤੇ ਸਾਰੇ ਪੰਥ ਦੀ ਸਾਂਝੀ ਜਥੇਬੰਦੀ ਦਾ ਨਾਂ ਦਲ ਖ਼ਾਲਸਾ ਰੱਖਿਆ ਗਿਆ। ਦਲ ਖ਼ਾਲਸੇ ਦਾ ਜਥੇਦਾਰ ਸਰਬਸੰਮਤੀ ਨਾਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਚੁਣਿਆ ਗਿਆ। ਉਸ ਦੇ ਮਤਾਹਿਤ ਗਿਆਰ੍ਹਾਂ ਮਿਸਲਾਂ ਬਣਾਈਆਂ ਗਈਆਂ। ਮਿਸਲਾਂ ਇਹ ਹਨ: ੧. ਮਿਸਲ ਆਹਲੂਵਾਲੀਆ ੨. ਮਿਸਲ ਫ਼ੈਜ਼ਲਾਪੁਰੀਆਂ ਜਾਂ ਸਿੰਘਪੁਰੀਆਂ ੩. ਮਿਸਲ ਸ਼ੁਕਰਚੱਕੀਆਂ ੪. ਮਿਸਲ ਨਿਸ਼ਾਨਾਂਵਾਲੀ ੫. ਮਿਸਲ ਭੰਗੀਆਂ ੬. ਮਿਸਲ ਕਨ੍ਹੱਈਆਂ ੭. ਮਿਸਲ ਨਕਈਆਂ ੮. ਮਿਸਲ ਡੱਲੇਵਾਲੀ ੯. ਮਿਸਲ ਕਰੋੜਾ ਸਿੰਘੀਆਂ ੧੦. ਮਿਸਲ ਸਾਂਘਣੀਆਂ ੧੧. ਮਿਸਲ ਸ਼ਹੀਦਾਂ। ੧੨. ਮਿਸਲ ਫੂਲਕੀਆਂ ਇਨ੍ਹਾਂ ਤੋਂ ਵੱਖਰੀ ਹੈ, ਜਿਸ ਦਾ ਬਾਨੀ ਸ. ਆਲਾ ਸਿੰਘ ਪਟਿਆਲਾ ਹੈ।

੫ ਫਰਵਰੀ ੧੭੬੨ ਈ. ਨੂੰ ਕੁੱਪ ਰਹੀੜੇ ਦੇ ਮੈਦਾਨ ਵਿਚ ਅਬਦਾਲੀ ਤੇ ਖ਼ਾਲਸਾ

ਫੌਜਾਂ ਦੀ ਸਿੱਧੀ ਟੱਕਰ ਹੋਈ। ਖ਼ਾਲਸੇ ਦਾ ਭਾਰੀ ਨੁਕਸਾਨ ਹੋਇਆ। ਇਸ ਨੂੰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ। ਦਸੰਬਰ ੧੭੬੨ ਈ. ਨੂੰ ਅਬਦਾਲੀ ਦੇ ਵਾਪਸ ਕਾਬਲ ਜਾਣ ਪਿੱਛੋਂ ਸਿੰਘ ਫਿਰ ਅੰਮ੍ਰਿਤਸਰ ਵਿਖੇ ਇਕੱਠੇ ਹੋਏ। ਦਲ ਖ਼ਾਲਸੇ ਦੀ ਜਥੇਬੰਦੀ ਨੂੰ ਫਿਰ ਨਵੇਂ ਸਿਰਿਓਂ ਕਾਇਮ ਕੀਤਾ ਗਿਆ। ਦੋ ਵੱਡੇ ਜਥੇ ਬਣਾਏ ਗਏ ਜਿਸ ਵਿਚ ਆਹਲੂਵਾਲੀਆ, ਸਿੰਘਪੁਰੀਆਂ, ਡੱਲੇਵਾਲੀਆਂ, ਕਰੋੜਾਸਿੰਘੀਆ, ਨਿਸ਼ਾਨਾਂਵਾਲੀ ਤੇ ਸ਼ਹੀਦਾਂਵਾਲੀ ਛੇ ਮਿਸਲਾਂ ਸ਼ਾਮਿਲ ਸਨ, ਜਿਨ੍ਹਾਂ ਦਾ ਪ੍ਰਮੁੱਖ ਜਥੇਦਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸੀ। ਤਰਨਾ ਦਲ— ਭੰਗੀ, ਰਾਮਗੜ੍ਹੀਆਂ, ਕਨ੍ਹਈਆਂ, ਨਕੱਈਆਂ, ਸ਼ੁਕਰਚੱਕੀਆਂ, ਪੰਜ ਮਿਸਲਾਂ ਸਨ ਤੇ ਇਨ੍ਹਾਂ ਦਾ ਜਥੇਦਾਰ ਹਰੀ ਸਿੰਘ ਭੰਗੀ ਸੀ। ਇਸ ਨੂੰ ਗੁਰਧਾਮਾਂ ਦੀ ਸੇਵਾ ਬਖਸ਼ੀ ਗਈ।

ਕੁਝ ਸਮਾਂ ਬਾਅਦ ਜਦੋਂ ਮਿਸਲਾਂ ਦਾ ਸਮਾਂ ਆਇਆ ਤਾਂ ਸਿੱਖ ਆਪੋ ਆਪਣੇ ਜਥੇ ਬਣਾ ਕੇ ਜੰਗਲਾਂ ਤੋਂ ਬਾਹਰ ਆ ਗਏ। ਇਸ ਸਮੇਂ ਵੀ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦਾ ਸਮਾਂ ਬਹੁਤ ਘੱਟ ਸੀ ਅਤੇ ਉਹ ਆਪਣੇ-ਆਪਣੇ ਧੜੇ ਨੂੰ ਮਜ਼ਬੂਤ ਕਰਨ ਅਤੇ ਸਮੇਂ ਦੀ ਹਕੂਮਤ ਨੂੰ ਖਤਮ ਕਰਨ ਅਤੇ ਬਾਹਰੋਂ ਆ ਰਹੇ ਹਮਲਾਵਰਾਂ ਨੂੰ ਰੋਕਣ ਵਿਚ ਹੀ ਲੱਗੇ ਰਹੇ। ਅਜਿਹੇ ਸਮੇਂ ਵਿਚ ਗੁਰਮਤਿ ਦੇ ਅਮਲੀ ਵਿਚਾਰਾਂ ਦਾ ਪ੍ਰਚਾਰ ਕਰਨਾ ਬੜਾ ਮੁਸ਼ਕਿਲ ਸੀ। ਇਸ ਤਰ੍ਹਾਂ ਕੋਈ ਸੌ ਸਾਲ ਦਾ ਸਮਾਂ ਅਜਿਹਾ ਬੀਤਿਆ ਜਿਸ ਵਿਚ ਸਿੱਖੀ ਦੇ ਪ੍ਰਚਾਰ ਨੂੰ ਬਹੁਤ ਵੱਡੀ ਢਾਹ ਲੱਗੀ।

ਉਨ੍ਹੀਵੀਂ ਸਦੀ ਦੇ ਅਰੰਭ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਸਿੱਖ ਰਾਜ ਦੀ ਨੀਂਹ ਰੱਖੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਨਾਲ ਹੀ ਫੂਲਕੀਆ ਰਿਆਸਤਾਂ ਵੀ ਕਾਇਮ ਹੋਈਆ। ਫੂਲਕੀਆ ਰਿਆਸਤਾਂ ਅੰਗਰੇਜ਼ੀ ਰਾਜ ਦੇ ਪ੍ਰਭਾਵ ਹੇਠ ਸਨ। ਮਹਾਰਾਜਾ ਰਣਜੀਤ ਸਿੰਘ ਦਾ ਬਹੁਤ ਸਾਰਾ ਸਮਾਂ ਆਪਣੇ ਰਾਜ ਨੂੰ ਪੱਕੇ ਪੈਰੀਂ ਕਰਨ ਅਤੇ ਫੇਰ ਪੱਛਮੀ ਸਰਹੱਦ ਦੇ ਪਠਾਣਾਂ ਨਾਲ ਜੰਗਾਂ-ਯੁੱਧਾਂ ਵਿਚ ਲੱਗ ਗਿਆ। ਜਿੱਥੋਂ ਤਕ ਹੋ ਸਕਿਆ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਗੁਰੂ ਸਾਹਿਬਾਨ ਅਤੇ ਸ਼ਹੀਦ ਸਿੰਘਾਂ ਦੀਆਂ ਯਾਦਗਾਰਾਂ ਵਾਲੀ ਥਾਂ 'ਤੇ ਗੁਰਦੁਆਰਾ ਸਾਹਿਬਾਨ ਦੀ ਉਸਾਰੀ ਕਰਵਾਈ। ਮਹਾਰਾਜਾ ਰਣਜੀਤ ਸਿੰਘ ਨੇ ਸਿੱਖੀ ਦੇ ਸੋਮਿਆਂ ਨੂੰ ਨਰੋਆ ਕਰਨ ਲਈ ਪੂਰਾ ਜ਼ੋਰ ਲਗਾਇਆ। ਗੁਰਦੁਆਰਿਆਂ ਦੇ ਨਾਮ ਜਗੀਰਾਂ ਲਗਵਾਈਆਂ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਸਮੇਂ ਵੀ ਨਿਹੰਗ ਸਿੰਘਾਂ ਦੀ ਮਿਸਲ ਅਜ਼ਾਦ ਰਹੀ। ਮਹਾਨ ਪਵਿੱਤਰ ਜੀਵਨ ਵਾਲੇ ਅਕਾਲੀ ਫੂਲਾ ਸਿੰਘ ਜੀ ਨਿਹੰਗ ਸਿੰਘਾਂ ਦੀ ਫੌਜ ਬੁੱਢਾ ਦਲ ਦੇ ਜਥੇਦਾਰ ਸਨ, ਜਿਨ੍ਹਾਂ ਦੇ ਹਰ ਹੁਕਮ ਅੱਗੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਸਿਰ ਨਿਵਾ ਦਿਆ ਕਰਦੇ ਸਨ। ਨਿਹੰਗ ਸਿੰਘਾਂ ਦੀ ਫ਼ੌਜ ਨੂੰ ਅਕਾਲ ਰੈਜਮੈਂਟ ਦਾ ਨਾਂ ਦਿੱਤਾ ਗਿਆ ਸੀ। ਇਹ ਗੈਰ-ਆਇਨੀ ਫ਼ੌਜ ਸੀ। ਇਨ੍ਹਾਂ ਨੇ ਆਇਨੀ ਫ਼ੌਜ ਵਾਂਗ ਅੰਗਰੇਜ਼ ਅਫਸਰਾਂ ਤੋਂ ਕੋਈ ਸਿਖਲਾਈ ਨਹੀਂ ਸੀ ਲਈ, ਕਿਉਂਕਿ ਇਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਇਹ ਆਖ ਦਿੱਤਾ ਸੀ ਕਿ ਅਸੀਂ ਤੀਵੀਆਂ ਵਾਂਗ

ਨੱਚਣ ਦੀ ਸਿਖਲਾਈ ਅੰਗਰੇਜ਼ਾਂ ਤੋਂ ਨਹੀਂ ਲੈਣੀ, ਸਾਨੂੰ ਜਦੋਂ ਬੇਨਤੀ ਕਰੇਂਗਾ ਯੁੱਧ ਦੇ ਮੈਦਾਨ ਵਿਚ ਭੜਥੂ ਪਾ ਦਿਆਂਗੇ। ਇਨ੍ਹਾਂ ਨੇ ਅੰਗਰੇਜ਼ ਫ਼ੌਜ ਵਾਲੀ ਵਰਦੀ ਧਾਰਨ ਨਹੀਂ ਕੀਤੀ ਅਤੇ ਨਾ ਹੀ ਅੰਗਰੇਜ਼ਾਂ ਵਾਲੀ ਯੁੱਧ-ਨੀਤੀ ਅਪਨਾਈ। ਆਪਣਾ ਨੀਲਾ ਬਾਣਾ ਅਸਤਰ-ਸ਼ਸਤਰ ਪੰਰਪਰਾਵਾਦੀ ਢੰਗ ਵਾਲੇ ਹੀ ਧਾਰਨ ਕੀਤੇ ਅਤੇ ਪੁਰਾਣੀ ਰਵਾਇਤੀ ਯੁੱਧ-ਕਲਾ ਨੂੰ ਅਪਣਾ ਕੇ ਹਰ ਮੈਦਾਨ ਵਿਚ ਲੜੇ।

ਇਹੋ ਕਾਰਨ ਹੈ ਕਿ ਅੰਗਰੇਜ਼ਾਂ ਅਤੇ ਅੰਗਰੇਜ਼ ਪੱਖੀ ਇਤਿਹਾਸਕਾਰਾਂ ਨੇ ਨਿਹੰਗ ਸਿੰਘਾਂ ਦੇ ਵਿਰੁੱਧ ਲਿਖਿਆ ਹੈ। ਉਨ੍ਹਾਂ ਨੂੰ ਹਰ ਖੇਤਰ ਵਿਚ ਨਜ਼ਰ-ਅੰਦਾਜ਼ ਕੀਤਾ ਜਾਣ ਲੱਗਾ।

ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਕਈ ਜੰਗਾਂ ਵਿਚ ਹਿੱਸਾ ਲਿਆ। ਇਹ ਇੰਨੀ ਦਲੇਰੀ ਨਾਲ ਜੰਗ ਦੇ ਮੈਦਾਨ ਵਿਚ ਜੂਝਦੇ ਕਿ ਦੁਸ਼ਮਣ ਦੰਗ ਰਹਿ ਜਾਂਦਾ। ਮੁਲਤਾਨ ਦੀ ਲੜਾਈ, ਪਿਸ਼ਾਵਰ ਦੀ ਜੰਗ, ਕਸ਼ਮੀਰ ਦੀ ਜੰਗ, ਸੂਬਾ ਸਰਹੱਦ ਤੇ ਪਠਾਣਾਂ ਨਾਲ ਜੰਗਾਂ ਦੌਰਾਨ ਅਕਾਲ ਰੈਜਮੈਂਟ ਦੀ ਭੂਮਿਕਾ ਅਹਿਮ ਰਹੀ। ਇਕ ਵਾਰ ਅਕਾਲੀ ਫੂਲਾ ਸਿੰਘ ਜੀ ਨੇ ਅਰਦਾਸਾ ਸੋਧ ਕੇ ਨੌਸ਼ਹਿਰੇ ਵੱਲ ਚੜ੍ਹਾਈ ਕੀਤੀ, ਪਰ ਸ਼ੇਰ-ਏ-ਪੰਜਾਬ ਨੇ ਕਿਹਾ ਕਿ ਅਜੇ ਥੋੜ੍ਹਾ ਸਮਾਂ ਠਹਿਰ ਕੇ ਚੜ੍ਹਾਈ ਕਰਨੀ ਚਾਹੀਦੀ ਹੈ, ਕਿਉਂਕਿ ਪਠਾਣੀ ਫੌਜ ਸਾਡੀ ਖਾਲਸਈ ਫੌਜ ਨਾਲੋਂ ਵਧੇਰੇ ਹੈ। ਇਹ ਸੁਣ ਕੇ ਅਕਾਲੀ ਜੀ ਨੇ ਜਵਾਬ ਦਿੱਤਾ ਕਿ ਮੈਂ ਅਰਦਾਸਾ ਸੋਧ ਕੇ ਤੁਰਿਆ ਹਾਂ, ਪਿੱਛੇ ਨਹੀਂ ਹਟ ਸਕਦਾ ਅਤੇ ਉਨ੍ਹਾਂ ਨੇ ਨੌਸ਼ਹਿਰੇ ਦੀ ਜੰਗ ਬੜੀ ਸੂਰਬੀਰਤਾ ਨਾਲ ਲੜੀ ਅਤੇ ਆਪ ਸ਼ਹੀਦੀ ਪਾ ਕੇ ਫ਼ਤਿਹ ਖਾਲਸੇ ਨੂੰ ਦਿਵਾਈ।

ਅਕਾਲੀ ਫੂਲਾ ਸਿੰਘ ਤੋਂ ਬਾਅਦ ਬੁੱਢਾ ਦਲ ਦੀ ਕਮਾਨ ਬਾਬਾ ਹਨੂਮਾਨ ਸਿੰਘ ਜੀ ਨੇ ਸੰਭਾਲੀ। ਪੰਜਾਬ ਪ੍ਰਦੇਸ਼ ਦੇ ਜ਼ਿਲ੍ਹਾ ਫਿਰੋਜ਼ਪੁਰ ਦੀ ਤਹਿਸੀਲ ਜ਼ੀਰਾ ਵਿਚ ਨੌਰੰਗ ਸਿੰਘ ਵਾਲਾ ਪਿੰਡ ਹੈ। ਇਹ ਪਿੰਡ ਜ਼ੀਰਾ-ਮੱਲਾਂਵਾਲਾ ਸੜਕ 'ਤੇ ਅਬਾਦ ਹੈ। ਰੇਲਵੇ ਸਟੇਸ਼ਨ ਮੱਲਾਂਵਾਲਾ ਇਸ ਪਿੰਡ ਤੋਂ ੨੪ ਕਿਲੋਮੀਟਰ ਦੀ ਦੂਰੀ 'ਤੇ ਹੈ। ਇਸੇ ਪਿੰਡ ਵਿਚ ਬਾਬਾ ਹਨੂਮਾਨ ਸਿੰਘ ਜੀ ਦਾ ਜਨਮ ਸੰਨ ੧੭੫੬ ਈ. ਵਿਚ ਹੋਇਆ।

ਨਿਹੰਗ ਸਿੰਘ ਅੰਗਰੇਜ਼ਾਂ ਨੂੰ ਬਿਲਕੁਲ ਪਸੰਦ ਨਹੀਂ ਸੀ ਕਰਦੇ ਅਤੇ ਨਾ ਹੀ ਚਾਹੁੰਦੇ ਸਨ ਕਿ ਮਹਾਰਾਜਾ ਰਣਜੀਤ ਸਿੰਘ ਉਨ੍ਹਾਂ ਨਾਲ ਦੋਸਤਾਨਾ ਸੰਬੰਧ ਰੱਖੇ। ਅਕਾਲੀ ਫੂਲਾ ਸਿੰਘ ਤੇ ਉਨ੍ਹਾਂ ਦੇ ਸਾਥੀ ਇਸ ਗੱਲ ਦੇ ਖ਼ਿਲਾਫ਼ ਸਨ ਕਿ ਮਹਾਰਾਜਾ ਰਣਜੀਤ ਸਿੰਘ ਅੰਗਰੇਜ਼ਾਂ ਨਾਲ ਕੋਈ ਸੰਧੀ ਕਰੇ, ਪਰੰਤੂ ਮਹਾਰਾਜਾ ਰਣਜੀਤ ਸਿੰਘ ਅੰਗਰੇਜ਼ਾਂ ਨਾਲ ਸੁਖਾਵੇਂ ਸੰਬੰਧ ਬਣਾਉਣਾ ਚਾਹੁੰਦਾ ਸੀ। ਨਿਹੰਗ ਸਿੰਘ ਅੰਗਰੇਜ਼ ਅਫਸਰ ਅਤੇ ਉਨ੍ਹਾਂ ਦੇ ਕਰਿੰਦਿਆਂ ਦੇ ਜੀਵਨ ਲਈ ਹਮੇਸ਼ਾਂ ਖ਼ਤਰਾ ਸਨ। ਜਦੋਂ ਕੋਈ ਵੱਡਾ ਅੰਗਰੇਜ਼ ਅਧਿਕਾਰੀ ਜਾਂ ਸਿਆਸਤਦਾਨ ਪੰਜਾਬ ਦਾ ਦੌਰਾ ਕਰਨ ਲਈ ਆਉਂਦਾ ਤਾਂ ਮਹਾਰਾਜੇ ਨੂੰ ਉਸ ਦੀ ਸੁਰੱਖਿਆ ਲਈ ਵਿਸ਼ੇਸ਼ ਪ੍ਰਬੰਧ ਕਰਨੇ ਪੈਂਦੇ ਸਨ। ਇਸ ਬਾਰੇ ਸ. ਖੁਸ਼ਵੰਤ ਸਿੰਘ ਨੇ ਲਿਖਿਆ ਹੈ ਕਿ ਜਦੋਂ ਮੈਟਕਾਫ ਮਹਾਰਾਜਾ ਰਣਜੀਤ ਸਿੰਘ ਨਾਲ ਖਾਲਸਾ ਰਾਜ ਦੀਆਂ ਸਰਹੱਦਾਂ ਬਾਰੇ ਵਿਚਾਰ ਕਰ ਰਿਹਾ ਸੀ ਤਾਂ ਨਿਹੰਗ ਸਿੰਘਾਂ ਤੇ ਮੈਟਕਾਫ ਦੇ ਸੁਰੱਖਿਆ

ਕਰਮੀਆਂ ਵਿਚਕਾਰ ਮੁਠਭੇੜ ਹੋਈ ਸੀ। ਸਮਕਾਲੀ ਸ੍ਰੋਤਾਂ ਵਿਚ ਉਸ ਨੇ ਵਿਸਥਾਰ ਸਹਿਤ ਉਦਾਹਰਨ ਦਿੱਤੀ ਹੈ।

੧੮੩੯ ਈ. ਵਿਚ ਮਹਾਰਾਜਾ ਰਣਜੀਤ ਸਿੰਘ ਦਾ ਦੇਹਾਂਤ ਹੋ ਗਿਆ ਅਤੇ ਉਸ ਪਿੱਛੋਂ ਲਾਹੌਰ ਦਰਬਾਰ ਵਿਚ ਅਣਸੁਖਾਵੀਆਂ ਘਟਨਾਵਾਂ ਵਾਪਰਨ ਲੱਗ ਪਈਆਂ। ਇਨ੍ਹਾਂ ਘਟਨਾਵਾਂ ਦਾ ਫਾਇਦਾ ਉਠਾਉਂਦੇ ਹੋਏ ਲਾਹੌਰ ਦੇ ਉੱਚ ਅਧਿਕਾਰੀ ਪ੍ਰਧਾਨ ਮੰਤਰੀ ਰਾਜਾ ਲਾਲ ਸਿਹੁੰ ਅਤੇ ਖਾਲਸਾ ਫੌਜ ਦੇ ਕਮਾਂਡਰ ਰਾਜਾ ਤੇਜ ਸਿਹੁੰ ਨੂੰ ਅੰਗਰੇਜ਼ਾਂ ਨੇ ਮਦਦ ਕਰਨ ਤੇ ਖਾਲਸਾ ਫੌਜ ਨਾਲ ਧੋਖਾ ਕਰਨ ਲਈ ਮਨਾ ਲਿਆ ਅਤੇ ਇਸ ਸੰਬੰਧੀ ਸਾਜ਼ਿਸ਼ਾਂ ਤਿਆਰ ਕਰ ਲਈਆਂ ਗਈਆਂ। ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਪ੍ਰਮੁੱਖ ਸਿੱਖ ਘਰਾਣਿਆਂ ਦਾ ਅਹਿਮ ਰੋਲ ਰਿਹਾ ਹੈ। ਕੁਝ ਇਕ ਸਿੱਖ ਘਰਾਣੇ ਐਸੇ ਸਨ ਜਿਨ੍ਹਾਂ ਨੇ ਅੰਗਰੇਜ਼ਾਂ ਦੀ ਅਧੀਨਗੀ ਸਵੀਕਾਰ ਨਾ ਕੀਤੀ ਤੇ ਉਨ੍ਹਾਂ ਦੇ ਇਸ਼ਾਰਿਆਂ 'ਤੇ ਨਾ ਚੱਲੇ। ਉਨ੍ਹਾਂ ਨੂੰ ਆਪਣੀਆਂ ਜਗੀਰਾਂ ਵੀ ਜਬਤ ਕਰਾਉਣੀਆਂ ਪਈਆਂ। ਕੁਝ ਇਕ ਘਰਾਣੇ ਪਰਵਾਰਿਕ ਗੁੱਟਬੰਦੀ ਦਾ ਸ਼ਿਕਾਰ ਵੀ ਹੋਏ।

ਪੰਜਾਬ ਪ੍ਰਦੇਸ਼ ਦੇ ਜ਼ਿਲ੍ਹਾ ਅਤੇ ਤਹਿਸੀਲ ਫਿਰੋਜ਼ਪੁਰ ਵਿਚ ਮੁਦਕੀ ਨਾਂ ਦਾ ਇਕ ਕਸਬਾ ਹੈ। ਇਹ ਕਸਬਾ ਤਲਵੰਡੀ-ਫਰੀਦਕੋਟ ਸੜਕ 'ਤੇ ਰੇਲਵੇ ਸਟੇਸ਼ਨ ਤਲਵੰਡੀ ਭਾਈ ਤੋਂ ੧੦ ਕਿਲੋਮੀਟਰ ਦੀ ਦੂਰੀ 'ਤੇ ਅਬਾਦ ਹੈ। ਸੰਨ ੧੮੪੫-੪੬ ਵਿਚ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਇਸੇ ਮੁਦਕੀ ਦੇ ਸਥਾਨ 'ਤੇ ਜੰਗ ਹੋਈ। ਅੰਗਰੇਜ਼ ਸਰਕਾਰ ਸਾਲਾਂ ਤੋਂ ਪੰਜਾਬ 'ਤੇ ਕਬਜ਼ਾ ਕਰਨ ਦੀਆਂ ਵਿਉਂਤਾਂ ਬਣਾ ਰਹੀ ਸੀ ਅਤੇ ਆਨੇ-ਬਹਾਨੇ ਪੰਜਾਬ 'ਤੇ ਹਮਲਾ ਕਰਨਾ ਚਾਹੁੰਦੀ ਸੀ। ਸਿੱਖ ਰਾਜ ਦੇ ਗ਼ੱਦਾਰਾਂ ਗੁਲਾਬ ਸਿਹੁੰ ਡੋਗਰਾ, ਤੇਜ ਸਿਹੁੰ, ਮਿਸਰ ਲਾਲ ਸਿਹੁੰ ਆਦਿ ਨੇ ਅੰਗਰੇਜ਼ਾਂ ਨਾਲ ਗੁਪਤ ਸੰਧੀ ਕਰ ਕੇ ਸਿੱਖ ਰਾਜ ਨੂੰ ਅੰਗਰੇਜ਼ਾਂ ਦੇ ਅਧੀਨ ਕਰਨ ਦਾ ਘਾਤਕ ਫੈਸਲਾ ਕਰ ਕੇ ਅੰਗਰੇਜ਼ਾਂ ਦੀ ਚਾਹਤ 'ਤੇ ਫੁੱਲ ਚੜ੍ਹਾਏ। ਮਹਾਰਾਣੀ ਜਿੰਦ ਕੌਰ ਨੇ ਸਿੱਖ ਰਾਜ ਨੂੰ ਬਚਾਉਣ ਲਈ ਇਕ ਚਿੱਠੀ ਸਰਦਾਰ ਸ਼ਾਮ ਸਿੰਘ ਅਟਾਰੀ ਤੇ ਇਕ ਚਿੱਠੀ ਬਾਬਾ ਹਨੂਮਾਨ ਸਿੰਘ ਜੀ ਨੂੰ ਲਿਖ ਕੇ ਸਿੱਖ ਰਾਜ ਨੂੰ ਬਚਾਉਣ ਦੀ ਬੇਨਤੀ ਕੀਤੀ।

੧੧ ਦਸੰਬਰ, ੧੮੪੫ ਈ. ਨੂੰ ਖਾਲਸਾ ਫੌਜ ਨੇ ਲਾਲ ਸਿਹੁੰ ਅਤੇ ਤੇਜ ਸਿਹੁੰ ਦੀ ਅਗਵਾਈ ਵਿਚ ਦਰਿਆ ਸਤਲੁਜ ਪਾਰ ਕੀਤਾ ਅਤੇ ੧੩ ਦਸੰਬਰ ੧੮੪੫ ਨੂੰ ਲਾਰਡ ਹਾਰਡਿੰਗ ਗਵਰਨਰ ਜਨਰਲ ਨੇ ਸਿੱਖਾਂ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ। ਉਸ ਸਮੇਂ ਅੰਗਰੇਜ਼ਾਂ ਪਾਸ ਫਿਰੋਜ਼ਪੁਰ ਵਿਚ ਸਿਰਫ ੮੦੦੦ ਸੈਨਿਕ ਸਨ। ਜੇਕਰ ਲਾਲ ਸਿਹੁੰ ਉਸ ਸਮੇਂ ਅੰਗਰੇਜ਼ਾਂ 'ਤੇ ਹਮਲਾ ਕਰ ਦਿੰਦਾ ਤਾਂ ਅੰਗਰੇਜ਼ਾਂ ਦੀ ਹਾਰ ਨਿਸ਼ਚਿਤ ਸੀ ਪਰ ਉਸ ਨੇ ਇਸ ਤਰ੍ਹਾਂ ਨਾ ਕੀਤਾ, ਸਗੋਂ ਫਿਰੋਜ਼ਪੁਰ ਦੇ ਸਹਾਇਕ ਏਜੰਟ ਨਿਕਲਸਨ ਦੀ ਸਲਾਹ ਨਾਲ ਸਿੱਖ ਸੈਨਾ ਨੂੰ ਪਹਿਲਾਂ ਹੀ ਮਿੱਥੀ ਵਿਉਂਤ ਅਨੁਸਾਰ ਅਲੱਗ-ਅਲੱਗ ਦਿੱਤਾ। ਇਕ ਡਿਵੀਜ਼ਨ ਨੂੰ ਲੁਧਿਆਣਾ ਭੇਜ ਦਿੱਤਾ ਗਿਆ। ਇਕ ਨੇ ਸਰਦਾਰ ਸ਼ਾਮ ਸਿੰਘ ਅਟਾਰੀ ਦੀ ਅਗਵਾਈ ਵਿਚ ਹਰੀਕੇ ਵਿਚ ਪੜਾਅ ਕਰ ਲਿਆ। ਦੋ ਡਿਵੀਜ਼ਨਾਂ

ਦੀ ਅਗਵਾਈ ਫਿਰੋਜ਼ਪੁਰ ਦੇ ਨੇੜੇ ਤੇਜ ਸਿਹੁੰ ਕਰ ਰਿਹਾ ਸੀ ਅਤੇ ਬਾਕੀ ਦੀ ਸੈਨਾ ਫਿਰੋਜ਼ਪੁਰ ਵਿਚ ਲਾਲ ਸਿਹੁੰ ਦੇ ਅਧੀਨ ਸੀ।

ਸਿੱਖ ਸੈਨਾ ਨੂੰ ਉਦੋਂ ਤਕ ਕੋਈ ਕਾਰਵਾਈ ਨਹੀਂ ਕਰਨ ਦਿੱਤੀ ਗਈ ਜਦੋਂ ਤਕ ਸਰ ਹਿਊਂਗ ਗਫ ਦੀ ਅਗਵਾਈ ਹੇਠ ਅੰਗਰੇਜ਼ ਸੈਨਾ ਨੇ ਪੂਰੀ ਤਿਆਰੀ ਨਾ ਕਰ ਲਈ। ਅੰਗਰੇਜ਼ ਫੌਜ ਨੇ ੧੨੦੦੦ ਸੈਨਿਕ, ੪੮ ਤੋਪਾਂ ਤੇ ਚਾਰ ਘੋੜਸਵਾਰ ਤੋਪਖਾਨੇ ਦੇ ਦਸਤੇ ਸ਼ਾਮਲ ਕਰ ਕੇ ਫਿਰੋਜ਼ਪੁਰ ਤੋਂ ੧੫-੧੬ ਕਿਲੋਮੀਟਰ ਦੀ ਦੂਰੀ 'ਤੇ ਮੁਦਕੀ ਪਿੰਡ ਆ ਪਹੁੰਚੀ। ਲਾਲ ਸਿਹੁੰ ਛੋਟੀ ਜਿਹੀ ਸਿੱਖ ਸੈਨਾ ਜਿਸ ਵਿਚ ੨੦੦੦ ਪੈਦਲ ਸੈਨਿਕ, ੩੫੦੦ ਘੋਸਵਾਰ ਤੇ ੨੦ ਤੋਪਾਂ ਸ਼ਾਮਿਲ ਸਨ, ਲੈ ਕੇ ਮੁਦਕੀ ਪਹੁੰਚ ਗਿਆ। ਇੱਥੇ ਹੀ ਪਹਿਲੀ ਲੜਾਈ ਹੋਈ ਤੇ ਲਾਲ ਸਿਹੁੰ ਲੜਾਈ ਦੇ ਸ਼ੁਰੂ ਵਿਚ ਹੀ ਸਿੱਖ ਸੈਨਾ ਨੂੰ ਛੱਡ ਕੇ ਦੌੜ ਗਿਆ। ਸਿੱਖ ਸੈਨਾ ਨੇ ਬਹੁਤ ਹੀ ਡਟ ਕੇ ਦੁਸ਼ਮਣਾਂ ਦਾ ਮੁਕਾਬਲਾ ਕੀਤਾ। ਸਿੱਖ ਅੰਗਰੇਜ਼ਾਂ ਦੇ ਮੁਕਾਬਲੇ ਵਿਚ ਬਹੁਤ ਘੱਟ ਗਿਣਤੀ ਵਿਚ ਸਨ ਅਤੇ ਉਨ੍ਹਾਂ ਨੂੰ ਆਪਣੇ ਸੈਨਾਪਤੀ ਦੀ ਗ਼ੱਦਾਰੀ ਕਾਰਨ ਹਾਰ ਦਾ ਮੂੰਹ ਵੇਖਣਾ ਪਿਆ।

ਬਾਬਾ ਹਨੂਮਾਨ ਸਿੰਘ ਜੀ ਵੱਲੋਂ ਵੀ ਮੁਦਕੀ ਦੇ ਮੈਦਾਨ ਵਿਚ ਇਹ ਜੰਗ ਲੜੀ ਗਈ ਸੀ। ਉਹ ਆਪਣੀ ਖਾਲਸਾ ਫੌਜ ਸਮੇਤ ਸ਼ਾਮਲ ਹੋਏ। ਬਹੁਤ ਸਾਰੀ ਅੰਗਰੇਜ਼ ਫੌਜ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਅੰਗਰੇਜ਼ ਟੁੰਡੇ ਲਾਟ ਨੂੰ ਭਜਾਇਆ। 'ਜੰਗਨਾਮਾ ਸਿੰਘਾ ਤੇ ਫਰੰਗੀਆਂ' ਵਿਚ ਇਸ ਬਾਰੇ ਸ਼ਾਹ ਮੁਹੰਮਦ ਨੇ ਜ਼ਿਕਰ ਕੀਤਾ ਹੈ ਕਿ:

*ਇਕ ਪਿੰਡ ਦਾ ਨਾਮ ਜੋ ਮੁਦਕੀ ਸੀ, ਉਥੇ ਭਰੀ ਸੀ ਪਾਣੀ ਦੀ ਖੱਡ ਮੀਆਂ।*
*ਘੋੜੇ ਚੜ੍ਹ ਤੇ ਨਵੇਂ ਅਕਾਲੀਏ ਜੀ, ਝੰਡੇ ਦੇਂਵਦੇ ਅੱਗੇ ਜਾਇ ਗੱਡ ਮੀਆਂ।*
*ਤੋਪਾਂ ਚੱਲੀਆਂ ਕਟਕ ਫਰੰਗੀਆਂ ਦੇ, ਗੋਲੇ ਤੋੜਦੇ ਮਾਸ ਤੇ ਹੱਡ ਮੀਆਂ'*
*'ਸ਼ਾਹ ਮੁਹੰਮਦਾ' ਪਿਛਾਂਹ ਨੂੰ ਉਠ ਨੱਸੇ, ਤੋਪਾਂ ਸਭ ਆਏ ਉਥੇ ਛੱਡ ਮੀਆਂ।*
*ਉਧਰੋਂ ਆਪ ਫਰੰਗੀ ਨੂੰ ਭਾਂਜ ਆਈ,ਦੌੜੇ ਜਾਣ ਗੋਰੇ ਦਿੱਤੀ ਕੰਡ ਮੀਆਂ।*
*ਚੱਲੇ ਤੋਪਖਾਨੇ ਸਾਰੇ ਬੇੜੀਆਂ ਦੇ, ਮਗਰੋ ਹੋਈ ਬੰਦੂਕਾਂ ਦੀ ਫੰਡ ਮੀਆਂ।*
*ਕਿਸੇ ਜਾਇ ਕੇ ਲਾਟ ਨੂੰ ਖਬਰ ਦਿੱਤੀ, ਨੰਦਨ ਹੋਇ ਬੈਠੀ ਤੇਰੀ ਰੰਡ ਮੀਆਂ।*
*'ਸ਼ਾਹ ਮੁਹੰਮਦਾ' ਦੇਖ ਮੈਦਾਨ ਜਾ ਕੇ, ਰੁਲਦੀ ਗੋਰਿਆਂ ਦੀ ਉਥੇ ਝੰਡ ਮੀਆਂ।*
*ਪਹਾੜਾ ਸਿੰਘ ਸੀ ਯਾਰ ਫਿਰੰਗੀਆਂ ਦਾ, ਸਿੰਘਾਂ ਨਾਲ ਸੀ ਉਸ ਦੀ ਗੈਰ ਸਾਲੀ।*
*ਪਿੱਛੋਂ ਭਜ ਕੇ ਲਾਟ ਨੂੰ ਜਾਇ ਮਿਲਿਆ, ਗੱਲ ਜਾਇ ਦੱਸੀ ਸਾਰੀ ਭੇਤ ਵਾਲੀ।*

ਬਾਬਾ ਹਨੂਮਾਨ ਸਿੰਘ ਜੀ ਨੇ ਸਿੰਘਾਂ ਨੂੰ ਨਾਲ ਲੈ ਕੇ ਮੁਦਕੀ ਦੀ ਜੰਗ ਵਿੱਚੋਂ ਬਰਤਾਨਵੀ ਸੈਨਾ ਨੂੰ ਭਜਾਇਆ ਅਤੇ ਸਿੱਖ ਰਾਜ ਦੀ ਮਦਦ ਕੀਤੀ। ਜੇਕਰ ਉਸ ਸਮੇਂ ਪਟਿਆਲਾ, ਜੀਂਦ, ਫਰੀਦਕੋਟ, ਕੈਥਲ ਆਦਿ ਦੀਆਂ ਰਿਆਸਤਾਂ ਅੰਗਰੇਜ਼ਾਂ ਨਾਲ ਨਾ ਰਲਦੀਆਂ ਅਤੇ ਸਿੱਖ ਫੌਜ ਨਾਲ ਸੈਨਾਪਤੀ ਗ਼ੱਦਾਰੀ ਨਾ ਕਰਦੇ ਤਾਂ ਅੰਗਰੇਜ਼ਾਂ ਦਾ ਪੰਜਾਬ 'ਤੇ ਕਬਜ਼ਾ ਹੋਣਾ ਮੁਸ਼ਕਿਲ ਸੀ। ਟੁੰਡੇ ਲਾਟ ਨੇ ਵਲੈਤ ਵਿਚ ਖਬਰਾਂ ਭੇਜ ਦਿੱਤੀਆਂ ਸਨ ਅਤੇ ਫੌਜ ਨੂੰ ਹੁਕਮ ਕਰ ਦਿੱਤਾ ਸੀ, ਭੱਜ ਜਾਓ ਜੋ ਭੱਜਣਾ ਚਾਹੁੰਦਾ ਹੈ। ਅਕਾਲੀ ਆ

ਗਏ ਹਨ। ਅਬ ਨਹੀਂ ਛੋੜੇਂਗੇ। ਜਦੋਂ ਇਹ ਖਬਰ ਸੁਣੀ ਤਾਂ ਸਾਰੇ ਟਾਪੂਆਂ ਵਿਚ ਹਫੜਾ-ਦਫੜੀ ਮੱਚ ਗਈ, ਜਿਸ ਦਾ ਸ਼ਾਹ ਮੁਹੰਮਦ ਨੇ ਜ਼ਿਕਰ ਕੀਤਾ ਹੈ:

*ਨੰਦਨ ਟਾਪੂਆਂ ਵਿਚ ਕੁਰਲਾਟ ਹੋਇਆ,*
*ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।*

ਅੰਗਰੇਜ਼ਾਂ ਦਾ ਚਾਰ ਹਜ਼ਾਰ ਅਫਸਰ ਮਰ ਗਿਆ ਤਾਂ ਇਸ ਤਰ੍ਹਾਂ ਟੁੰਡੇ ਲਾਟ ਨੂੰ ਭਾਜ ਦੇ ਕੇ ਬਾਬਾ ਜੀ ਦਾ ਜਥਾ ਪਟਿਆਲੇ ਵੱਲ ਆ ਗਿਆ। ਉਧਰ ਪਹਾੜਾ ਸਿੰਘ ਫਰੀਦਕੋਟੀਏ ਨੇ ਟੁੰਡੇ ਲਾਟ ਦੀ ਮਦਦ ਕੀਤੀ। ਟੁੰਡਾ ਲਾਟ ਫੌਜਾਂ ਲੈ ਕੇ ਲਾਹੌਰ ਵੱਲ ਵਧਿਆ। ਬਾਬਾ ਜੀ ਆਪਣੇ ਜਥੇ ਸਮੇਤ ਪਟਿਆਲਾ ਵਿਖੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਆਏ ਜਿਸ ਨੂੰ ਪਹਿਲਾਂ ਨਿਹੰਗਾਂ ਸਿੰਘਾਂ ਦਾ ਟੋਭਾ ਕਿਹਾ ਜਾਂਦਾ ਸੀ। ਪਟਿਆਲੇ ਬਾਰੇ ਉਸ ਸਮੇਂ ਇਹ ਕਹਾਵਤ ਮਸ਼ਹੂਰ ਸੀ ਕਿ 'ਤੇਰਾ ਘਰ ਸੋ ਮੇਰਾ ਘਰ' ਸਿੰਘਾਂ ਨੇ ਸਮਝਿਆ ਕਿ ਇਹ ਗੱਲ ਹੈ ਕਿ 'ਤੇਰਾ ਘਰ ਸੋ ਮੇਰਾ ਘਰ' ਅਤੇ ਨਾਲੇ ਸਿੱਖ ਰਿਆਸਤ ਹੈ। ਸੋ ਬਾਬਾ ਜੀ ਨੇ ਇਸ ਗੱਲ 'ਤੇ ਇਤਬਾਰ ਕਰ ਕੇ ਸ੍ਰੀ ਦੂਖ ਨਿਵਾਰਨ ਸਾਹਿਬ ਅਤੇ ਬਗੀਚੀ ਬਾਬਾ ਰਾਜੂ ਸਿੰਘ ਜੀ ਸ਼ਹੀਦ ਇਨ੍ਹਾਂ ਦੋਨਾਂ ਥਾਵਾਂ 'ਤੇ ਆਪਣੇ ਦਲ ਦਾ ਉਤਾਰਾ ਕਰ ਲਿਆ। ਨਿਹੰਗ ਸਿੰਘਾਂ ਦਾ ਜਥਾ ਅਜੇ ਆਰਾਮ ਕਰਨ ਦੀਆਂ ਤਿਆਰੀਆਂ ਹੀ ਕਰ ਰਿਹਾ ਸੀ ਕਿ ਪਟਿਆਲੇ ਦੇ ਰਾਜੇ ਕਰਮ ਸਿੰਘ ਨੇ ਅੰਗਰੇਜ਼ਾਂ ਤੋਂ ਡਰਦਿਆਂ ਇਨ੍ਹਾਂ 'ਤੇ ਫੌਜਾਂ ਚਾੜ੍ਹ ਦਿੱਤੀਆਂ। ਰਾਜੇ ਦੀਆਂ ਫੌਜਾਂ ਨੇ ਤੋਪਾਂ ਨਾਲ ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ। ਨਿਹੰਗ ਸਿੰਘਾਂ ਨੇ ਡਟ ਕੇ ਮੁਕਾਬਲਾ ਕੀਤਾ ਅਤੇ ਬਾਬਾ ਹਨੂਮਾਨ ਸਿੰਘ ਜੀ ਨੇ ਆਪ ਹੱਲਾ ਬੋਲ ਕੇ ਆਪ ਤੋਪ ਦੇ ਮੂੰਹ ਵਿਚ ਭੂਰਾ ਦਿੱਤਾ ਅਤੇ ਤੋਪਚੀਆਂ ਨੂੰ ਝਟਕਾਇਆ। ਇੱਥੇ ੧੫੦੦ ਸਿੰਘ ਸ਼ਹੀਦ ਹੋਏ। ਇਨ੍ਹਾਂ ਸ਼ਹੀਦ ਨਿਹੰਗ ਸਿੰਘਾਂ ਦੀ ਯਾਦਗਾਰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਨੇੜੇ ਇਤਿਹਾਸਿਕ ਬੋਹੜ ਥੱਲੇ ਸੀ। ਬਾਬਾ ਜੀ ਇੱਥੋਂ ਘੁੜਾਮ ਵੱਲ ਚਲੇ ਗਏ। ਇੱਥੇ ਵੀ ਫੌਜ ਨਾਲ ਟਾਕਰਾ ਹੋਇਆ। ਘੁੜਾਮ ਵਿਖੇ ਬਾਬਾ ਜੀ ਨੂੰ ਇਕ ਤੋਪ ਦਾ ਗੋਲਾ ਲੱਗਾ ਜਿਸ ਨਾਲ ਉਹ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ। ਜ਼ਖ਼ਮੀ ਹਾਲਤ ਵਿਚ ਵੀ ਬਾਬਾ ਜੀ ਦੁਸ਼ਮਣਾਂ ਦਾ ਮੁਕਾਬਲਾ ਦਲੇਰੀ ਨਾਲ ਕਰਦੇ ਰਹੇ। ਇੱਥੋਂ ਆਪ ਰਾਜਪੁਰੇ ਤੋਂ ਹੁੰਦੇ ਹੋਏ ਕੁੰਬੜਾ-ਸੋਹਾਣਾ ਪਹੁੰਚ ਗਏ। ਕੁੰਬੜਾ-ਸੋਹਾਣਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਤਹਿਸੀਲ ਦਾ ਪਿੰਡ ਚੰਡੀਗੜ੍ਹ-ਸਰਹਿੰਦ ਸੜਕ 'ਤੇ ਅਬਾਦ ਹੈ। ਰੇਲਵੇ ਸਟੇਸ਼ਨ ਚੰਡੀਗੜ੍ਹ ਇੱਥੋਂ ੧੩ ਕਿਲੋਮੀਟਰ ਦੀ ਦੂਰੀ 'ਤੇ ਹੈ। ਇਸ ਸਥਾਨ 'ਤੇ ਵੀ ਸਖਤ ਲੜਾਈ ਹੋਈ ਅਤੇ ਬਾਬਾ ਹਨੂਮਾਨ ਸਿੰਘ ਜੀ ੫੦੦ ਸਿੰਘਾਂ ਸਮੇਤ ੧੮੪੬ ਈ. ਨੂੰ ਸ਼ਹੀਦ ਹੋ ਗਏ। ਇਨ੍ਹਾਂ ਸ਼ਹੀਦ ਸਿੰਘਾਂ ਦਾ ਸਸਕਾਰ ਸੋਹਾਣਾ ਵਿਖੇ ਹੀ ਕੀਤਾ ਗਿਆ। ਇੱਥੇ ਇਨ੍ਹਾਂ ਸ਼ਹੀਦ ਸਿੰਘਾਂ ਦੀ ਯਾਦ ਵਿਚ ਸਾਢੇ ਚਾਰ ਏਕੜ ਵਿਚ ਬਹੁਤ ਹੀ ਅਲੀਸ਼ਾਨ ਇਮਾਰਤ ਸੁਸ਼ੋਭਿਤ ਹੈ। ਬਾਬਾ ਹਨੂਮਾਨ ਸਿੰਘ ਜੀ ਨੇ ੧੧ ਸਾਲ ਬੁੱਢਾ ਦਲ ਦੇ ਮੁੱਖ ਸੇਵਾਦਾਰ ਦੇ ਤੌਰ 'ਤੇ ਸੇਵਾ-ਸੰਭਾਲ ਕੀਤੀ। ■

# ਸਰਦਾਰ ਸ਼ਾਮ ਸਿੰਘ ਅਟਾਰੀ

*-ਮਾਸਟਰ ਜਸਵੰਤ ਸਿੰਘ ਘਰਿੰਡਾ**

ਸਰਦਾਰ ਸ਼ਾਮ ਸਿੰਘ ਸਿੱਖ ਰਾਜ ਦੇ ਮਹਾਨ ਜਰਨੈਲ ਸਨ। ਇਨ੍ਹਾਂ ਦਾ ਖਾਨਦਾਨ ਜੈਸਲਮੇਰ ਦੇ ਭੱਟੀ ਰਾਜਪੂਤਾਂ ਨਾਲ ਸੰਬੰਧ ਰੱਖਦਾ ਸੀ। ਇਨ੍ਹਾਂ ਦੇ ਵਡੇਰੇ ਦਾ ਨਾਂ ਕਾਹਨ ਚੰਦ ਸੀ ਅਤੇ ਉਸ ਦੇ ਦੋ ਪੁੱਤਰ ਕੌਰਾ ਤੇ ਗੌਰਾ ਸਨ। ਪੰਜਾਬ ਆ ਕੇ ਇਨ੍ਹਾਂ ਜਗਰਾਵਾਂ ਲਾਗੇ ਪਿੰਡ ਕਾਉਂਕੇ ਵਸਾਇਆ, ਜਿਸ ਨੂੰ ਅੱਜਕਲ੍ਹ ਕਾਉਂਕੇ ਕਲ੍ਹਾਂ ਕਹਿੰਦੇ ਹਨ। ਮਿਸਲਾਂ ਦਾ ਜ਼ਮਾਨਾ ਸੀ। ਪੰਜਾਬ ਵਿਚ ਸਿੱਖ ਰਾਜਨੀਤਕ ਸ਼ਕਤੀ ਵਜੋਂ ਉੱਭਰ ਰਹੇ ਸਨ। ਸਿੱਖਾਂ ਦੀ ਉੱਭਰ ਰਹੀ ਤਾਕਤ ਤੋਂ ਪ੍ਰਭਾਵਿਤ ਹੋ ਕੇ ਕੌਰੇ ਤੇ ਗੌਰੇ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜ ਕੇ ਅੰਮ੍ਰਿਤ ਛਕਿਆ ਅਤੇ ਕੌਰੇ ਤੋਂ ਕੌਰ ਸਿੰਘ ਤੇ ਗੌਰੇ ਤੋਂ ਗੌਰ ਸਿੰਘ ਬਣ ਗਏ। ਕੁਝ ਚਿਰ ਬਾਅਦ ਇਨ੍ਹਾਂ ਨੇ ਅਜੋਕੇ ਕਸਬੇ ਅਟਾਰੀ ਤੋਂ ਚੜ੍ਹਦੇ ਪਾਸੇ ਪਿੰਡ ਕਾਉਂਕੇ ਵਸਾਇਆ। ਮੌਜੂਦਾ ਵੱਸੀ ਅਟਾਰੀ ਤੋਂ ਪਹਿਲਾਂ ਉੱਥੇ ਥੇਹ ਸੀ। ਇਸ ਥੇਹ 'ਤੇ ਮਹੰਤ ਰਹਿੰਦੇ ਸਨ, ਜਿਨ੍ਹਾਂ ਨੂੰ ਚੋਰਾਂ/ਡਾਕੂਆਂ ਨੇ ਕਈ ਵਾਰ ਲੁੱਟਿਆ। ਉਨ੍ਹਾਂ ਮਹੰਤਾਂ ਨੇ ਚੋਰਾਂ/ਡਾਕੂਆਂ ਤੋਂ ਤੰਗ ਆ ਕੇ ਭਾਈ ਕੌਰ ਸਿੰਘ ਤੇ ਭਾਈ ਗੌਰ ਸਿੰਘ ਨੂੰ ਬੇਨਤੀ ਕੀਤੀ। ਮਹੰਤਾਂ ਨੇ ਇਸ ਥੇਹ 'ਤੇ ਤਿੰਨ ਮੰਜ਼ਿਲਾ ਮਕਾਨ ਬਣਾ ਕੇ ਦਿੱਤਾ ਤੇ ਨਾ ਰੱਖਿਆ ਅਟਾਰੀ। ਕਾਉਂਕੇ ਤੋਂ ਉੱਠ ਕੇ ਸਰਦਾਰਾਂ ਦਾ ਪਰਵਾਰ ਅਟਾਰੀ ਆਣ ਵੱਸਿਆ।

ਅੰਮ੍ਰਿਤ ਛਕਣ ਤੋਂ ਬਾਅਦ ਗੌਰ ਸਿੰਘ ਤੇ ਕੌਰ ਸਿੰਘ ਭੰਗੀ ਮਿਸਲ ਦੇ ਸਰਦਾਰ ਗੁਰਬਖਸ਼ ਸਿੰਘ ਰੋੜਾਂਵਾਲਾ ਪਾਸ ਨੌਕਰ ਹੋ ਗਏ। ੧੭੩੭ ਈ. ਵਿਚ ਅਟਾਰੀ ਦੇ ਉਦਾਲੇ ਭਾਈ ਗੌਰ ਸਿੰਘ ਨੂੰ ੭੦੦੦ ਰੁਪਏ ਦੀ ਜਾਗੀਰ ਮਿਲੀ। ਸਰਦਾਰ ਗੁਰਬਖਸ਼ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਭਾਈ ਗੌਰ ਸਿੰਘ, ਲਹਿਣਾ ਸਿੰਘ ਅਤੇ ਗੁੱਜਰ ਸਿੰਘ ਦਾ ਨੌਕਰ ਹੋ ਗਿਆ। ੮੬੦੦ ਰੁਪਏ ਦੀ ਜਾਗੀਰ ਹੋਰ ਲਈ। ਭਾਈ ਗੌਰ ਸਿੰਘ ਦੀ ਮੌਤ ਹੋਣ ਪਿੱਛੋਂ ਉਸ ਦਾ ਲੜਕਾ ਨਿਹਾਲ ਸਿੰਘ, ਸਾਹਿਬ ਸਿੰਘ ਭੰਗੀ ਗੁਜਰਾਤ ਵਾਲੇ ਕੋਲ ਨੌਕਰ ਜਾ ਹੋਇਆ। ਮਹਾਰਾਜਾ ਰਣਜੀਤ ਸਿੰਘ ਦੀ ਵਧਦੀ ਤਾਕਤ ਵੇਖ ਕੇ ਭੰਗੀ ਸਰਦਾਰ ਦੀ ਨੌਕਰੀ ਛੱਡ ਕੇ ਉਨ੍ਹਾਂ ਦੀ ਫੌਜ ਵਿਚ ਭਰਤੀ ਹੋ ਗਿਆ। ਮਹਾਰਾਜਾ ਵੱਲੋਂ ਉਨ੍ਹਾਂ ਨੂੰ ੧੮੦੩ ਈ. ਵਿਚ ੫੪੫੦੦ ਰੁਪਏ ਦੀ ਜਾਗੀਰ ਮਿਲੀ, ਉਹ ਮਹਾਰਾਜੇ ਦੀਆਂ ਬਹੁਤ ਸਾਰੀਆਂ ਮੁਹਿੰਮਾਂ ਵਿਚ ਸ਼ਾਮਲ ਰਿਹਾ। ੧੮੦੭ ਈ. ਵਿਚ ਕਸੂਰ ਫਤਿਹ ਕਰ ਕੇ ਪਹਿਲਾ ਨਾਜ਼ਮ ਉਸੇ ਨੂੰ ਥਾਪਿਆ। ਇਸ ਦੀ ਜਾਗੀਰ ਵਧਦੀ-ਵਧਦੀ ੩੦੬੮੦੦ ਰੁਪਏ ਤਕ ਜਾ ਪਹੁੰਚੀ। ੧੮੧੭ ਈ. ਮਹਾਰਾਜਾ ਆਪਣੇ ਠਹਿਰਣ ਵਾਸਤੇ ਬਣਾਏ ਬੁਰਜ (ਜੋ ਅੱਜਕਲ ਖੰਡਰ ਹਾਲਤ ਵਿਚ ਪਿੰਡ ਵਣੀਏ ਕੇ ਵਿਚ ਮੌਜੂਦ ਹੈ) ਪਿੰਡ

*ਮਾਰਫਤ, ਸ. ਜਸਜੀਤ ਸਿੰਘ, ਪਿੰਡ ਤੇ ਡਾਕ: ਘਰਿੰਡਾ, ਵਾਇਆ ਡੀ. ਖਾਸਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ। ਮੋ: +੯੧੭੫੨੭੮-੪੫੨੪੪

ਵਣੀਏ ਕੇ ਵਿਖੇ ਠਹਿਰੇ ਹੋਏ ਸਨ। ਉਨ੍ਹਾਂ ਅਜਿਹੇ ਬੁਰਜ ਲੋਕਾਂ ਦੀਆਂ ਤਕਲੀਫਾਂ ਤੇ ਸ਼ਿਕਾਇਤਾਂ ਸੁਣਨ ਲਈ ਬਣਾਏ ਹੋਏ ਸਨ। ਉੱਥੇ ਮਹਾਰਾਜਾ ਸਖਤ ਬੀਮਾਰ ਹੋ ਗਏ। ਬਚਣ ਦੀ ਕੋਈ ਆਸ ਨਾ ਵੇਖ ਕੇ ਵੈਦ-ਹਕੀਮਾਂ ਨੇ ਜਵਾਬ ਦੇ ਦਿੱਤਾ।

ਸਰਦਾਰ ਸ਼ਾਮ ਸਿੰਘ ਦੇ ਪਿਤਾ ਸਰਦਾਰ ਨਿਹਾਲ ਸਿੰਘ ਅਟਾਰੀਵਾਲੇ ਨੇ ਮਹਾਰਾਜਾ ਦੇ ਪਲੰਘ ਕੋਲ ਖਲੋ ਕੇ ਵਾਹਿਗੁਰੂ ਅੱਗੇ ਸੱਚੇ ਦਿਲੋਂ ਅਰਦਾਸ ਕੀਤੀ, "ਹੇ ਸੱਚੇ ਪਾਤਸ਼ਾਹ! ਮੇਰੀ ਬਾਕੀ ਦੀ ਜ਼ਿੰਦਗੀ ਮਹਾਰਾਜੇ ਨੂੰ ਮਿਲ ਜਾਏ ਤੇ ਇਨ੍ਹਾਂ ਦੀ ਬੀਮਾਰੀ ਮੈਨੂੰ ਲੱਗ ਜਾਏ।" ਅਰਦਾਸ ਸੁਣੀ ਗਈ ਅਤੇ ਮਹਾਰਾਜਾ ਤੰਦਰੁਸਤ ਹੋ ਗਏ, ਪਰ ਵਾਪਸ ਅਟਾਰੀ ਆ ਕੇ ਸ. ਨਿਹਾਲ ਸਿੰਘ ਬੀਮਾਰ ਪੈ ਗਏ। ਰੱਬ ਦਾ ਕਰਨਾ, ਜਿਸ ਦਿਨ ਮਹਾਰਾਜੇ ਨੇ ਬੀਮਾਰੀ ਤੋਂ ਬਾਅਦ ਪਹਿਲਾ ਇਸ਼ਨਾਨ ਕੀਤਾ ਸਰਦਾਰ ਨਿਹਾਲ ਸਿੰਘ ਉਸੇ ਦਿਨ ਜਨਵਰੀ ੧੮੧੮ ਈ. ਨੂੰ ਅਕਾਲ ਚਲਾਣਾ ਕਰ ਗਏ। ਮਹਾਰਾਜਾ ਆਪ ਲਾਹੌਰੋਂ ਚੱਲ ਕੇ ਅਟਾਰੀ ਪਹੁੰਚੇ ਤੇ ਸ. ਨਿਹਾਲ ਸਿੰਘ ਦਾ ਆਪਣੇ ਹੱਥੀਂ ਅੰਤਮ ਸਸਕਾਰ ਕੀਤਾ। ਸਸਕਾਰ ਵਾਲੀ ਜਗਾ 'ਤੇ ਆਲੀਸ਼ਾਨ ਯਾਦਗਾਰ ਬਣਾਈ ਜੋ ਅੱਜ ਵੀ ਬੜੀ ਚੰਗੀ ਹਾਲਤ ਵਿਚ ਮੌਜੂਦ ਹੈ। ਮਹਾਰਾਜਾ ਨੇ ਉਨ੍ਹਾਂ ਦੇ ਪੁੱਤਰ ਸ਼ਾਮ ਸਿੰਘ ਨੂੰ ਫੌਜਾਂ ਦਾ ਸਰਦਾਰ ਬਣਾ ਦਿੱਤਾ ਤੇ ਨਾਲ ਹੀ ਸਾਰੀ ਜਾਗੀਰ ਉਸ ਦੇ ਹਵਾਲੇ ਕਰ ਦਿੱਤੀ। ਸਰਦਾਰ ਸ਼ਾਮ ਸਿੰਘ ਨੇ ਆਪਣੀ ਕਮਾਨ ਥੱਲੇ ਸਭ ਮੁਹਿੰਮਾਂ ਵਿਚ ਮਹਾਰਾਜੇ ਦਾ ਸਾਥ ਦਿੱਤਾ, ਜਿੱਤਾਂ ਪ੍ਰਾਪਤ ਕੀਤੀਆਂ ਤੇ ਆਪਣੀ ਬਹਾਦਰੀ ਦੀ ਧਾਂਕ ਜਮਾਈ।

ਲਾਹੌਰ ਦਰਬਾਰ ਵਿਚ ਸਰਦਾਰ ਸ਼ਾਮ ਸਿੰਘ ਦਾ ਪੂਰਾ ਮਾਣ-ਸਤਿਕਾਰ ਸੀ। ਸਰਦਾਰ ਸ਼ਾਮ ਸਿੰਘ ਨੇ ਆਪਣੀ ਬੇਟੀ ਨਾਨਕੀ ਦਾ ਰਿਸ਼ਤਾ ਖੜਕ ਸਿੰਘ ਦੇ ਪੁੱਤਰ ਕੰਵਰ ਨੌਨਿਹਾਲ ਸਿੰਘ ਨਾਲ ਕਰ ਦਿੱਤਾ। ੮ ਮਾਰਚ, ੧੮੩੭ ਈ. ਨੂੰ ਬੀਬੀ ਨਾਨਕੀ ਤੇ ਕੰਵਰ ਨੌਨਿਹਾਲ ਸਿੰਘ ਦਾ ਵਿਆਹ ਬੜੀ ਧੂਮ-ਧਾਮ ਨਾਲ ਹੋਇਆ। ਰਾਜੇ-ਮਹਾਰਾਜੇ ਸਮੇਤ ਅੰਗਰੇਜ਼ ਅਹੁਦੇਦਾਰ ਦੇ, ਇਸ ਵਿਚ ਸ਼ਾਮਲ ਹੋਏ। ਜਿਹੜਾ ਸਿਹਰਾ ਸ੍ਰੀ ਅੰਮ੍ਰਿਤਸਰ ਦੇ ਇਕ ਜੌਹਰੀ ਨੇ ਕੰਵਰ ਨੌਨਿਹਾਲ ਸਿੰਘ ਲਈ ਬਣਾਇਆ ਸੀ, ਉਹ ਮਹਾਰਾਜੇ ਨੇ ਗੁਰੂ-ਘਰ ਦਾ ਅਨਿੰਨ ਸ਼ਰਧਾਲੂ ਹੋਣ ਕਰਕੇ ਕੰਵਰ ਦੇ ਸਿਰ 'ਤੇ ਬੰਨਣ ਦੀ ਬਜਾਇ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਚੜ੍ਹਾ ਦਿੱਤਾ ਜੋ ਅੱਜ ਵੀ ਤੋਸ਼ੇਖਾਨੇ ਵਿਚ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੈ।

੩੦ ਅਪ੍ਰੈਲ, ੧੮੩੭ ਈ. ਵਿਚ ਸਰਦਾਰ ਹਰੀ ਸਿੰਘ ਨਲੂਆ ਪਠਾਣਾਂ ਨਾਲ ਲੜਦੇ ਜਮਰੌਦ ਵਿਖੇ ਸ਼ਹੀਦ ਹੋ ਗਏ। ਉਨ੍ਹਾਂ ਦੀ ਸ਼ਹੀਦੀ ਦਾ ਮਹਾਰਾਜਾ ਰਣਜੀਤ ਸਿੰਘ ਨੂੰ ਬਹੁਤ ਸਦਮਾ ਪਹੁੰਚਿਆ। ਸਾਰੀਆਂ ਜ਼ਿੰਮੇਵਾਰੀਆਂ ਉਨ੍ਹਾਂ ਦੇ ਮੋਢਿਆਂ 'ਤੇ ਆਣ ਪਈਆਂ। ਨਾਲ ਹੀ ਉਨ੍ਹਾਂ ਦੀ ਸਿਹਤ ਵਿਗੜਨੀ ਸ਼ੁਰੂ ਹੋ ਗਈ। ਅਖੀਰ ੨੭ ਜੂਨ, ੧੮੩੯ ਈ. ਨੂੰ ਉਹ ਅਕਾਲ ਚਲਾਣਾ ਕਰ ਗਏ। ਉਨ੍ਹਾਂ ਤੋਂ ਬਾਅਦ ਦਰਬਾਰ ਵਿਚ ਡੋਗਰਿਆਂ ਦੀਆਂ ਸਾਜ਼ਿਸ਼ਾਂ ਤੇ ਸਿੱਖ ਸਰਦਾਰਾਂ ਦੀ ਗੱਦੀ ਦੀ ਭੁੱਖ ਨੇ ਖਾਨਾ-ਜੰਗੀ ਨੂੰ

ਜਨਮ ਦਿੱਤਾ। ਖੜਕ ਸਿੰਘ ਤੇ ਕੰਵਰ ਨੌਨਿਹਾਲ ਇਨ੍ਹਾਂ ਦਾ ਸ਼ਿਕਾਰ ਹੋ ਗਏ। ਉਸ ਵਕਤ ਸਰਦਾਰ ਸ਼ਾਮ ਸਿੰਘ ਰਾਵਲਪਿੰਡੀ ਆਪਣੀ ਜਾਗੀਰ 'ਤੇ ਸਨ। ਇਸ ਖਾਨਾਜੰਗੀ ਤੋਂ ਤੰਗ ਆ ਕੇ ਸਰਦਾਰ ਸ਼ਾਮ ਸਿੰਘ ਲਾਹੌਰ ਦਰਬਾਰ ਛੱਡ ਕੇ ਅਟਾਰੀ ਚਲੇ ਗਏ।

ਆਖਿਰ ਦਲੀਪ ਸਿੰਘ ਨੂੰ ਗੱਦੀ 'ਤੇ ਬਿਠਾਇਆ ਗਿਆ। ਮਹਾਰਾਣੀ ਜਿੰਦ ਕੌਰ ਉਸ ਦੀ ਸਰਪ੍ਰਸਤ ਬਣੀ। ਮਹਾਰਾਣੀ ਜਿੰਦਾਂ ਬੜੀ ਸੂਝਵਾਨ ਇਸਤਰੀ ਸੀ। ਸਰਦਾਰ ਸ਼ਾਮ ਸਿੰਘ ਤੇ ਮਹਾਰਾਣੀ ਜਿੰਦਾਂ ਲੜਾਈ ਕਰਨਾ ਨਹੀਂ ਸਨ ਚਾਹੁੰਦੇ। ਪਰ ਲਾਲ ਸਿੰਘ ਤੇ ਤੇਜ ਸਿੰਘ ਅੰਗਰੇਜ਼ਾਂ ਨਾਲ ਮਿਲੇ ਹੋਏ ਸਨ। ਉਹ ਖਾਲਸਾ ਫੌਜ ਨੂੰ ਤਬਾਹ ਕਰ ਦੇਣਾ ਚਾਹੁੰਦੇ ਸਨ ਤੇ ਆਪ ਆਪਣੀ ਮਰਜ਼ੀ ਦਾ ਰਾਜ ਚਾਹੁੰਦੇ ਸਨ।

ਨਵੰਬਰ, ੧੮੪੫ ਦੇ ਅਰੰਭ ਵਿਚ ਸਿੱਖ ਸਰਦਾਰਾਂ ਤੇ ਫੌਜੀ ਪੰਚਾਂ ਦੀ ਸਭਾ ਹੋਈ। ਲਾਲ ਸਿੰਘ ਤੇ ਤੇਜ ਸਿੰਘ ਦੇ ਭੜਕਾਏ ਹੋਏ ਪੰਚ ਲੜਾਈ ਦੇ ਹਾਮੀ ਸਨ। ਅੰਤ ਬਹੁ-ਸੰਮਤੀ ਲੜਾਈ ਲੜਨ ਵਾਲਿਆਂ ਦੀ ਹੋਈ। ਇਸ ਤੋਂ ਬਾਅਦ ਦੋ ਲੜਾਈਆਂ ਮੁੱਦਕੀ ਤੇ ਫੇਰੂ ਸ਼ਹਿਰ ਦੀਆਂ ਹੋਈਆਂ ਅਤੇ ਲਾਲ ਸਿੰਘ ਤੇ ਤੇਜ ਸਿੰਘ ਦੀ ਗਦਾਰੀ ਕਾਰਨ ਸਿੱਖ ਫੌਜਾਂ ਹਾਰ ਗਈਆ। ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਅਟਾਰੀ ਵਿਚ ਬੈਠਾ ਜੰਗ ਦੀਆਂ ਖ਼ਬਰਾਂ ਰੋਜ਼ ਸੁਣਦਾ ਰਹਿੰਦਾ ਸੀ। ਮੁੱਦਕੀ ਤੇ ਫੇਰੂ ਸ਼ਹਿਰ ਦੀਆਂ ਹਾਰਾਂ ਉਸ ਦੇ ਸੀਨੇ ਵਿਚ ਕੰਡੇ ਵਾਂਗ ਰੜਕ ਰਹੀਆਂ ਸਨ। ਮਹਾਰਾਣੀ ਜਿੰਦਾਂ ਨੇ ਚਾਰ ਚੁਫੇਰੇ ਨਜ਼ਰ ਦੌੜਾਈ ਤਾਂ ਸਿਰਫ ਸਰਦਾਰ ਸ਼ਾਮ ਸਿੰਘ ਹੀ ਉਸ ਨੂੰ ਨਜ਼ਰ ਆਇਆ, ਜੋ ਸਿੱਖ ਰਾਜ ਦੀ ਡੁੱਬਦੀ ਬੇੜੀ ਨੂੰ ਬੰਨੇ ਲਾ ਸਕਦਾ ਸੀ। ਉਸ ਨੇ ਰੋਹ ਭਰੀ ਚਿੱਠੀ ਆਪਣੇ ਹਰਕਾਰੇ ਰਾਹੀਂ ਸਰਦਾਰ ਸ਼ਾਮ ਸਿੰਘ ਨੂੰ ਭੇਜੀ, ਜਿਸ ਦਾ ਢਾਡੀ ਕਲਾ ਦੇ ਪਿਤਾਮਾ ਗਿਆਨੀ ਸੋਹਣ ਸਿੰਘ ਸੀਤਲ ਨੇ ਆਪਣੀ ਕਲਮ ਨਾਲ ਇਸ ਤਰ੍ਹਾਂ ਬਿਆਨ ਕੀਤਾ ਹੈ:

"ਚਿੱਠੀ ਲਿਖੀ ਮਹਾਰਾਣੀ ਨੇ ਸ਼ਾਮ ਸਿੰਘ ਨੂੰ,
ਬੈਠ ਰਿਹੈਂ ਕੀ ਚਿੱਤ ਵਿਚ ਧਾਰ ਸਿੰਘਾਂ!
ਦੋਵੇ ਜੰਗ 'ਮੁਦਕੀ' 'ਫੇਰੂ ਸ਼ਹਿਰ ਵਾਲੇ,
ਸਿੰਘ ਆਏ ਅੰਗਰੇਜ਼ਾਂ ਤੋਂ ਹਾਰ ਸਿੰਘਾਂ!
ਕਾਹਨੂੰ ਹਾਰ ਦੇ ਕਿਉਂ ਮਿਹਣੇ ਜਗ ਦੇਂਦਾ?
ਜਿਉਂਦੀ ਹੁੰਦੀ ਜੇ ਅੱਜ 'ਸਰਕਾਰ' ਸਿੰਘਾ!
ਤੇਗ ਸਿੰਘਾਂ ਦੀ ਤਾਂ ਖੁੰਢੀ ਨਹੀਂ ਹੋ ਗਈ,
ਐਪਰ ਆਪਣੇ ਹੋ ਗਏ ਗ਼ਦਾਰ ਸਿੰਘਾ!
ਦੇਸ਼ ਧਰੋਹੀ ਵਜ਼ੀਰ ਜਰਨੈਲ ਰਲਕੇ,
ਵੇਖ ਕੌਮ ਦਾ ਮੁੱਲ ਕੀ ਪਾ ਰਹੇ ਨੇ।
ਚਾਂਈ ਚਾਂਈ ਗ਼ੁਲਾਮੀ ਦੀਆਂ ਬੇੜੀਆਂ ਪਾ,

ਉਹ ਪੰਜਾਬ ਦੀ ਅਣਖ ਮਿਟਾ ਰਹੇ ਨੇ।
ਅਜੇ ਸਮਾਂ ਹਈ ਵਕਤ ਸੰਭਾਲ ਸਿੰਘਾ,
ਰੁੜ੍ਹੀ ਜਾਂਦੀ ਪੰਜਾਬ ਦੀ ਸ਼ਾਨ ਰੱਖ ਲੈ।
ਲਹਿੰਦੀ ਦਿਸੇ ਰਣਜੀਤ ਦੀ ਪੱਗ ਮੈਨੂੰ,
ਮੋਏ ਮਿੱਤਰ ਦੀ ਯੋਧਿਆ ਆਨ ਰੱਖ ਲੈ।

ਸਰਦਾਰ ਸ਼ਾਮ ਸਿੰਘ ਨੇ ਚਿੱਠੀ ਪੜ੍ਹੀ। ਚਿੱਠੀ ਵਿਚ ਦੋਵਾਂ ਲੜਾਈਆਂ ਦਾ ਵੇਰਵਾ ਤੇ ਖਾਲਸਾ ਫੌਜ ਦੇ ਹਾਰ ਦੇ ਕਾਰਨ ਸਾਫ-ਸਾਫ ਲਿਖੇ ਹੋਏ ਸਨ। ਜਗੀਰਦਾਰ ਹੋਣ ਕਰਕੇ ਸਰਦਾਰ ਸ਼ਾਮ ਸਿੰਘ ਕੋਲ ਕੁਝ ਫੌਜ ਉਸ ਦੀ ਨਿੱਜੀ ਸੀ, ਕੁਝ ਦੇਸ਼ ਤੋਂ ਮਰ-ਮਿਟਣ ਵਾਲੇ ਸੂਰਮੇ ਲਾਹੌਰ ਦਰਬਾਰ ਦੀ ਭਰਾ-ਮਾਰੂ ਲੜਾਈ ਤੋਂ ਤੰਗ ਆ ਕੇ ਆਪਣੇ ਘਰਾਂ ਵਿਚ ਬੈਠ ਗਏ ਸਨ। ਸਰਦਾਰ ਸ਼ਾਮ ਸਿੰਘ ਨੇ ਉਨ੍ਹਾਂ ਨੂੰ ਚਿੱਠੀਆਂ ਪਾ ਕੇ ਅਟਾਰੀ ਸੱਦ ਲਿਆ। ਉਹ ਦੇਸ਼ ਦੀ ਅਜ਼ਾਦੀ ਨੂੰ ਬਚਾਉਣ ਵਾਸਤੇ ਆਖਰੀ ਯਤਨ ਕਰਨ ਲਈ ਆਪਣੇ ਮੁੱਠੀ ਭਰ ਜਾਂਬਾਜ਼ਾਂ ਨੂੰ ਨਾਲ ਲੈ ਕੇ ਸਭਰਾਵਾਂ ਦੇ ਮੈਦਾਨ ਨੂੰ ਤੁਰ ਪਿਆ।

੧੬ ਫਰਵਰੀ, ੧੮੪੬ ਈ. ਨੂੰ ਸੂਰਜ ਹਾਲੇ ਚੜ੍ਹਨ ਵਾਲਾ ਸੀ। ਰਾਜਾ ਗੁਲਾਬ ਸਿੰਘ ਨਾਲ ਹੋਏ ਗੁਪਤ ਸਮਝੌਤੇ ਕਾਰਨ ਅੰਗਰੇਜ਼ਾਂ ਦੇ ਹੌਂਸਲੇ ਬੁਲੰਦ ਸਨ। ਉਨ੍ਹਾਂ ਦਾ ਜੰਗੀ ਸਾਮਾਨ ਮੈਦਾਨ ਵਿਚ ਪਹੁੰਚ ਚੁੱਕਾ ਸੀ। ਸਰਦਾਰ ਸ਼ਾਮ ਸਿੰਘ ਵੀ ਸਭਰਾਵਾਂ ਦੇ ਮੈਦਾਨ ਵਿਚ ਪਹੁੰਚ ਗਿਆ। ਉਸ ਨੇ ਮੋਰਚੇ ਦੀਆਂ ਸਾਰੀਆਂ ਤੋਪਾਂ ਦਾ ਮੁਆਇਨਾ ਕੀਤਾ। ਸਭਰਾਵਾਂ ਵਿਚ ਕੱਚਾ ਕਿਲ੍ਹਾ ਉਸਾਰਿਆ ਜਿਸ ਦਾ ਨਾਂ ਫਤਿਹਗੜ੍ਹ ਰੱਖਿਆ। ਗ਼ੱਦਾਰ ਲਾਲ ਸਿੰਘ ਤੇ ਤੇਜ ਸਿੰਘ ਨੇ ਸਰਦਾਰ ਸ਼ਾਮ ਸਿੰਘ ਨੂੰ ਕਿਹਾ ਕਿ "ਅਸੀਂ ਜੰਗ ਜਿੱਤ ਨਹੀਂ ਸਕਾਂਗੇ।" ਸਰਦਾਰ ਸ਼ਾਮ ਸਿੰਘ ਨੇ ਕਿਹਾ ਕਿ, "ਮੈਂ ਅਟਾਰੀਓਂ ਅਰਦਾਸ ਕਰ ਕੇ ਤੁਰਿਆ ਹਾਂ ਕਿ ਜਾਂ ਜੰਗ ਜਿੱਤ ਕੇ ਅਟਾਰੀ ਵਾਪਸ ਜਾਵਾਂਗਾ ਜਾਂ ਸ਼ਹੀਦ ਹੋ ਕੇ। ਗ਼ੱਦਾਰ ਤੇਜ ਸਿੰਘ ਨੇ ਸਾਰਾ ਜੰਗੀ ਨਕਸ਼ਾ ਅੰਗਰੇਜ਼ਾਂ ਨੂੰ ਭੇਜ ਦਿੱਤਾ। ਜਦ ਜਰਨੈਲ ਹੀ ਦੁਸ਼ਮਣ ਨਾਲ ਰਲ ਜਾਣ ਤਾਂ ਜਿੱਤ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ? ਉਸ ਵੇਲੇ ਫਿਰੋਜ਼ਪੁਰ ਵਿਚ ਸਿਰਫ ੭੦੦੦ ਫੌਜੀ ਸਨ। ਜੇ ਸਿੱਖ ਉਸ ਵੇਲੇ ਹਮਲਾ ਕਰ ਦੇਂਦੇ ਤਾਂ ਅੰਗਰੇਜ਼ ਸਦਾ ਵਾਸਤੇ ਹਾਰ ਜਾਂਦੇ ਤੇ ਜੰਗ ਦਾ ਨਕਸ਼ਾ ਕੁਝ ਹੋਰ ਹੀ ਹੁੰਦਾ।

ਬਾਰੂਦ ਦੀ ਸਪਲਾਈ ਲਈ ਦਰਿਆ 'ਤੇ ਬੇੜੀਆਂ ਦਾ ਆਰਜੀ ਪੁਲ਼ ਤਿਆਰ ਕੀਤਾ। ੧੦ ਫਰਵਰੀ, ੧੮੪੬ ਈ. ਨੂੰ ਅੰਗਰੇਜ਼ਾਂ ਨੇ ਆਪਣੀਆਂ ਤੋਪਾਂ ਦਾਗੀਆਂ। ਅੱਗੋਂ ਸਿੱਖਾਂ ਨੇ ਵੀ ਤੋੜੇ ਦਾਗੇ। ਦੋਹਾਂ ਪਾਸਿਆਂ ਤੋਂ ਅੱਗ ਵਰਣ ਲੱਗੀ। ਤਿੰਨ ਘੰਟੇ ਘਮਸਾਣ ਦਾ ਯੁੱਧ ਹੁੰਦਾ ਰਿਹਾ। ਗਫ ਨੇ ਚਾਰ ਪਲਟਣਾਂ (ਦਸਵੀਂ ਪੈਦਲ, ਮਲਕਾ ਦੀ ਪ੩ਵੀਂ ਪੈਦਲ, ੪੩ਵੀਂ ਦੇਸੀ, ੪੯ ਵੀਂ ਦੇਸੀ ਸਣੇ ਤੋਪਖਾਨੇ) ਨਵੀਆਂ ਜੋ ਅੱਗੇ ਕਿਸੇ ਲੜਾਈ ਵਿਚ ਸਿੱਖਾਂ ਨਾਲ ਨਹੀਂ ਸਨ ਲੜੀਆਂ, ਸਿੱਖਾਂ 'ਤੇ ਹਮਲਾ ਕਰਨ ਵਾਸਤੇ ਤਜਵੀਜ਼ ਕੀਤੀਆਂ। ਅੰਗਰੇਜ਼ ਵਾਰ-ਵਾਰ ਹਮਲਾ ਕਰਦੇ ਰਹੇ ਤੇ ਖਾਲਸਾ ਫੌਜ ਦੀ

ਫੌਲਾਦੀ ਕੰਧ ਨਾਲ ਟਕਰਾਅ ਕੇ ਵਾਪਸ ਮੁੜਦੇ ਰਹੇ। ਗਿਆਨੀ ਸੋਹਣ ਸਿੰਘ ਘੁੱਕੇਵਾਲੀਆ ਨੇ ਇਸ ਭਿਆਨਕ ਲੜਾਈ ਦੇ ਦ੍ਰਿਸ਼ ਨੂੰ ਇਸ ਤਰ੍ਹਾਂ ਕਲਮਬੰਦ ਕੀਤਾ ਹੈ:

*ਏਧਰ ਚੜ੍ਹਿਆ ਸ਼ਾਮ ਸਿੰਘ, ਗਫ਼ ਦੂਜੇ ਪਾਸੇ,*
*ਵਾਟਰਲੂ ਦੇ ਮੈਦਾਨ ਵਿਚ ਪਾ ਤਗਮੇ ਖਾਸੇ।*
*ਫਿਰਦੇ ਘੋੜੇ ਹਿਣਕਦੇ ਸ਼ੀਂਹ ਖ਼ੂਨ ਪਿਆਸੇ*
*ਅੰਬਰ ਹਾਥੀ ਚੀਕਿਆ ਧੂੰ ਚੜਿਆ ਨਾਸੇ।*
*ਤੜ-ਤੜ ਚੱਲਣ ਗੋਲੀਆਂ ਜਿਉਂ ਮਹਿਲੀਂ ਹਾਸੇ,*
*ਰੱਤ ਪੀਣ ਕਲਯੋਗਣਾਂ ਭਰ-ਭਰ ਕੇ ਕਾਸੇ।*
*ਜਿਵੇਂ ਅੱਗ ਲੱਗੀ ਗੰਧਕਾਂ ਪੈ ਪੈਣ ਪਟਾਕੇ,*
*ਰਣ ਵਿਚ ਡਿੱਗਣ ਸੂਰਮੇ ਹੋ ਆਸੇ-ਪਾਸੇ।*

'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਵਿਚ ਸ਼ਾਹ ਮੁਹੰਮਦ ਸਰਦਾਰ ਸ਼ਾਮ ਸਿੰਘ ਦੀ ਬਹਾਦਰੀ ਬਾਰੇ ਇਸ ਤਰ੍ਹਾਂ ਬਿਆਨ ਕਰਦਾ ਹੈ,

*ਆਈਆਂ ਪੜਤਲਾਂ ਬੀੜਕੇ ਤੋਪਖਾਨੇ, ਅਗੋਂ ਸਿੰਘਾਂ ਨੇ ਪਾਸੜੇ ਮੋੜ ਸੁੱਟੇ।*
*ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ, ਹੱਲੇ ਤਿੰਨ ਫਰੰਗੀ ਦੇ ਤੋੜ ਸੁੱਟੇ।*
*ਸ਼ਾਮ ਸਿੰਘ ਸਰਦਾਰ ਅਟਾਰੀਵਾਲੇ, ਬੰਨ ਸ਼ਸਤਰੀ ਜੋੜ ਵਿਛੋੜ ਸੁੱਟੇ।*
*ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।*

ਜਦ ਲਾਲ ਸਿੰਘ ਨੇ ਵੇਖਿਆ ਕਿ ਖਾਲਸਾ ਫੌਜ ਬੜੀ ਬਹਾਦਰੀ ਨਾਲ ਸਰਦਾਰ ਸ਼ਾਮ ਸਿੰਘ ਦੀ ਕਮਾਂਡ ਥੱਲੇ ਲੜ ਰਹੀ ਹੈ ਤੇ ਉਨ੍ਹਾਂ ਤਾਂ ਅੰਗਰੇਜ਼ਾਂ ਨੂੰ ਜਿਤਾਉਣ ਦਾ ਵਾਇਦਾ ਕੀਤਾ ਹੋਇਆ ਹੈ। ਉਨ੍ਹਾਂ ਬਾਰੂਦ ਦੀਆਂ ਭਰੀਆਂ ਬੇੜੀਆਂ ਦਰਿਆ ਵਿਚ ਡੋਬ ਦਿੱਤੀਆਂ। ਬਾਰੂਦ ਦੀ ਥਾਂ ਪੇਟੀਆਂ ਵਿਚ ਸਰ੍ਹੋਂ ਤੇ ਰੇਤ ਭੇਜ ਦਿੱਤੀ। ਬੇੜੀਆਂ ਦਾ ਬਣਾਇਆ ਆਰਜੀ ਪੁਲ਼ ਵੀ ਤੋੜ ਦਿੱਤਾ ਅਤੇ ਆਪਣੇ ਹਮਾਇਤੀਆਂ ਨਾਲ ਮੈਦਾਨ ਵਿੱਚੋਂ ਭੱਜ ਗਏ। ਬੰਦੂਕਚੀਆਂ ਨੂੰ ਬਾਰੂਦ ਮਿਲਣਾ ਬੰਦ ਹੋ ਗਿਆ। ਦੂਰ-ਮਾਰੂ ਤੋਪਾਂ ਦੇ ਗੋਲੇ ਅੰਗਰੇਜ਼ੀ ਫੌਜ ਦੇ ਉੱਪਰ ਦੀ ਅਗਲੇ ਪਾਸੇ ਜਾ ਕੇ ਡਿੱਗਦੇ ਸਨ ਕਿਉਂਕਿ ਉਨ੍ਹਾਂ ਤੋਪਾਂ ਨੂੰ ਚਲਾਉਣ ਵਾਲੇ ਮੁਸਲਮਾਨ ਸਨ, ਜੋ ਤੋਪਾਂ ਦੇ ਮੂੰਹ ਉੱਚੇ ਕਰ ਕੇ ਚਲਾਉਂਦੇ ਸਨ ਤਾਂ ਜੋ ਦੁਸ਼ਮਣ ਦਾ ਕੋਈ ਨੁਕਸਾਨ ਨਾ ਹੋਵੇ।

ਅੰਤ ਵਿਚ ਤੋਪਾਂ ਚਲਣੋਂ ਬੰਦ ਹੋ ਗਈਆਂ। ਇੰਨੇ ਤਕ ਅੰਗਰੇਜ਼ ਫੌਜਾਂ ਦੋ, ਤਿੰਨ ਥਾਂਵਾਂ ਤੋਂ ਸਿੱਖਾਂ ਦੇ ਮੋਰਚੇ ਵਿਚ ਦਾਖ਼ਲ ਹੋ ਗਈਆਂ। ਸਿੱਖ ਵੀ ਲੱਗੇ ਆਸੇ ਪਾਸੇ ਹੋਣ, ਐਨ ਉਸ ਵੇਲੇ ਸਰਦਾਰ ਸ਼ਾਮ ਸਿੰਘ ਅਟਾਰੀ ਅਗਲੇ ਮੋਰਚੇ 'ਤੇ ਪਹੁੰਚ ਗਿਆ। ਚਿੱਟਾ ਨੂਰਾਨੀ ਦਾੜ੍ਹਾ, ਚਿੱਟੀ ਪੁਸ਼ਾਕ ਵਿਚ ਸਜਿਆ ਹੋਇਆ ਉਹ ਸਫੈਦ ਘੋੜੇ ਉੱਤੇ ਸੋਭ ਰਿਹਾ ਸੀ। ਉਹ ਮੋਰਚੇ ਦੀ ਹਾਲਤ ਵੇਖ ਕੇ ਹੈਰਾਨ ਰਹਿ ਗਿਆ। ਸ਼ਹੀਦੀ ਤੋਂ ਬਿਨਾਂ ਹੋਰ ਸਭ ਦਰਵਾਜ਼ੇ ਬੰਦ ਹੋ ਚੁੱਕੇ ਸਨ। ਉਹ ਕੌਮੀ ਪਰਵਾਨਾ, ਅਣਖ ਦਾ ਪੁਤਲਾ ਦੁਸ਼ਮਣ ਅੱਗੇ

ਕਾਇਰਾਂ ਵਾਂਗ ਹਥਿਆਰ ਸੁੱਟਣ ਦੀ ਥਾਂ ਸ਼ਹੀਦੀ ਪਾਉਣੀ ਚਾਹੁੰਦਾ ਸੀ। ਅਸਲਾ ਮੁੱਕ ਜਾਣ ਕਰਕੇ ਮਿਆਨੋਂ ਤਲਵਾਰ ਕੱਢ ਕੇ ਵੈਰੀਆਂ ਦੇ ਸੱਥਰ ਵਿਛਾ ਦਿੱਤੇ। ਇਸੇ ਦੌਰਾਨ ਸਰਦਾਰ ਸ਼ਾਮ ਸਿੰਘ ਛਾਤੀ ਵਿਚ ੭ ਗੋਲੀਆਂ ਖਾ ਕੇ ਘੋੜੇ ਤੋਂ ਥੱਲੇ ਡਿੱਗ ਪਿਆ। ਉਹ ਅਜ਼ਾਦੀ ਦਾ ਪੁਜਾਰੀ, ਦੇਸ਼ ਤੋਂ ਮਰ ਮਿਟਣ ਵਾਲਾ ਸੂਰਮਾ ਸ਼ਹੀਦ ਹੋ ਕੇ ਸੱਚਖੰਡ ਜਾ ਵੱਸਿਆ। ਉਸ ਦੀ ਸ਼ਹਾਦਤ ਦੀ ਖ਼ਬਰ ਉਸ ਦੇ ਸਈਸ (ਘੋੜਿਆਂ ਦੀ ਸਾਂਭ-ਸੰਭਾਲ ਕਰਨ ਵਾਲਾ) ਵਹਾਬੀ ਖਾਨ ਨੇ ਅਟਾਰੀ ਜਾ ਸੁਣਾਈ; ਜਿਸ ਬਾਰੇ ਢਾਡੀ ਕੁਲਵੰਤ ਸਿੰਘ ਬੀ.ਏ. ਨੇ ਇਉਂ ਲਿਖਿਆ ਹੈ:

*ਆਣ ਵਹਾਬੀ ਖਾਨ ਨੇ ਖ਼ਬਰ ਜਾ ਸੁਣਾਈ।*
*ਸਰਦਾਰ ਤੇਰਾ ਸਰਦਾਰਨੀ ਕਰ ਗਿਆ ਚੜ੍ਹਾਈ।*
*ਮਰਦਾਂ ਵਾਂਗੂ ਲੜਦਿਆਂ ਸ਼ਹਾਦਤ ਪਾਈ।*
*ਜਿਧਰ ਫਿਰ ਗਿਆ ਦਲਾਂ ਵਿਚ ਕਰ ਗਿਆ ਸਫਾਈ।*
*ਨਾ ਪਿੱਛੇ ਮੁੜ ਕੇ ਵੇਖਿਆ ਨਾ ਕੰਡ ਵਿਖਾਈ।*
*ਜਦ ਦਾਰੂ ਸਿੱਕਾ ਮੁੱਕਿਆ ਫਿਰ ਤੇਗ ਉਠਾਈ।*
*ਵਿਚ ਸਭਰਾਵਾਂ ਲਹੂ ਦੀ ਇਹ ਕਾਂਗ ਵਿਖਾਈ।*
*"ਕੁਲਵੰਤ ਸਿੰਘਾ" ਸਰਦਾਰ ਨੇ ਸਿਰ ਨਾਲ ਨਿਭਾਈ।*

ਸਰਦਾਰ ਸ਼ਾਮ ਸਿੰਘ ਸਭਰਾਵਾਂ ਦੇ ਮੈਦਾਨ ਵਿਚ ਸ਼ਹਾਦਤ ਦਾ ਜਾਮ ਪੀ ਗਿਆ। ਸਰਦਾਰ ਦੀ ਦੇਹ ਅਟਾਰੀ ਵਿਚ ਪਹੁੰਚਾਈ ਗਈ। ਚਿਤਾ ਤਿਆਰ ਕੀਤੀ ਗਈ। ਅਟਾਰੀ ਵਿਚ ਉਨ੍ਹਾਂ ਦੀ ਯਾਦਗਾਰ ਬਣੀ ਹੋਈ ਹੈ। ਇਸ ਜਗ੍ਹਾ 'ਤੇ ਉਨ੍ਹਾਂ ਦੇ ਵਾਰਸ ਤੇ ਇਲਾਕੇ ਦੀਆਂ ਸੰਗਤਾਂ ਸ਼ਰਧਾ ਨਾਲ ਉਨ੍ਹਾਂ ਦਾ ਸ਼ਹੀਦੀ ਦਿਹਾੜਾ ਹਰ ਸਾਲ ਮਨਾਉਂਦੀਆਂ ਹਨ।

ਸਰਦਾਰ ਸ਼ਾਮ ਸਿੰਘ ਦਾ ਬਣਾਇਆ ਕਿਲ੍ਹਾ ਉਸ ਵਕਤ ਮੌਜੂਦ ਸੀ ਜਦ ਮੈਂ (ਲੇਖਕ ਨੇ) ਚੌਥੀ ਜਮਾਤ ਦਾ ਇਮਤਿਹਾਨ ਉਸ ਵਿਚ ਦਿੱਤਾ ਸੀ। ਕੰਧਾਂ ਉੱਤੇ ਬੜੀ ਵਧੀਆ ਚਿੱਤਰਕਾਰੀ ਅਤੇ ਗੁਰੂ ਸਾਹਿਬਾਨ ਦੇ ਚਿੱਤਰ ਬਣੇ ਹੋਏ ਸਨ, ਪਰ ਸਾਂਭ-ਸੰਭਾਲ ਨਾ ਹੋਣ ਕਰਕੇ ਕਿਲ੍ਹਾ ਢਹਿ-ਢੇਰੀ ਹੋ ਗਿਆ। ਨਿੱਕੀਆਂ ਨਾਨਕਸ਼ਾਹੀ ਇੱਟਾਂ ਲੋਕ ਰੋੜੀ ਬਣਾਉਣ ਵਾਸਤੇ ਲੈ ਗਏ। ਅੱਜਕਲ ਲੋਕਾਂ ਨੇ ਉਸ ਜਗ੍ਹਾ ਮਕਾਨ ਖੜ੍ਹੇ ਕਰ ਦਿੱਤੇ ਹਨ। ਸਰਦਾਰ ਦੇ ਪੁਰਾਣੇ ਮਹਿਲ ਵੀ ਖਸਤਾ ਹਾਲਤ ਵਿਚ ਹਨ ਪਰ ਸਰਦਾਰ ਸ਼ਾਮ ਸਿੰਘ ਅਟਾਰੀ ਦੇ ਖ਼ਾਨਦਾਨ ਵਿੱਚੋਂ ਸ. ਹਰਜੀਤ ਸਿੰਘ ਦੇ ਸਪੁੱਤਰ ਸ. ਹਰਪ੍ਰੀਤ ਸਿੰਘ ਤੇ ਉਨ੍ਹਾਂ ਦੀ ਨੂੰਹ ਬੀਬੀ ਹਰਪ੍ਰਿਆ ਕੌਰ ਨੇ ਪੁਰਾਣੇ ਮਕਾਨ ਨੂੰ ਨਿੱਕੀਆਂ ਨਾਨਕਸ਼ਾਹੀ ਇੱਟਾਂ ਨਾਲ ਆਧੁਨਿਕ ਮਕਾਨ ਦੀ ਸ਼ਕਲ ਦਿੱਤੀ ਹੈ। ਉਨ੍ਹਾਂ ਸਰਦਾਰ ਸ਼ਾਮ ਸਿੰਘ ਅਟਾਰੀ ਦੇ ਮਹਿਲ ਦੀ ਪਰੰਪਰਾ ਵੀ ਕਾਇਮ ਰੱਖੀ ਹੈ। ਅੱਜ ਲੋੜ ਹੈ, ਇਤਿਹਾਸਿਕ ਇਮਾਰਤਾਂ ਨੂੰ ਉਨ੍ਹਾਂ ਦੀ ਅਸਲ ਸ਼ਕਲ ਵਿਚ ਕਾਇਮ ਰੱਖਣ ਦੀ। ■

*ਬੱਚਿਆਂ ਲਈ ਵਿਸ਼ੇਸ਼:*

# ਵੱਡਾ ਘੱਲੂਘਾਰਾ

*-ਸ. ਬਿਕਰਮਜੀਤ ਸਿੰਘ ਜੀਤ**

ਪਿਆਰੇ ਬਾਲ-ਸਾਥੀਓ! ਆਓ, ਅਸੀਂ ਉਸ ਘੱਲੂਘਾਰੇ ਬਾਰੇ ਗੱਲ ਕਰਦੇ ਹਾਂ, ਜਿਸ ਵਿਚ ਲੱਗਭਗ ੩੦ ਹਜ਼ਾਰ ਦੇ ਕਰੀਬ ਸਿੰਘ-ਸਿੰਘਣੀਆਂ ਤੇ ਬੱਚੇ ਸ਼ਹੀਦ ਹੋਏ ਸਨ। ਇਹ ਘੱਲੂਘਾਰਾ ੫ ਫਰਵਰੀ, ੧੭੬੨ ਈ. ਨੂੰ ਜ਼ਿਲ੍ਹਾ ਸੰਗਰੂਰ ਦੀ ਤਹਿਸੀਲ ਮਲੇਰਕੋਟਲਾ ਦੇ ਪਿੰਡ ਕੁੱਪ-ਰਹੀੜਾ ਵਿਖੇ ਵਾਪਰਿਆ। ਜਿਸ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਸਿੱਖਾਂ ਦਾ ਬਹੁਤ ਜ਼ਿਆਦਾ ਜਾਨੀ ਤੇ ਮਾਲੀ ਨੁਕਸਾਨ ਕੀਤਾ। ਇਸ ਘਟਨਾ ਨੂੰ 'ਵੱਡਾ ਘੱਲੂਘਾਰਾ' ਨਾਂ ਦੇ ਨਾਲ ਪੁਕਾਰਿਆ ਜਾਂਦਾ ਹੈ।

ਬੱਚਿਓ! ਤੁਹਾਨੂੰ ਪਤਾ ਹੈ? ਕਿ ਇਸ ਘਟਨਾ ਤੋਂ ਪਹਿਲਾਂ ਜਦੋਂ ਅਹਿਮਦ ਸ਼ਾਹ ਅਬਦਾਲੀ ਜਨਵਰੀ ੧੭੬੧ ਈ. ਵਿਚ ਮਰਾਠਿਆਂ ਨੂੰ ਹਰਾ ਕੇ ਹਿੰਦੁਸਤਾਨ ਦਾ ਧਨ-ਮਾਲ ਲੁੱਟ ਕੇ ਅਤੇ ਹਿੰਦੁਸਤਾਨੀ ਲੜਕੀਆਂ ਨੂੰ ਜਬਰਦਸਤੀ ਬੰਦੀ ਬਣਾ ਕੇ ਆਪਣੇ ਨਾਲ ਲਿਜਾ ਰਿਹਾ ਸੀ ਤਾਂ ਉਦੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਆਪਣੇ ਜਥੇ ਨਾਲ ਗੋਇੰਦਵਾਲ ਸਾਹਿਬ ਦੇ ਕੋਲ ਬਿਆਸ ਦਰਿਆ ਦੇ ਕੰਢੇ ਅਬਦਾਲੀ ਉੱਪਰ ਹਮਲਾ ਕਰ ਕੇ, ਹਿੰਦੁਸਤਾਨੀਆਂ ਦੀਆਂ ਤਕਰੀਬਨ ੨੨੦੦ ਨੂੰਹਾਂ-ਧੀਆਂ ਨੂੰ ਛੁਡਾ ਲਿਆ ਤੇ ਅਬਦਾਲੀ ਨੂੰ ਸਿੰਘਾਂ ਕੋਲੋਂ ਮਾਰ ਖਾ ਕੇ ਆਪਣੇ ਮੁਲਕ ਭੱਜਣਾ ਪਿਆ। ਬਾਅਦ ਵਿਚ ਉਨ੍ਹਾਂ ਸਾਰੀਆਂ ਇਸਤਰੀਆਂ ਨੂੰ ਸਿੰਘਾਂ ਨੇ ਉਨ੍ਹਾਂ ਦੇ ਘਰੋਂ-ਘਰੀਂ ਪਹੁੰਚਾਇਆ ਸੀ।

ਦੇਸ਼ ਨੂੰ ਅਜਿਹੇ ਹਮਲਿਆਂ ਤੋਂ ਬਚਾਉਣ ਲਈ ਸਿੰਘਾਂ ਨੇ ੨੭ ਅਕਤੂਬਰ, ੧੭੬੧ ਈ. ਨੂੰ ਬੰਦੀਛੋੜ ਦਿਵਸ (ਦੀਵਾਲੀ) ਦੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਇਕ ਇਕੱਤਰਤਾ ਬੁਲਾਈ ਜਿਸ ਵਿਚ ਦੇਸ਼ ਕੌਮ ਦੀ ਰੱਖਿਆ ਅਤੇ ਪੰਥ ਦੀ ਚੜ੍ਹਦੀ ਕਲ੍ਹਾ ਵਾਸਤੇ ਨੀਤੀਆਂ ਬਣਾਈਆਂ ਗਈਆਂ। ਇਨ੍ਹਾਂ ਨੀਤੀਆਂ ਵਿਚ ਇਕ ਪ੍ਰਮੁੱਖ ਫੈਸਲਾ ਇਹ ਲਿਆ ਗਿਆ ਕਿ ਜੋ ਵਿਅਕਤੀ ਦੇਸ਼ ਦੇ ਗੱਦਾਰਾਂ ਅਤੇ ਹਕੂਮਤ ਦੇ ਨਾਲ ਰਲ ਕੇ ਸਿੱਖਾਂ ਦੀਆਂ ਗਤੀਵਿਧੀਆਂ ਦੀ ਖ਼ਬਰ ਦੁਸ਼ਮਣਾਂ ਤਕ ਪਹੁੰਚਾਉਂਦੇ ਹਨ ਉਨ੍ਹਾਂ ਨੂੰ ਸਬਕ ਸਿਖਾਇਆ ਜਾਏ। ਗ਼ੱਦਾਰਾਂ ਵਿਚ ਸਭ ਤੋਂ ਪਹਿਲਾ ਨਾਂ ਜੰਡਿਆਲੇ ਦੀ ਨਿਰੰਜਨੀਆ ਸੰਪ੍ਰਦਾਇ ਦੇ ਮਹੰਤ ਆਕਲ ਦਾਸ ਦਾ ਸੀ, ਜਿਹੜਾ ਖਾਲਸਾ ਪੰਥ ਦੀਆਂ ਖ਼ਬਰਾਂ ਅਬਦਾਲੀ ਨੂੰ ਪਹੁੰਚਾਉਂਦਾ ਸੀ। ਮਹੰਤ ਆਕਲ ਦਾਸ ਨੂੰ ਸਿੰਘਾਂ ਨੇ ਖਾਲਸਾ ਦਰਬਾਰ ਵਿਚ ਪੇਸ਼ ਹੋਣ ਦਾ ਸੰਦੇਸ਼ ਭੇਜਿਆ ਪਰ ਉਹ ਨਾ ਆਇਆ।

**੨੯੪੬/੭, ਬਜ਼ਾਰ ਲੁਹਾਰਾਂ, ਚੌਕ ਲਛਮਣਸਰ, ਸ੍ਰੀ ਅੰਮ੍ਰਿਤਸਰ। ਮੋ: +੯੧੮੭੨੮-੦੦੩੨੨*

ਉਧਰ ਦੂਜੇ ਪਾਸੇ ਮਹੰਤ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਸਿੱਖਾਂ ਖ਼ਿਲਾਫ਼ ਫਿਰ ਭੜਕਾਇਆ। ਅਬਦਾਲੀ ਪਹਿਲਾਂ ਹੀ ਸਿੱਖਾਂ ਤੋਂ ਖ਼ਫਾ ਸੀ ਤੇ ਬਦਲਾ ਲੈਣਾ ਚਾਹੁੰਦਾ ਸੀ। ਇਸ ਤੋਂ ਇਲਾਵਾ ਮਾਲਵੇ ਦਾ ਸੂਬੇਦਾਰ ਜੈਨ ਖਾਨ ਵੀ ਸਿੱਖਾਂ ਵਿਰੁੱਧ ਸੀ।

ਜਦ ਸਿੱਖਾਂ ਨੂੰ ਵੀ ਅਬਦਾਲੀ ਦੇ ਮੁੜ ਹਮਲਾ ਕਰਨ ਦੀ ਗੱਲ ਪਤਾ ਲੱਗ ਗਈ ਤਾਂ ਉਨ੍ਹਾਂ ਜੰਡਿਆਲਾ ਆਦਿ ਖੇਤਰ ਛੱਡ ਕੇ ਆਪਣੇ ਪਰਵਾਰਾਂ ਨੂੰ ਸੁਰੱਖਿਅਤ ਥਾਂ 'ਤੇ ਲੈ ਜਾਣ ਲਈ ਸਤਲੁਜ ਪਾਰ ਪਹੁੰਚਣ ਦੀ ਤਿਆਰੀ ਕਰ ਲਈ। ਸਿੱਖਾਂ ਨੂੰ ਅੰਦਾਜ਼ਾ ਸੀ ਕਿ ਅਬਦਾਲੀ ਨੂੰ ਪਹੁੰਚਣ ਲਈ ਕੁਝ ਦਿਨ ਲੱਗ ਜਾਣਗੇ ਪਰੰਤੂ ਉਹਦੀ ਫੌਜ ਬਹੁਤ ਜਲਦ ਹਿੰਦੁਸਤਾਨ ਵਿਚ ਪ੍ਰਵੇਸ਼ ਕਰ ਕੇ ੩ ਫਰਵਰੀ, ੧੭੬੨ ਈ. ਨੂੰ ਲਾਹੌਰ ਤਕ ਪਹੁੰਚ ਵੀ ਗਈ। ਅਬਦਾਲੀ ਮਾਰਧਾੜ ਕਰਦਾ ਹੋਇਆ ਜਦ ਜੰਡਿਆਲਾ ਪਹੁੰਚਿਆ ਤਾਂ ਉਸ ਨੂੰ ਸਰਹਿੰਦ ਦੇ ਸੂਬੇਦਾਰ ਜੈਨ ਖਾਨ, ਲਛਮੀ ਦਾਸ ਅਤੇ ਮਲੇਰਕੋਟਲੇ ਦੇ ਅਫ਼ਗਾਨ ਭੀਖਣ ਖਾਨ ਨੇ ਖਾਲਸਾ ਫੌਜ ਦੇ ਮਾਲਵਾ ਖੇਤਰ ਵੱਲ ਆਉਣ ਦੀ ਖ਼ਬਰ ਦਿੱਤੀ। ਉਹ ਆਪ ਵੀ ਫੌਜਾਂ ਲੈ ਕੇ ਅਬਦਾਲੀ ਦੇ ਨਾਲ ਸਿੱਖਾਂ ਅਤੇ ਉਨ੍ਹਾਂ ਦੇ ਪਰਿਵਾਰਾਂ 'ਤੇ ਹਮਲਾ ਕਰਨ ਲਈ ਤੁਰ ਪਏ।

ਸਿੱਖ ਤੇ ਉਨ੍ਹਾਂ ਦੇ ਪਰਵਾਰ ਜਿਨ੍ਹਾਂ ਵਿਚ ਬਜ਼ੁਰਗ, ਬੱਚੇ ਤੇ ਇਸਤਰੀਆਂ ਸ਼ਾਮਲ ਸਨ, ਜ਼ਿਲ੍ਹਾ ਸੰਗਰੂਰ ਦੀ ਤਹਿਸੀਲ ਮਲੇਰਕੋਟਲਾ ਦੇ ਇਕ ਪਿੰਡ ਕੁੱਪ-ਰੁਹੀੜ ਦੇ ਜੰਗਲਾਂ ਵਿਚ ਹਾਲੇ ਪਹੁੰਚੇ ਹੀ ਸਨ ਕਿ ਅਬਦਾਲੀ ਆਪਣੀਆਂ ਫੌਜਾਂ ਨਾਲ ਸਿੱਖਾਂ ਦਾ ਪਿੱਛਾ ਕਰਦਾ ਹੋਇਆ ਲੱਗਭਗ ਕੇਵਲ ਦੋ ਦਿਨਾਂ ਵਿਚ ਹੀ ਆਪਣੀ ਫੌਜ ਸਮੇਤ ਮਲੇਰਕੋਟਲੇ ਪਹੁੰਚ ਗਿਆ। ਉਸ ਨੇ ਭੀਖਣ ਖਾਨ, ਜੈਨ ਖਾਨ, ਮੁਰਤਜ਼ਾ ਖਾਨ ਆਦਿ ਨੂੰ ਨਾਲ ਲੈ ਕੇ ੫ ਫਰਵਰੀ ਨੂੰ ਤੜਕੇ ਹੀ ਚੋਰੀ ਛਿਪੇ ਸਿੱਖਾਂ ਦੇ ਕਾਫਲੇ 'ਤੇ ਹਮਲਾ ਕਰ ਦਿੱਤਾ। ਸਿੱਖ ਉਸ ਸਮੇਂ ਜੰਗ ਕਰਨ ਲਈ ਹਾਲੇ ਪੂਰੀ ਤਰ੍ਹਾਂ ਤਿਆਰ ਨਹੀਂ ਸਨ। ਉਸ ਸਮੇਂ ਕੋਈ ਸਿੰਘ ਦਸਤਾਰ ਸਜਾ ਰਿਹਾ ਸੀ ਤੇ ਕੋਈ ਨਿੱਤਨੇਮ ਕਰ ਰਿਹਾ ਸੀ, ਪਰੰਤੂ ਹਮਲਾ ਹੁੰਦੇ ਸਾਰ ਹੀ ਸਿੰਘਾਂ ਨੇ ਆਪਣੀਆਂ ਪੁਜ਼ੀਸ਼ਨਾਂ ਸੰਭਾਲ ਲਈਆਂ। ਸਿੰਘਾਂ ਦੇ ਪਰਵਾਰ ਨਾਲ ਹੋਣ ਕਾਰਨ ਉਨ੍ਹਾਂ ਦੀ ਇਸਤਰੀਆਂ, ਬੱਚਿਆਂ ਤੇ ਬਜ਼ੁਰਗਾਂ ਨੂੰ ਸੰਭਾਲਣ ਦੀ ਵੀ ਜ਼ਿੰਮੇਵਾਰੀ ਸੀ। ਸਿੱਖਾਂ ਨੇ ਬਹੁਤ ਹੀ ਵਿਧੀਗਤ ਤਰੀਕੇ ਨਾਲ ਪਰਵਾਰਾਂ ਨੂੰ ਇਕ ਜਗ੍ਹਾ ਇਕੱਠੇ ਕਰ ਕੇ ਘੇਰੇ ਵਿਚ ਲੈ ਲਿਆ। ਸਿੰਘ ਕਿਲ੍ਹਾ-ਨੁਮਾ ਘੇਰਾਬੰਦੀ ਕਰ ਕੇ ਉਨ੍ਹਾਂ ਨੂੰ ਸੁਰੱਖਿਆ ਪ੍ਰਦਾਨ ਕਰਦੇ ਹੋਏ ਅਬਦਾਲੀ ਦੀਆਂ ਫੌਜਾਂ ਨਾਲ ਲੜਦੇ ਹੋਏ ਅੱਗੇ ਵੱਧਣ ਲੱਗੇ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜਤ ਸਿੰਘ ਸ਼ੁਕਰਚਕੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਤਾਰਾ ਸਿੰਘ ਘੇਬਾ ਆਦਿ ਪ੍ਰਮੁੱਖ ਸਿੱਖ-ਸਰਦਾਰਾਂ ਨੇ ਦੁਸ਼ਮਣਾਂ ਦਾ ਬਹੁਤ ਦਲੇਰੀ ਤੇ ਹਿੰਮਤ ਨਾਲ ਡਟ ਕੇ ਮੁਕਾਬਲਾ ਕੀਤਾ। ਘਮਾਸਾਨ ਦਾ ਯੁੱਧ ਹੋਇਆ। ਅਬਦਾਲੀ ਨੇ ਆਪਣੇ ਜਰਨੈਲ ਜਹਾਨ ਖਾਨ

ਨੂੰ ਸਿੱਖਾਂ ਦੁਆਰਾ ਬਣਾਏ ਗਏ ਘੇਰੇ ਨੂੰ ਤੋੜਨ ਨੂੰ ਪੂਰੀ ਤਾਕਤ ਲਗਾਉਣ ਲਈ ਕਿਹਾ, ਪਰੰਤੂ ਸਰਦਾਰ ਜੱਸਾ ਸਿੰਘ ਅਤੇ ਸਰਦਾਰ ਚੜਤ ਸਿੰਘ ਬਣਾਏ ਘੇਰੇ ਨੂੰ ਸੁਰੱਖਿਅਤ ਰੱਖਦੇ ਹੋਏ ਟੁੱਟਣ ਨਹੀਂ ਸਨ ਦੇ ਰਹੇ। ਸਿੱਖ ਲੜਦੇ-ਲੜਦੇ ਇਸ ਘੇਰੇ ਨੂੰ ਪਿੰਡ ਕੁਤਬਾ-ਬਾਹਮਣੀ ਤਕ ਲੈ ਗਏ। ਦੋਵੇਂ ਧਿਰਾਂ ਦਾ ਕਾਫੀ ਨੁਕਸਾਨ ਹੋ ਰਿਹਾ ਸੀ, ਜਿੱਥੇ ਅਣਗਿਣਤ ਸਿੰਘ ਸ਼ਹੀਦ ਹੋ ਰਹੇ ਸਨ, ਉੱਥੇ ਸਿੰਘਾਂ ਨੇ ਅਬਦਾਲੀ ਦੇ ਸਿਪਾਹੀਆਂ ਦੇ ਵੀ ਵੱਡੀ ਗਿਣਤੀ ਵਿਚ ਆਹੂ ਲਾਹੇ। ਇਹ ਸਾਰਾ ਮਲੇਰਕੋਟਲੇ ਦੇ ਪਠਾਨਾਂ ਦਾ ਇਲਾਕਾ ਸੀ ਜਿਸ ਕਾਰਨ ਰੰਗੜ ਵੀ ਸਿੰਘਾਂ 'ਤੇ ਟੁੱਟ ਪਏ। ਕੁਤਬਾ-ਬਾਹਮਣੀ ਦੇ ਕੋਲ ਇਕ ਪਾਣੀ ਦੀ ਢਾਬ ਵੀ ਸੀ, ਜਿੱਥੇ ਸਿੱਖਾਂ ਤੇ ਅਬਦਾਲੀ ਦੀਆਂ ਫੌਜਾਂ ਨੇ ਪਾਣੀ ਵੀ ਪੀਤਾ। ਸਿੰਘਾਂ ਨੇ ਅਬਦਾਲੀ ਦੀਆਂ ਫੌਜਾਂ ਨੂੰ ਜਾ ਟੱਕਰ ਦਿੱਤੀ ਉਸ ਤੋਂ ਅਬਦਾਲੀ ਦਾ ਹਾਲ ਬਹੁਤ ਬੁਰਾ ਹੋਣ ਲੱਗਾ। ਸਿੱਖਾਂ ਦਾ ਬਹੁਤ ਜ਼ਿਆਦਾ ਜਾਨੀ-ਮਾਲੀ ਨੁਕਸਾਨ ਹੋ ਚੁੱਕਾ ਸੀ, ਜਿਸ ਵਿਚ ਇਸਤਰੀਆਂ, ਬਜ਼ੁਰਗ ਤੇ ਬੱਚੇ ਵੀ ਸ਼ਾਮਲ ਸਨ। ਸਿੰਘਾਂ ਨੇ ਅਬਦਾਲੀ ਦਾ ਮੁਕਾਬਲਾ ਕਰਦਿਆਂ ਉਸ ਨੂੰ ਬਹੁਤ ਜ਼ਿਆਦਾ ਮਾਰ ਮਾਰੀ। ਬਹੁਤ ਜ਼ਿਆਦਾ ਨੁਕਸਾਨ ਹੋਣ ਦੇ ਬਾਵਜੂਦ ਵੀ ਸਿੰਘਾਂ ਨੇ ਹਮਲਾਵਰਾਂ ਦਾ ਮੁਕਾਬਲਾ ਕਰਨਾ ਨਾ ਛੱਡਿਆ। ਇੱਥੋਂ ਤਕ ਕਿ ਸਿੱਖਾਂ ਦੇ ੧੩-੧੪ ਸਾਲਾਂ ਦੇ ਬੱਚਿਆਂ ਨੇ ਵੀ ਇਸ ਲੜਾਈ ਵਿਚ ਹਿੱਸਾ ਪਾਇਆ। ਕਈ ਸਿੰਘਣੀਆਂ ਵੀ ਇਸ ਯੁੱਧ ਵਿਚ ਸ਼ਾਮਲ ਹੋਣ ਲੱਗੀਆਂ। ਸਿੰਘਣੀਆਂ ਨੇ ਲੜਾਈ ਦੌਰਾਨ ਜ਼ਖ਼ਮੀ ਹੋਏ ਸਿੰਘਾਂ ਦੀ ਮਲ੍ਹਮ ਪੱਟੀ ਕਰਨ ਦੀ ਵੀ ਜ਼ਿੰਮੇਵਾਰੀ ਸੰਭਾਲੀ। ਕਈ ਸਿੰਘਾਂ ਨੇ ਮਾਰੇ ਗਏ ਅਫ਼ਗਾਨੀਆਂ ਦੇ ਸ਼ਸਤਰ ਆਦਿ ਇਕੱਠੇ ਕਰ ਕੇ ਉਲਟੇ ਉਨ੍ਹਾਂ ਉੱਪਰ ਹੀ ਚਲਾਏ। ਇਹ ਯੁੱਧ ਦੌਰਾਨ ਸਿੰਘਾਂ ਦੀ ਸੂਝ-ਬੂਝ ਤੇ ਦਲੇਰੀ ਦੀ ਭਾਵਨਾ ਪ੍ਰਗਟ ਕਰਦਾ ਹੈ। ਸਿੰਘ ਬਰਨਾਲੇ ਦੇ ਖੇਤਰ ਵੱਲ ਪੈ ਗਏ ਜਦਕਿ ਅਬਦਾਲੀ ਦੀ ਫੌਜ ਸਿੰਘਾਂ ਕੋਲੋਂ ਆਪਣਾ ਕਾਫੀ ਨੁਕਸਾਨ ਕਰਵਾ ਕੇ ਥੱਕ-ਹਾਰ ਕੇ ਵਾਪਸ ਮੁੜ ਗਈ। ਇਸ ਘੱਲੂਘਾਰੇ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ 'ਤੇ ੨੨ ਅਤੇ ਸਰਦਾਰ ਚੜਤ ਸਿੰਘ ਦੇ ਸਰੀਰ 'ਤੇ ਵੀ ਕਈ ਫੱਟ ਲੱਗੇ।

ਸਿੱਖਾਂ ਦੇ ਹੋਏ ਇਸ ਵੱਡੇ ਨੁਕਸਾਨ ਨੂੰ ਦੇਖਦਿਆਂ ਹੋਇਆ ਅਬਦਾਲੀ ਸਮਝਦਾ ਸੀ ਕਿ ਸਿੱਖ ਹੁਣ ਕਦੀ ਵੀ ਉੱਭਰ ਕੇ ਸਾਹਮਣੇ ਨਹੀਂ ਆਉਣਗੇ, ਪਰ ਖੰਡੇ ਦੀ ਧਾਰ ਵਿੱਚੋਂ ਨਿਕਲਿਆ 'ਖਾਲਸਾ ਪੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛਕਾਏ ਅੰਮ੍ਰਿਤ ਦੀ ਤਾਕਤ ਤੋਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਇੰਨਾ ਬਲਵਾਨ ਹੋ ਚੁੱਕਾ ਸੀ ਕਿ ਕੁਝ ਹੀ ਮਹੀਨਿਆਂ ਬਾਅਦ ਸਿੰਘ ਹੋਰ ਚੜ੍ਹਦੀ ਕਲਾ ਵਿਚ ਹੋ ਕੇ ਦੁਬਾਰਾ ਸੰਗਠਿਤ ਹੋ ਗਏ। ■

*ਬੱਚਿਆਂ ਲਈ ਵਿਸ਼ੇਸ਼:*

# ਸਾਕਾ ਸ੍ਰੀ ਨਨਕਾਣਾ ਸਾਹਿਬ

*-ਸਤਵਿੰਦਰ ਸਿੰਘ ਫੂਲਪੁਰ**

ਬੱਚਿਓ! ਤੁਸੀਂ ਸਾਕਾ ਨਨਕਾਣਾ ਸਾਹਿਬ, ਸਾਕਾ ਪੰਜਾ ਸਾਹਿਬ, ਸਾਕਾ ਪਾਉਂਟਾ ਸਾਹਿਬ ਆਦਿ ਸਾਕਿਆਂ ਬਾਰੇ ਸੁਣਿਆ ਹੋਵੇਗਾ। ਅੱਜ ਅਸੀਂ ਇਨ੍ਹਾਂ ਸਾਕਿਆਂ ਵਿੱਚੋਂ ਸਾਕਾ ਸ੍ਰੀ ਨਨਕਾਣਾ ਸਾਹਿਬ ਬਾਰੇ ਗੱਲ ਕਰਾਂਗੇ। ਸਾਕਾ ਸ੍ਰੀ ਨਨਕਾਣਾ ਸਾਹਿਬ ਬਾਰੇ ਗੱਲ ਕਰਨ ਤੋਂ ਪਹਿਲਾਂ ਅਸੀਂ ਇਹ ਵੀ ਜਾਣਨ ਦੀ ਕੋਸ਼ਿਸ਼ ਕਰਾਂਗੇ ਕਿ ਸਾਕਾ ਕਹਿੰਦੇ ਕਿਸ ਨੂੰ ਹਨ ਅਤੇ ਇਹ ਸਾਕੇ ਕਿਉਂ ਵਾਪਰੇ?

ਸਾਕਾ ਕਿਸੇ ਅਜਿਹੇ ਬਹਾਦਰੀ ਵਾਲੇ ਕੰਮ ਨੂੰ ਕਹਿੰਦੇ ਹਨ ਜਿਸ ਨੂੰ ਇਤਿਹਾਸ ਵਿਚ ਸਦਾ ਯਾਦ ਰੱਖਿਆ ਜਾਵੇ। ਇਹ ਸੱਚ ਧਰਮ ਲਈ ਡਟਣ ਵਾਲੇ ਲੋਕਾਂ ਉੱਪਰ ਵਾਪਰੀ ਅਜਿਹੀ ਦੁਖਦਾਈ ਘਟਨਾ ਹੁੰਦੀ ਹੈ ਜਿਸ ਵਿਚ ਲੋਕਾਂ ਦਾ ਜਾਨੀ ਨੁਕਸਾਨ ਹੋਇਆ ਹੋਵੇ। ਇਹ ਸਾਕੇ ਬਹਾਦਰੀ ਅਤੇ ਸੂਰਵੀਰਤਾ ਵਾਲੇ ਕਾਰਨਾਮੇ ਹੁੰਦੇ ਹਨ ਅਤੇ ਇਹ ਬਹਾਦਰ ਕੌਮਾਂ ਉੱਪਰ ਹੀ ਵਾਪਰਦੇ ਹਨ। ਸਿੱਖ ਇਤਿਹਾਸ ਵਿਚ ਅਜਿਹੇ ਬਹੁਤ ਸਾਰੇ ਸਾਕੇ ਵਾਪਰੇ ਹਨ, ਇਹ ਸਾਕੇ ਗੁਰਦੁਆਰਾ ਸਾਹਿਬਾਨ ਨੂੰ ਮਹੰਤਾਂ ਦੇ ਕਬਜ਼ੇ ’ਚੋਂ ਅਜ਼ਾਦ ਕਰਵਾਉਣ ਲਈ ਵਾਪਰੇ। ਜਦੋਂ ਸਾਡੇ ਦੇਸ਼ ਉੱਪਰ ਅੰਗਰੇਜ਼ਾਂ ਦਾ ਰਾਜ ਸੀ ਤਾਂ ਉਦੋਂ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਅੰਗਰੇਜ਼ਾਂ ਦੁਆਰਾ ਥਾਪੇ ਮਹੰਤਾਂ ਦੁਆਰਾ ਕੀਤਾ ਜਾਂਦਾ ਸੀ। ਇਹ ਮਹੰਤ ਗੁਰਦੁਆਰਾ ਸਾਹਿਬਾਨ ਅੰਦਰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਉਲਟ ਭੈੜੇ ਕੰਮ ਕਰਦੇ ਸਨ, ਪ੍ਰੰਤੂ ਗੁਰੂ ਦੇ ਸੱਚੇ ਸਿੱਖ ਗੁਰਦੁਆਰਾ ਸਾਹਿਬਾਨ ਦਾ ਬਹੁਤ ਸਤਿਕਾਰ ਕਰਦੇ ਹਨ, ਕਿਉਂਕਿ ਉਨ੍ਹਾਂ ਦਾ ਗੁਰਦੁਆਰਾ ਸਾਹਿਬਾਨ ਨਾਲ ਬਹੁਤ ਪਿਆਰ ਹੁੰਦਾ ਹੈ। ਇਸ ਲਈ ਸਿੱਖਾਂ ਦੁਆਰਾ ਗੁਰਦੁਆਰਾ ਸਾਹਿਬਾਨ ਵਿੱਚੋਂ ਮਹੰਤਾਂ ਨੂੰ ਕੱਢਣ ਲਈ ਕਈ ਸਾਕੇ ਵਾਪਰੇ। ਜਿਸ ਵਿਚ ਬਹੁਤ ਸਾਰੇ ਬੱਚਿਆਂ, ਬਜ਼ੁਰਗਾਂ, ਬੀਬੀਆਂ ਤੇ ਨੌਜਵਾਨਾਂ ਨੇ ਸ਼ਹੀਦੀਆਂ ਪਾਈਆਂ।

ਹੁਣ ਅਸੀਂ ਸਾਕਾ ਨਨਕਾਣਾ ਸਾਹਿਬ ਬਾਰੇ ਗੱਲ ਕਰਾਂਗੇ। ਸਾਕਾ ਨਨਕਾਣਾ ਸਾਹਿਬ ਵੀ ਸਿੱਖ ਧਰਮ ਵਿਚ ਵਾਪਰੇ ਸਾਕਿਆਂ ਵਿੱਚੋਂ ਇਕ ਹੈ ਜੋ ਹਰ ਸਾਲ ਫਰਵਰੀ ਮਹੀਨੇ ਵਿਚ ਆਉਂਦਾ ਹੈ।

ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਉਹ ਪਵਿੱਤਰ ਸਥਾਨ ਹੈ ਜਿੱਥੇ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਪ੍ਰਕਾਸ਼ ਧਾਰਿਆ ਸੀ। ਭਾਰਤ-ਪਾਕਿਸਤਾਨ ਦੀ ਵੰਡ ਤੋਂ ਬਾਅਦ ਇਹ ਗੁਰਦੁਆਰਾ ਸਾਹਿਬ ਪਾਕਿਸਤਾਨ ਵਿਚ ਰਹਿ

*ਸੰਪਾਦਕ, ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ। ਮੋ: +੯੧੯੯੧੪੪-੧੯੪੯੪

ਗਿਆ।

ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਉਸ ਸਮੇਂ ਮਹੰਤ ਨਰੈਣ ਦਾਸ ਕੋਲ ਸੀ। ਇਹ ਮਹੰਤ ਗੁਰਦੁਆਰੇ ਅੰਦਰ ਗੁਰਮਤਿ ਮਰਯਾਦਾ ਤੋਂ ਉਲਟ ਮਨਮਤੀ ਕਾਰਵਾਈਆਂ ਕਰਦਾ ਸੀ। ਗੁਰਦੁਆਰਾ ਸਾਹਿਬ ਦੀ ਜਾਇਦਾਦ ਨੂੰ ਉਹ ਆਪਣੀ ਨਿੱਜੀ ਜਾਇਦਾਦ ਸਮਝ ਕੇ ਅੱਯਾਸ਼ੀਆਂ ਕਰਦਾ ਸੀ। ਇਸ ਦਾ ਚਾਲ-ਚਲਣ ਵੀ ਠੀਕ ਨਹੀਂ ਸੀ। ਜਿਸ ਕਾਰਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੀ ਬੇਅਦਬੀ ਹੋ ਰਹੀ ਸੀ।

ਗੁਰੂ ਦੇ ਸੱਚੇ ਸਿੱਖ ਇਸ ਮਹੰਤ ਦੀਆਂ ਗਲਤ ਕਾਰਵਾਈਆਂ ਕਾਰਨ ਗੁਰਦੁਆਰਾ ਨਨਕਾਣਾ ਸਾਹਿਬ ਦੀ ਹੋ ਰਹੀ ਬੇਅਦਬੀ ਤੋਂ ਬਹੁਤ ਪਰੇਸ਼ਾਨ ਸਨ, ਕਿਉਂਕਿ ਗੁਰੂ ਦੇ ਸੱਚੇ ਸਿੱਖ ਕਦੇ ਵੀ ਆਪਣੇ ਗੁਰੂ ਅਤੇ ਗੁਰਦੁਆਰਾ ਸਾਹਿਬਾਨ ਦੀ ਬੇਅਦਬੀ ਨਹੀਂ ਸਹਾਰਦੇ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੨੬ ਜਨਵਰੀ, ੧੯੨੧ ਈ. ਨੂੰ ਇਕ ਫੈਸਲਾ ਕੀਤਾ ਕਿ ੪ ਤੋਂ ੬ ਮਾਰਚ, ੧੯੨੧ ਈ. ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਸਾਰੇ ਸਿੱਖ ਪੰਥ ਦਾ ਇਕ ਵੱਡਾ ਇਕੱਠ ਬੁਲਾਇਆ ਜਾਵੇ। ਇਸ ਇਕੱਠ ਵਿਚ ਮਹੰਤ ਨੂੰ ਸਾਰੇ ਮਾੜੇ ਕੰਮ ਛੱਡ ਕੇ ਗੁਰਮਤਿ ਮਰਯਾਦਾ ਅਨੁਸਾਰ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਕਰਨ ਲਈ ਕਿਹਾ ਜਾਵੇ। ਉਧਰ ਮਹੰਤ ਨੂੰ ਇਸ ਗੱਲ ਦੀ ਖ਼ਬਰ ਮਿਲ ਗਈ ਕਿ ਸਿੱਖ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਚ ਇਕ ਵੱਡਾ ਪੰਥਕ ਇਕੱਠ ਕਰਨ ਦੀ ਤਿਆਰੀ ਕਰ ਰਹੇ ਹਨ। ਉਸ ਨੂੰ ਇਹ ਡਰ ਸੀ ਕਿ ਕਿਤੇ ਇਸ ਇਕੱਠ ਵਿਚ ਮੇਰੇ ਕੋਲੋਂ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਖੋਹ ਕੇ ਸਿੱਖ ਸੰਗਤਾਂ ਦੇ ਹੱਥ ਵਿਚ ਨਾ ਸੌਂਪ ਦਿੱਤਾ ਜਾਵੇ। ਉਸ ਨੇ ਗੁਰਦੁਆਰਾ ਸਾਹਿਬ ਦੇ ਅੰਦਰ ਬੜੇ ਖਤਰਨਾਕ ਹਥਿਆਰ, ਬੰਦੂਕਾਂ, ਦਾਤਰ, ਕਿਰਪਾਨਾਂ, ਛਵੀਆਂ, ਗੰਡਾਸੇ, ਮਿੱਟੀ ਦਾ ਤੇਲ ਆਦਿ ਸਮਾਨ ਇਕੱਠਾ ਕਰ ਲਿਆ ਅਤੇ ਬਹੁਤ ਸਾਰੇ ਬਦਮਾਸ਼ਾਂ ਨੂੰ ਗੁਰਦੁਆਰਾ ਸਾਹਿਬ ਸੱਦ ਲਿਆ। ਉਹ ਚਾਹੁੰਦਾ ਸੀ ਕਿ ਜਦੋਂ ਸਿੱਖ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਆਉਣਗੇ ਤਾਂ ਮੈਂ ਇਨ੍ਹਾਂ ਬਦਮਾਸ਼ਾਂ ਕੋਲੋਂ ਹਥਿਆਰਾਂ ਨਾਲ ਸਿੱਖਾਂ ਨੂੰ ਮਰਵਾ ਦਿਆਂਗਾ।

ਭਾਈ ਲਛਮਣ ਸਿੰਘ ਧਾਰੋਵਾਲੀ ਅਤੇ ਸ. ਕਰਤਾਰ ਸਿੰਘ ਝੱਬਰ ਨੂੰ ਜਦੋਂ ਮਹੰਤ ਦੀ ਇਸ ਸਿੱਖਾਂ ਨੂੰ ਮਾਰਨ ਵਾਲੀ ਯੋਜਨਾ ਦਾ ਪਤਾ ਲੱਗਾ ਤਾਂ ਉਨ੍ਹਾਂ ਫੈਸਲਾ ਕੀਤਾ ਕਿ ਪੰਥਕ ਇਕੱਠ ਲਈ ਮਿੱਥੇ ਸਮੇਂ ਤੋਂ ਪਹਿਲਾਂ ਹੀ ਸ੍ਰੀ ਨਨਕਾਣਾ ਸਾਹਿਬ ਪਹੁੰਚ ਕੇ ਮਹੰਤ ਨੂੰ ਅਜਿਹਾ ਮਾੜਾ ਕਰਮ ਕਰਨ ਤੋਂ ਰੋਕਿਆ ਜਾਵੇ। ਇਸ ਲਈ ਭਾਈ ਲਛਮਣ ਸਿੰਘ ਧਾਰੋਵਾਲੀ ਅਤੇ ਸ. ਕਰਤਾਰ ਸਿੰਘ ਝਬਰ ਆਪੋ ਆਪਣੇ ਜਥੇ ਲੈ ਕੇ ਸ੍ਰੀ ਨਨਕਾਣਾ ਸਾਹਿਬ ਵੱਲ ਚੱਲ ਪਏ। ਜਦੋਂ ਇਨ੍ਹਾਂ ਜਥਿਆਂ ਦੇ ਜਾਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪਤਾ ਲੱਗਾ ਤਾਂ ਮਾਸਟਰ ਤਾਰਾ ਸਿੰਘ ਅਤੇ ਸ. ਤੇਜਾ ਸਿੰਘ ਸਮੁੰਦਰੀ ਨੇ ਇਨ੍ਹਾਂ ਜਥਿਆਂ ਨੂੰ ਰੋਕਣ ਲਈ ਭਾਈ ਦਲੀਪ ਸਿੰਘ ਨੂੰ ਭੇਜਿਆ। ਉਹ ਰੋਕਣਾ ਇਸ ਲਈ ਚਾਹੁੰਦੇ ਸਨ ਕਿਉਂਕਿ ਮਹੰਤ ਇਨ੍ਹਾਂ ਜਥਿਆਂ ਦੇ ਸਿੱਖਾਂ ਨੂੰ ਕਿਤੇ ਨੁਕਸਾਨ ਨਾ ਪਹੁੰਚਾ

ਦੇਵੇ। ਭਾਈ ਦਲੀਪ ਸਿੰਘ, ਸ. ਕਰਤਾਰ ਸਿੰਘ ਝੱਬਰ ਦੇ ਜਥੇ ਨੂੰ ਰੋਕਣ ਵਿਚ ਤਾਂ ਕਾਮਯਾਮ ਹੋ ਗਏ ਪਰ ਭਾਈ ਲਛਮਣ ਸਿੰਘ ਧਾਰੋਵਾਲੀ ਦੇ ਜਥੇ ਨੂੰ ਨਾ ਰੋਕ ਸਕੇ।

ਭਾਈ ਲਛਮਣ ਸਿੰਘ ਧਾਰੋਵਾਲੀ ੧੫੦ ਸਿੱਖਾਂ ਦੇ ਜਥੇ ਸਮੇਤ ੨੦ ਫਰਵਰੀ, ੧੯੨੧ ਈ. ਨੂੰ ਸਵੇਰੇ ਨਨਕਾਣਾ ਸਾਹਿਬ ਪਹੁੰਚੇ। ਇਸ ਜਥੇ ਵਿਚ ਬੱਚੇ, ਬੀਬੀਆਂ, ਨੌਜਵਾਨ ਤੇ ਬਜ਼ੁਰਗ ਆਦਿ ਸ਼ਾਮਲ ਸਨ ਅਤੇ ਇਹ ਸਾਰੇ ਨਿਹੱਥੇ ਸਨ। ਇਸ ਜਥੇ ਨੂੰ ਆਉਂਦਿਆਂ ਵੇਖ ਮਹੰਤ ਅਤੇ ਉਸ ਦੇ ਗੁੰਡੇ ਪਹਿਲਾਂ ਤੋਂ ਕੀਤੀ ਤਿਆਰੀ ਅਨੁਸਾਰ ਪਹਿਲਾਂ ਹੀ ਆਪੋ-ਆਪਣੇ ਟਿਕਾਣਿਆਂ ਵਿਚ ਲੁਕ ਕੇ ਬੈਠ ਗਏ। ਗੁਰਦੁਆਰਾ ਸੁੰਨਾ ਵੇਖ ਕੇ ਜਥੇ ਦੀਆਂ ਸੰਗਤਾਂ ਨੇ ਦੀਵਾਨ ਸਜਾ ਲਿਆ। ਕੁਝ ਸਿੰਘ ਕੀਰਤਨ ਕਰਨ ਲੱਗ ਪਏ, ਕੁਝ ਸੇਵਾ ਕਰਨ ਲੱਗ ਪਏ। ਭਾਈ ਲਛਮਣ ਸਿੰਘ ਧਾਰੋਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਏ। ਇਸ ਤਰ੍ਹਾਂ ਬਾਣੀ ਪੜ੍ਹਦੇ ਅਤੇ ਸੇਵਾ ਕਰਦੇ ਸਿੱਖਾਂ ਉੱਪਰ ਮਹੰਤ ਨੇ ਆਪਣੇ ਗੁੰਡਿਆਂ ਕੋਲੋਂ ਹਮਲਾ ਕਰਵਾ ਦਿੱਤਾ। ਬੰਦੂਕਾਂ, ਟਕੂਏ ਅਤੇ ਗੰਡਾਸਿਆਂ ਨਾਲ ਕੋਹ-ਕੋਹ ਕੇ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਭਾਈ ਲਛਮਣ ਸਿੰਘ ਧਾਰੋਵਾਲੀ ਨੂੰ ਜਿਉਂਦੇ ਜੰਡ ਦੇ ਦਰੱਖ਼ਤ ਨਾਲ ਬੰਨ ਕੇ ਸਾੜ ਕੇ ਸ਼ਹੀਦ ਕੀਤਾ ਗਿਆ। ਇਸ ਸਾਕੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਨੂੰ ਵੀ ਗੋਲੀਆਂ ਲੱਗੀਆਂ। ਜਦੋਂ ਸਿੱਖਾਂ ਨੂੰ ਇਸ ਭਿਆਨਕ ਸਾਕੇ ਦਾ ਪਤਾ ਲੱਗਾ ਤਾਂ ਸਿੱਖ ਜਗਤ ਅੰਦਰ ਭਾਰੀ ਰੋਸ ਪੈਦਾ ਹੋ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ ਹੋਰ ਪੰਥਕ ਜਥੇਬੰਦੀਆਂ ਦੇ ਨੁਮਾਇੰਦੇ ਅਤੇ ਵੱਡੀ ਗਿਣਤੀ ਵਿਚ ਸਿੱਖ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਹੁੰਚਣੇ ਸ਼ੁਰੂ ਹੋ ਗਏ।

ਸਿੱਖਾਂ ਦੇ ਰੋਸ ਅੱਗੇ ਝੁਕਦਿਆਂ ਅੰਗਰੇਜ਼ ਸਰਕਾਰ ਨੇ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਸਿੱਖ ਨੁਮਾਇੰਦਿਆਂ ਨੂੰ ਸੌਂਪ ਦਿੱਤੀਆਂ। ਇਸ ਸਾਕੇ ਵਿਚ ਸ਼ਹੀਦ ਹੋਏ ਸਮੂਹ ਸਿੱਖਾਂ ਦਾ ਗੁਰ-ਮਰਯਾਦਾ ਅਨੁਸਾਰ ਅੰਤਿਮ ਸਸਕਾਰ ਕੀਤਾ ਗਿਆ। ਇਸ ਤਰ੍ਹਾਂ ਸਿੱਖਾਂ ਨੇ ਆਪਣੀ ਸ਼ਹਾਦਤਾਂ ਦੇ ਕੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਨੂੰ ਮਹੰਤਾਂ ਦੇ ਕਬਜ਼ੇ 'ਚੋਂ ਅਜ਼ਾਦ ਕਰਵਾਇਆ।

ਇਸ ਸਾਕੇ ਦੇ ਸ਼ਹੀਦਾਂ ਦੀ ਯਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੁਆਰਾ ੧੯੨੭ ਈ. ਵਿਚ ਸ੍ਰੀ ਅੰਮ੍ਰਿਤਸਰ ਵਿਖੇ ਇਕ ਕਾਲਜ ਖੋਲਿਆ ਗਿਆ। ਇਸ ਦਾ ਨਾਮ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਰੱਖਿਆ। ਸਿੱਖ ਬੱਚੇ ਇਸ ਕਾਲਜ ਵਿਚ ਧਰਮ ਦੀ ਵਿੱਦਿਆ ਪੜ੍ਹ ਕੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਦੇ ਹਨ। ਸਾਨੂੰ ਵੀ ਦੁਨੀਆਵੀ ਪੜ੍ਹਾਈ ਦੇ ਨਾਲ ਨਾਲ ਧਰਮ ਦੀ ਵਿੱਦਿਆ ਪੜ੍ਹਣੀ ਚਾਹੀਦੀ ਹੈ ਅਤੇ ਆਪਣੇ ਜੀਵਨ ਨੂੰ ਉੱਚਾ-ਸੁੱਚਾ ਰੱਖ ਕੇ ਬੁਰਾਈਆਂ ਨੂੰ ਖਤਮ ਕਰਨ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਕਰਕੇ ਹੀ ਅਸੀਂ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕਰ ਸਕਦੇ ਹਾਂ। ■

*ਬੱਚਿਆਂ ਲਈ ਵਿਸ਼ੇਸ਼:*

# ਜੈਤੋ ਦੇ ਮੋਰਚੇ ਦੀ ਗਾਥਾ

*-ਗਿ. ਸੁਰਿੰਦਰ ਸਿੰਘ ਨਿਮਾਣਾ**

ਪਿਆਰੇ ਬੱਚਿਓ! ਤੁਹਾਨੂੰ ਇਹ ਤਾਂ ਪਤਾ ਹੀ ਹੈ ਕਿ ਸਿੱਖ ਧਰਮ ਦੀ ਨੀਂਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਰੱਖੀ ਸੀ। ਗੁਰੂ ਜੀ ਨੇ ਇਸ ਧਰਮ ਨੂੰ ਸੱਚ ਦੇ ਆਧਾਰ ਉੱਤੇ ਉਸਾਰਿਆ ਸੀ। ਆਪ ਨੇ ਹਰ ਤਰ੍ਹਾਂ ਦੇ ਝੂਠ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਆਪ ਦੇ ਸਿੱਖਾਂ ਨੇ ਸਹਿਜ ਸੁਭਾਅ ਹੀ ਸੱਚ ਦਾ ਰਸਤਾ ਅਪਣਾਇਆ। ਬੱਚਿਓ, ਸੱਚ ਉੱਤੇ ਚੱਲਣਾ ਬਹੁਤ ਔਖਾ ਹੁੰਦਾ ਹੈ। ਇਸ ਉੱਪਰ ਚੱਲਦਿਆਂ ਬੜੇ ਦੁੱਖ ਸਹਿਣੇ ਪੈਂਦੇ ਹਨ। ਪਰੰਤੂ ਗੁਰੂ ਦੇ ਸਿੱਖ ਸੱਚ ਦਾ ਰਸਤਾ ਹੀ ਅਪਣਾਉਂਦੇ ਹਨ। ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸੱਚ ਦੇ ਰਸਤੇ ਨੂੰ ਨਾ ਛੱਡਿਆ। ਉਨ੍ਹਾਂ ਨੇ ਆਪਣੀਆਂ ਜ਼ਿੰਦਗੀਆਂ ਕੁਰਬਾਨ ਕਰ ਦਿੱਤੀਆਂ ਸੀ।

ਸੱਚ ਦੇ ਪੱਕੇ ਰਾਹੀਂ ਸਿੱਖਾਂ ਨੇ ਵੀਹਵੀਂ ਸਦੀ ਵਿਚ ਸੱਚੀ ਧਿਰ ਦਾ ਸਾਥ ਦਿੰਦਿਆਂ ਹੋਇਆਂ ਇਕ ਬਹੁਤ ਵੱਡਾ ਮੋਰਚਾ ਲਗਾਇਆ। ਇਹ ਸੀ ਜੈਤੋ ਦਾ ਮੋਰਚਾ। ਇਸ ਸਮੇਂ ਸਾਡੇ ਦੇਸ਼ ਉੱਪਰ ਅੰਗਰੇਜ਼ਾਂ ਦਾ ਕਬਜ਼ਾ ਸੀ। ਦਰਅਸਲ ਅੰਗਰੇਜ਼ ਵਪਾਰੀ ਬਣ ਕੇ ਆਏ ਸਨ। ਚਲਾਕ ਅਤੇ ਸ਼ਕਤੀਸ਼ਾਲੀ ਹੋਣ ਕਰਕੇ ਉਨ੍ਹਾਂ ਨੇ ਇੱਥੇ ਪੈਰ ਪਸਾਰ ਲਏ। ਉਨ੍ਹਾਂ ਨੂੰ ਪੰਜਾਬ 'ਤੇ ਰਾਜ ਕਾਇਮ ਕਰਨ 'ਚ ਬਹੁਤ ਮੁਸ਼ਕਿਲ ਪੇਸ਼ ਆਈ। ਕਾਰਨ? ਇੱਥੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ। ਇਹ ਮਹਾਰਾਜਾ ਬਹੁਤ ਸ਼ਕਤੀਸ਼ਾਲੀ ਹੋਣ ਦੇ ਬਾਵਜੂਦ ਖ਼ੁਦ ਨੂੰ ਗੁਰੂ ਦਾ ਇਕ ਨਿਮਾਣਾ ਜਿਹਾ ਸੇਵਕ ਹੀ ਸਮਝਦਾ ਸੀ। ਬੱਚਿਓ! ਕੀ ਤੁਹਾਨੂੰ ਪਤਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਉੱਪਰ ਸੋਨਾ ਲਵਾਉਣ ਦੀ ਸੇਵਾ ਇਸੇ ਮਹਾਰਾਜੇ ਨੇ ਕੀਤੀ ਸੀ। ਇਸ ਮਹਾਨ ਸੇਵਾ ਦਾ ਉਸ ਨੂੰ ਰੱਤੀ ਭਰ ਵੀ ਮਾਣ ਨਹੀਂ ਸੀ।

ਹੁਣ ਅਸੀਂ ਜੈਤੋ ਦੇ ਮੋਰਚੇ ਦੇ ਇਤਿਹਾਸ ਬਾਰੇ ਜਾਣਨ ਵੱਲ ਆਉਂਦੇ ਹਾਂ। ਜੈਤੋ ਪੰਜਾਬ ਦਾ ਹੀ ਇਕ ਕਸਬਾ ਹੈ। ਕਸਬਾ ਇਕ ਛੋਟਾ ਸ਼ਹਿਰ ਹੁੰਦਾ ਹੈ। ਸਿੱਖ ਇਸ ਕਸਬੇ ਨੂੰ ਬਹੁਤ ਪਿਆਰ ਕਰਦੇ ਸਨ। ਤੁਸੀਂ ਪੁੱਛੋਗੇ, ਉਹ ਕਿਉਂ? ਬੱਚਿਓ, ਇਹ ਉਹ ਨਗਰ ਸੀ ਜਿੱਥੇ ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਰਨ ਪਾਏ ਸਨ। ਜੈਤੋ ਸਿੱਖ ਰਿਆਸਤ ਨਾਭਾ ਵਿਚ ਪੈਂਦਾ ਸੀ। ਇਹ ਕਸਬਾ ਪੰਜਾਬ ਦੇ ਪ੍ਰਸਿੱਧ ਵੱਡੇ

**ਮੁਖੀ, ਐਵਰਗ੍ਰੀਨ ਸਾਇੰਸ ਐਂਡ ਸਪੋਰਟਸ ਸਕੂਲ, ਅੱਚਲ ਸਾਹਿਬ (ਚਾਹਲ ਕਲਾਂ) ਜ਼ਿਲ੍ਹਾ ਗੁਰਦਾਸਪੁਰ; ਮੋ. +੯੧੯੮੭੨੨-੩੫੧੧੧*

ਸ਼ਹਿਰਾਂ ਬਠਿੰਡਾ ਅਤੇ ਫਰੀਦਕੋਟ ਵਾਲੀ ਸੜਕ ਉੱਪਰ ਸਥਿਤ ਹੈ। ਇਹ ਬਠਿੰਡੇ ਤੋਂ ਫਰੀਦਕੋਟ ਜਾਣ ਸਮੇਂ ੨੭ ਕਿ. ਮੀ. ਦੀ ਦੂਰੀ 'ਤੇ ਵੱਸਿਆ ਹੋਇਆ ਹੈ।

ਬੱਚਿਓ, ਸ਼ਾਇਦ ਤੁਹਾਨੂੰ ਇਹ ਪਤਾ ਹੋਵੇ ਕਿ ਅੰਤ ਵਿਚ 'ਪਾੜੋ ਤੇ ਰਾਜ ਕਰੋ' ਦੀ ਨੀਤੀ ਕਰਕੇ ਅੰਗਰੇਜ਼ਾਂ ਨੇ ਪੰਜਾਬ ਉੱਪਰ ਵੀ ਆਪਣਾ ਕਬਜ਼ਾ ਜਮਾ ਲਿਆ। ਪਰ ਕੁਝ ਰਿਆਸਤਾਂ ਉੱਪਰ ਉਨ੍ਹਾਂ ਸਿੱਖ ਮਹਾਰਾਜਿਆਂ ਨੂੰ ਹੀ ਰਾਜ ਕਰਨ ਦਾ ਹੱਕ ਦੇ ਦਿੱਤਾ ਸੀ। ਅਜਿਹੀ ਹੀ ਇਕ ਸਿੱਖ ਰਿਆਸਤ ਨਾਭਾ ਸੀ।

ਅਤਿ ਚਲਾਕ ਤੇ ਮੱਕਾਰ ਅੰਗਰੇਜ਼ ਆਪਣੀਆਂ ਬੁਰੀਆਂ ਚਾਲਾਂ ਚੱਲਦੇ ਹੀ ਰਹੇ। ਉਹ ਆਪਣਾ ਈਸਾਈ ਧਰਮ ਫੈਲਾਉਣਾ ਚਾਹੁੰਦੇ ਸਨ। ਇਸ ਮਕਸਦ ਨੂੰ ਪੂਰਾ ਕਰਨ ਵਾਸਤੇ ਉਹ ਸਾਡੇ ਪਵਿੱਤਰ ਗੁਰਦੁਆਰਾ ਸਾਹਿਬਾਨ 'ਚ ਵੀ ਸੱਚ ਨੂੰ ਮਿਟਾਉਣ 'ਤੇ ਤੁਲੇ ਸਨ। ਉਨ੍ਹਾਂ ਨੇ ਇੱਥੇ ਮਹੰਤਾਂ ਦਾ ਕਬਜ਼ਾ ਕਰਾ ਦਿੱਤਾ। ਮਹੰਤਾਂ ਨੇ ਹਰ ਤਰ੍ਹਾਂ ਦਾ ਬੁਰਾ ਕਰਮ ਪਵਿੱਤਰ ਗੁਰਦੁਆਰਾ ਸਾਹਿਬਾਨ 'ਚ ਕੀਤਾ। ਇਸ ਨੂੰ ਦੂਰ ਕਰਨ ਲਈ ਜਾਗ੍ਰਿਤ ਤੇ ਸੱਚੇ ਧਰਮੀ ਸਿੱਖ ਅੱਗੇ ਆਏ। ਉਨ੍ਹਾਂ ਨੇ ਗੁਰਦੁਆਰਾ ਸੁਧਾਰ ਲਹਿਰ ਚਲਾਈ। ਕਿੰਨੀ ਅਜੀਬ ਗੱਲ ਹੈ ਕਿ ਜਿਸ ਗੁਰਦੁਆਰਾ ਸਾਹਿਬ ਜਾ ਕੇ ਸਿੱਖ ਖ਼ੁਦ ਨੂੰ ਗੁਰੂ ਦੀ ਗੋਦ ਵਿਚ ਬੈਠਾ ਮਹਿਸੂਸ ਕਰਦਾ ਹੈ, ਉਨ੍ਹਾਂ ਦਾ ਪ੍ਰਬੰਧ ਏਨਾ ਵਿਗੜ ਗਿਆ ਕਿ ਗੁਰਦੁਆਰਾ ਸੁਧਾਰ ਲਹਿਰ ਚਲਾਉਣੀ ਪੈ ਗਈ। ਸਿੱਖਾਂ ਦੀ ਆਪਣੀ ਚੁਣੀ ਹੋਈ ਕਮੇਟੀ ਹੋਂਦ ਵਿਚ ਆਈ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੀ। ਉਦਮੀ ਤੇ ਜਾਗੇ ਹੋਏ ਸਿੱਖਾਂ ਨੇ ਨਨਕਾਣਾ ਸਾਹਿਬ ਦੇ ਸਾਕੇ 'ਚ ਸ਼ਹੀਦੀਆਂ ਪਾਈਆਂ।

ਨਾਭਾ ਰਿਆਸਤ ਦਾ ਰਾਜਾ ਸਰਦਾਰ ਰਿਪੁਦਮਨ ਸਿੰਘ ਸੀ। ਇਹ ਚੰਗਾ ਰਾਜਾ ਤਾਂ ਸੀ ਹੀ, ਇਸ ਦੇ ਨਾਲ ਇਕ ਧਰਮੀ ਸਿੱਖ ਦੇ ਗੁਣ ਵੀ ਰੱਖਦਾ ਸੀ। ਇਹ ਰਾਜਾ ਗੁਰਦੁਆਰਾ ਸੁਧਾਰ ਲਹਿਰ ਦਾ ਹਾਮੀ ਸੀ। ਇਸ ਦਾ ਮਹਾਰਾਜਾ ਪਟਿਆਲਾ ਨਾਲ ਵਿਵਾਦ ਭਾਵ ਕਿ ਝਗੜਾ ਚੱਲ ਰਿਹਾ ਸੀ। ਅੰਗਰੇਜ਼ ਹਕੂਮਤ ਪਟਿਆਲੇ ਦੇ ਮਹਾਰਾਜੇ ਨਾਲ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ੯ ਜੁਲਾਈ, ੧੯੨੩ ਈ. ਨੂੰ ਸਰਦਾਰ ਰਿਪੁਦਮਨ ਸਿੰਘ ਨੂੰ ਗੱਦੀ ਛੱਡਣ ਲਈ ਮਜਬੂਰ ਕਰ ਦਿੱਤਾ ਗਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਹਾਰਾਜਾ ਰਿਪੁਦਮਨ ਸਿੰਘ ਦੇ ਹੱਕ 'ਚ ਡਟ ਕੇ ਖੜ੍ਹੀ ਹੋ ਗਈ। ਇਸ ਨੇ ਅੰਗਰੇਜ਼ਾਂ ਦੀ ਇਸ ਵਧੀਕੀ ਦੇ ਵਿਰੁੱਧ ਆਵਾਜ਼ ਉਠਾਈ। ਜਲਸੇ ਹੋਏ। ਜਲੂਸ ਕੱਢੇ ਗਏ। ਸਿੱਖਾਂ ਦਾ ਰਾਜਨੀਤਿਕ ਦਲ ਅਕਾਲੀ ਦਲ ਸੀ। ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੀ। ਅੰਗਰੇਜ਼ੀ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਲੱਗਭਗ ੬੦ ਮੈਂਬਰ ੧੩-੧੪ ਅਕਤੂਬਰ, ੧੯੨੩ ਦੀ ਰਾਤ ਨੂੰ ਗ੍ਰਿਫ਼ਤਾਰ ਕਰ

ਲਏ। ਇਹ ਇਕ ਹੋਰ ਧੱਕਾ ਸੀ।

ਇਸ ਧੱਕੇ ਖ਼ਿਲਾਫ਼ ਸਿੱਖ ਚੁੱਪ ਕਰਕੇ ਕਿਵੇਂ ਬੈਠ ਸਕਦੇ ਸੀ। ਉਨ੍ਹਾਂ ਨੇ ੧੪ ਸਤੰਬਰ, ੧੯੨੩ ਈ. ਨੂੰ ਜੈਤੋ ਵਿਖੇ ਸਥਿਤ ਗੁਰਦੁਆਰਾ ਗੰਗਸਰ ਵਿਚ ਅਖੰਡ ਪਾਠ ਰੱਖ ਦਿੱਤਾ। ਸਿੱਖਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਪਰ ਪੂਰਾ ਭਰੋਸਾ ਹੈ। ਉਹ ਇਸ ਨੂੰ ਜਾਗਤ ਜੋਤ ਗੁਰੂ ਮੰਨਦੇ ਹਨ। ਕਿਸੇ ਵੀ ਵੱਡੇ ਸੰਕਟ ਸਮੇਂ ਉਹ ਅਖੰਡ ਪਾਠ ਕਰਦੇ ਹਨ। ਪਰ ਸਰਕਾਰ ਨੇ ਵੇਖੋ ਕੀ ਕੀਤਾ? ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਹੀ ਉੱਥੋਂ ਚੁਕਵਾ ਦਿੱਤੀ ਅਤੇ ਪਾਠੀ ਸਿੰਘਾਂ ਨੂੰ ਵੀ ਨਾਲ ਹੀ। ਗੁਰਦੁਆਰਾ ਸਾਹਿਬ ਵਿਚ ਦਾਖ਼ਲ ਹੋਣ ’ਤੇ ਪਾਬੰਦੀ ਲਗਾ ਦਿੱਤੀ। ਇਹ ਅਨਿਆਂ ਦੀ ਆਖਰੀ ਹੱਦ ਸੀ। ਇਸ ਹਾਲਤ ਵਿਚ ਸਿੱਖਾਂ ਨੂੰ ਮੋਰਚਾ ਲਾਉਣਾ ਪਿਆ। ਕਈ ਵਾਰ ਦੂਸਰੇ ਲੋਕ ਸਿੱਖਾਂ ਉੱਪਰ ਵਿਅੰਗ ਵਾਲੀ ਟਿੱਪਣੀ ਕਰਦੇ ਸੁਣੇ ਜਾਂਦੇ ਹਨ ਕਿ ਇਹ ਸਿੱਖ ਮੋਰਚੇ ਬਹੁਤ ਲਾਉਂਦੇ ਹਨ। ਪਰੰਤੂ ਸਿੱਖ ਕਦੇ ਬਿਨਾਂ ਕਾਰਨ ਦੇ ਮੋਰਚਾ ਨਹੀਂ ਲਗਾਉਂਦੇ।

ਸਿੱਖਾਂ ਨੇ ਇਹ ਸੰਗਤੀ ਫੈਸਲਾ ਕੀਤਾ ਕਿ ਅਖੰਡ ਪਾਠ ਸਾਹਿਬ ਮੁੜ ਸ਼ੁਰੂ ਕੀਤਾ ਜਾਵੇ। ਖੰਡਿਤ ਕੀਤਾ ਗਿਆ ਅਖੰਡ ਪਾਠ ਸਾਹਿਬ ਉਹ ਕਿਵੇਂ ਸਹਿ ਜਾਂਦੇ। ਸੋ, ੨੫ ਸਤੰਬਰ, ੧੯੨੩ ਦੇ ਦਿਨ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਹਰ ਰੋਜ਼ ੨੫-੨੫ ਸਿੰਘਾਂ ਦੇ ਜਥੇ ਜਾਣ ਲੱਗੇ। ਸਰਕਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਉਹ ਸਿੰਘਾਂ ਨੂੰ ਪਕੜ ਲੈਂਦੇ। ਪਕੜ ਕੇ ਦੂਰ-ਦਰਾਜ ਦੇ ਜੰਗਲਾਂ ’ਚ ਛੱਡ ਆਉਂਦੇ। ਸਫਲਤਾ ਹਾਸਿਲ ਨਹੀਂ ਹੋ ਰਹੀ ਸੀ। ਇਸ ਹਾਲਤ ਵਿਚ ਸਿੱਖਾਂ ਨੂੰ ਹੋਰ ਵੱਡਾ ਫੈਸਲਾ ਕਰਨਾ ਪਿਆ।

੯ ਫਰਵਰੀ, ੧੯੨੪ ਈ. ਦਾ ਦਿਨ ਸੀ। ਇਸ ਦਿਨ ਜਥੇਦਾਰ ਊਧਮ ਸਿੰਘ ਗੋਹਲਵੜ ਦੀ ਜਥੇਦਾਰੀ ਹੇਠ ੫੦੦ ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਚੱਲਿਆ। ਇਹ ਪੈਦਲ ਚੱਲਦਾ ਹੋਇਆ ੨੧ ਫਰਵਰੀ, ੧੯੨੪ ਈ. ਨੂੰ ਗੁਰਦੁਆਰਾ ਟਿੱਬੀ ਸਾਹਿਬ ਜੈਤੋ ਪੁੱਜਾ। ਇਸ ਤਰ੍ਹਾਂ ਸਾਰਾ ਸਿੱਖ ਪੰਥ ਇਕਜੁਟ ਹੋ ਗਿਆ ਸੀ।

ਸਮੇਂ ਦੀ ਅੰਗਰੇਜ਼ ਸਰਕਾਰ ਨੂੰ ਪਿੱਸੂ ਪੈ ਗਏ। ਜ਼ਾਲਿਮ ਸਰਕਾਰਾਂ ਆਪਣੀ ਕੀਤੀ ਤੋਂ ਨਹੀਂ ਮੁੜਦੀਆਂ। ਸਰਕਾਰ ਦੀ ਜਾਬਰ ਪੁਲਿਸ ਵੱਲੋਂ ਜਥਾ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਪਰੰਤੂ ਸਿੰਘ ਤਾਂ ਹਰ ਕੁਰਬਾਨੀ ਵਾਸਤੇ ਤਿਆਰ ਸਨ। ਜਦੋਂ ਜਥਾ ਰੋਕਿਆਂ ਨਾ ਰੁਕਿਆ ਤਾਂ ਏਨੇ ਵੱਡੇ ਜਥੇ ਉੱਪਰ ਗੋਲੀ ਚਲਾ ਦਿੱਤੀ ਗਈ। ਫਲਸਰੂਪ ੧੦੦ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ। ਉਨ੍ਹਾਂ ਦਾ ਇਕੱਠਾ ਅੰਤਮ ਸਸਕਾਰ ਕੀਤਾ ਗਿਆ। ਉਨ੍ਹਾਂ ਦੀਆਂ ਅਸਥੀਆਂ ਨੂੰ ਇਕ ਘੜੇ ’ਚ ਪਾ ਕੇ ਗੁਰਦੁਆਰਾ ਅੰਗੀਠਾ ਸਾਹਿਬ ਵਾਲੀ ਥਾਂ ’ਤੇ ਰੱਖ ਦਿੱਤਾ ਗਿਆ।

ਬਾਕੀ ਦੇ ਸਿੰਘ ਗ੍ਰਿਫ਼ਤਾਰ ਕਰ ਲਏ ਗਏ ਸਨ। ਇਸ ਗੋਲੀ ਕਾਂਡ ਪ੍ਰਤੀ ਸਾਰੇ ਦੇਸ਼ ਵਿਚ ਸਿੱਖਾਂ ਪ੍ਰਤੀ ਹਮਦਰਦੀ ਪੈਦਾ ਹੋਈ। ਜਾਲਿਮ ਸਰਕਾਰ ਵਿਰੁੱਧ ਤਿੱਖਾ ਰੋਸ ਪੈਦਾ ਹੋਇਆ। ਅਜ਼ਾਦੀ ਲਈ ਚੱਲ ਰਹੀ ਕੌਮੀ ਲਹਿਰ ਨੂੰ ਵਧਾਵਾ ਮਿਲਿਆ। ਇਹ ਗੱਲ ਕਿੰਨੀ ਮਾਣ ਕਰਨ ਯੋਗ ਤੇ ਵਿਲੱਖਣ ਹੈ ਕਿ ਸਿੰਘ ਜਥਿਆਂ ਦੇ ਰੂਪ 'ਚ ਆਉਣ ਤੋਂ ਫਿਰ ਵੀ ਰੋਕੇ ਨਾ ਜਾ ਸਕੇ। ਬਲਕਿ ਕੈਨੇਡਾ, ਹਾਂਗਕਾਂਗ ਅਤੇ ਸਿੰਘਾਈ ਜਿਹੇ ਦੇਸ਼ਾਂ ਤੋਂ ਜਿੱਥੇ ਗੁਰੂ ਕੇ ਸਿੰਘ ਜਾ ਕੇ ਵੱਸੇ ਹੋਏ ਸਨ ਤੋਂ ਜਥੇ ਜੈਤੋ ਵਿਖੇ ਪਹੁੰਚਦੇ ਰਹੇ। ਅਖੀਰ ਅੰਗਰੇਜ਼ ਸਰਕਾਰ ਖ਼ੁਦ ਸਮਝੌਤਾ ਕਰਨ ਲਈ ਝੁਕੀ। ਪਰੰਤੂ ਜ਼ੁਲਮ ਦੀ ਅੱਤ ਹੋਣ ਕਰਕੇ ਅਕਾਲੀ ਦਲ ਪੰਥਕ ਪਾਰਟੀ ਨੇ ਸਹਿਯੋਗ ਕੀ ਦੇਣਾ ਸੀ। ਅਖੀਰ ਸਰਕਾਰ ਨੂੰ ਝੁਕਣਾ ਹੀ ਪਿਆ। ਸਿੱਟੇ ਵਜੋਂ ੧੯੨੫ ਨੂੰ ਗੁਰਦੁਆਰਾ ਐਕਟ ਪਾਸ ਹੋਇਆ। ਨਵੰਬਰ ੧੯੨੫ ਈ. ਨੂੰ ਇਹ ਲਾਗੂ ਕੀਤਾ ਗਿਆ।

੯ ਜੁਲਾਈ ਨੂੰ ਜੈਤੋ ਵਿਖੇ ਅਖੰਡ ਪਾਠ ਸਾਹਿਬ ਕਰਨ ਦੀ ਖੁਲ੍ਹ ਦਿੱਤੀ ਗਈ। ੨੧ ਜੁਲਾਈ, ੧੯੨੫ ਈ. ਨੂੰ ਇਕ ਸੌ ਇਕ ਅਖੰਡ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ। ੬ ਅਗਸਤ ਨੂੰ ਇਸ ਦਾ ਭੋਗ ਪਿਆ। ਭੋਗ ਉਪਰੰਤ ੯ ਅਗਸਤ, ੧੯੨੫ ਈ. ਨੂੰ ਸਿੱਖ ਪੰਥ ਦੀ ਤਰਨ ਤਾਰਨ ਨਗਰ 'ਚ ਇਕੱਤਰਤਾ ਹੋਈ। ਭਾਵੇਂ ਵੱਡੀਆਂ ਕੁਰਬਾਨੀਆਂ ਕਰਨੀਆਂ ਪਈਆਂ ਸਨ, ਪਰੰਤੂ ਫਤਿਹ ਸਿੱਖ ਪੰਥ ਨੂੰ ਹੀ ਨਸੀਬ ਹੋਈ। ਜੋ ਇਸ ਫਤਿਹ ਦੇ ਸ਼ੁਕਰਾਨੇ ਵਜੋਂ ਇਕ ਇਤਿਹਾਸਿਕ ਜਲੂਸ ਦੀ ਸ਼ਕਲ 'ਚ ਉੱਥੋਂ ਚੱਲ ਕੇ ਇਹ ਜਲੂਸ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਪੁੱਜਾ। ਉੱਥੇ ਜਥਿਆਂ 'ਚ ਹਿੱਸਾ ਲੈਣ ਵਾਲੇ ਸਿੰਘਾਂ ਨੂੰ ਸਨਮਾਨਿਤ ਕੀਤਾ ਗਿਆ। ਸਰਕਾਰ ਨੇ ਪੂਰੀ ਤਰ੍ਹਾਂ ਝੁਕ ਕੇ ਗ੍ਰਿਫ਼ਤਾਰ ਕੀਤੇ ਗਏ ਸਾਰੇ ਸਿੰਘਾਂ ਨੂੰ ਰਿਹਾਅ ਕਰ ਦਿੱਤਾ ਸੀ।

ਆਖੀਰ, ਇਹ ਜੈਤੋ ਦਾ ਮੋਰਚਾ ਸਿੰਘਾਂ ਦੇ ਸਬਰ, ਸੰਤੋਖ ਤੇ ਉਨ੍ਹਾਂ ਦੀਆਂ ਵੱਡੀਆਂ ਕੁਰਬਾਨੀਆਂ ਦਾ ਸੂਚਕ ਬਣਿਆ। ਇਸ ਇਤਿਹਾਸਿਕ ਮੋਰਚੇ ਉੱਪਰ ਅਸੀਂ ਜਿੰਨਾ ਮਾਣ ਕਰੀਏ ਓਨਾ ਥੋੜ੍ਹਾ ਹੈ।

■

## ਪਿੰਡ ਤਾਜੇਚੱਕ ਵਿਖੇ ਅੰਮ੍ਰਿਤ-ਸੰਚਾਰ

ਭਾਈ ਮਲਕੀਤ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ੧ ਨਵੰਬਰ, ੨੦੧੭ ਨੂੰ ਗੁਰਦੁਆਰਾ ਸਾਹਿਬ, ਪਿੰਡ ਤਾਜੇਚੱਕ, ਡਾਕ: ਬਾਸਰਕੇ ਗਿੱਲਾਂ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਕਰਵਾਏ ਅੰਮ੍ਰਿਤ-ਸੰਚਾਰ ਵਿਚ ਕੁੱਲ ੮੭ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੇ।

# ਨਾਨਕ ਤਿਨਾ ਬਸੰਤੁ ਹੈ . . .

*-ਡਾ. ਸ਼ਮਸ਼ੇਰ ਸਿੰਘ**

ਗੁਰਬਾਣੀ ਵਿਚ ਦਿਨ, ਵਾਰ, ਥਿੱਤਾਂ, ਰੁੱਤਾਂ ਮਹੀਨਿਆਂ ਦੇ ਜ਼ਿਕਰ ਰਾਹੀਂ ਮਨੁੱਖ ਨੂੰ ਆਤਮਿਕ ਗਿਆਨ ਪ੍ਰਦਾਨ ਕੀਤਾ ਗਿਆ ਹੈ। ਇਸ ਪ੍ਰਕਾਰ ਦਾ ਕੁਦਰਤ ਦਾ ਵਰਣਨ ਕਿਸੇ ਪ੍ਰਕਾਰ ਦੀ ਸਰਗੁਣੀ ਪੂਜਾ ਨਹੀਂ ਹੈ, ਸਗੋਂ ਕੁਦਰਤ ਵਿਚ ਕਾਦਰ ਦਾ ਜਲਵਾ ਦੇਖ ਕੇ ਮਨੁੱਖ ਅੰਦਰਲੀ ਵਿਸਮਾਦ ਅਵਸਥਾ ਦਾ ਨਿਰੂਪਣ ਕੀਤਾ ਗਿਆ ਹੈ। ਕੁਦਰਤ ਦਾ ਖੇੜਾ ਮਨ ਨੂੰ ਪ੍ਰੇਰਨਾ ਦੇਣ ਵਾਲਾ ਦੱਸਿਆ ਹੈ। ਇੱਥੇ ਅਸੀਂ ਕੇਵਲ ਬਸੰਤ ਰੁੱਤ ਦਾ ਵਰਣਨ ਕਰਨਾ ਹੈ, ਗੁਰਬਾਣੀ ਵਿਚ ਬਸੰਤ ਰੁੱਤ ਮਨੁੱਖ ਦੇ ਆਤਮਿਕ ਖੇੜੇ ਨਾਲ ਸੰਬੰਧਿਤ ਹੈ।

ਮਨੁੱਖੀ ਜੀਵਨ ਦਾ ਮਨੋਰਥ ਆਤਮਿਕ ਅਨੰਦ ਪ੍ਰਾਪਤ ਕਰਨਾ ਹੈ। ਇਸ ਰੁੱਤ ਤੋਂ ਭਾਵ ਮਨੁੱਖੀ ਜੀਵਨ ਆਦਰਸ਼ ਦੀ ਪ੍ਰਾਪਤੀ ਹੈ। ਕਲਯੁੱਗ ਦਾ ਸਮਾਂ ਨਾਮ ਜਪਣ ਦਾ ਹੈ, ਹੋਰ ਕਿਸੇ ਪ੍ਰਕਾਰ ਦੇ ਕਰਮਾਂ ਭਾਵ ਤਪ, ਤੀਰਥ, ਰਟਨ ਆਦਿ ਕਰਮਾਂ ਦੇ ਕਮਾਉਣਾ ਦਾ ਨਹੀਂ ਹੈ। ਜਿਸ ਤਰ੍ਹਾਂ ਬਸੰਤ ਦਾ ਸਮਾਂ ਆਉਣ 'ਤੇ ਕੁਦਰਤ ਵਿਚ ਹਰਿਆਵਲ, ਸੁਗੰਧੀ ਤੇ ਬਹਾਰ ਆਉਂਦੀ ਹੈ, ਪਰੰਤੂ ਕੁਝ ਬੂਟੇ ਫਿਰ ਵੀ ਸੁੱਕੇ ਹੀ ਰਹਿੰਦੇ ਹਨ, ਇਸੇ ਤਰ੍ਹਾਂ ਹੀ ਨਾਮ ਜਪਣ ਵਾਲਾ ਮਨੁੱਖ ਸਦਾ ਬਸੰਤ ਵਾਂਗ ਖਿੜਿਆ ਰਹਿੰਦਾ ਹੈ। ਸਾਧ-ਸੰਗਤ ਵਿਚ ਗੁਰੂ ਦਾ ਉਪਦੇਸ਼ ਕਮਾਉਣ ਵਾਲਾ ਸਾਧਕ ਤਾਂ ਹਮੇਸ਼ਾਂ ਹੀ ਆਤਮਿਕ ਅਨੰਦ ਵਿਚ ਰਹਿੰਦਾ ਹੈ, ਬਸੰਤ ਰੁੱਤ ਤਾਂ ਸਾਲ ਅੰਦਰ ਕੇਵਲ ਲੱਗਭਗ ਦੋ ਮਹੀਨੇ ਹੀ ਰਹਿੰਦੀ ਹੈ ਜਦਕਿ ਨਾਮ-ਅਭਿਆਸੀ ਦਾ ਜੀਵਨ ਸਭ ਰੁੱਤਾਂ ਵਿਚ ਖਿੜਿਆ ਰਹਿੰਦਾ ਹੈ। ਉਸ ਦੇ ਆਤਮਿਕ ਖੇੜੇ ਦਾ ਭੇਦ ਪ੍ਰਭੂ ਦਾ ਅਸਲ ਆਤਮਿਕ ਚਿੰਤਨ ਹੁੰਦਾ ਹੈ। ਪ੍ਰਭੂ ਸਦਾ ਬਸੰਤ, ਭਾਵ ਸਦਾ ਖਿੜਿਆ ਰਹਿੰਦਾ ਹੈ। ਗੁਰਬਾਣੀ ਦਾ ਮਨੋਰਥ ਮੁਰਝਾਏ ਹੋਏ ਫੁੱਲਾਂ (ਮਨਮੁਖਾਂ) ਨੂੰ ਮੁੜ ਖਿੜਾਉਣਾ ਹੈ ਤੇ ਉਨ੍ਹਾਂ ਅੰਦਰ ਪਿਆਰ ਦੀ ਸੁਗੰਧੀ ਪੈਦਾ ਕਰਨਾ ਹੈ:

*ਮਾਹਾ ਰੁਤੀ ਮਹਿ ਸਦ ਬਸੰਤੁ॥ ਜਿਤੁ ਹਰਿਆ ਸਭੁ ਜੀਅ ਜੰਤੁ॥ (ਪੰਨਾ ੧੧੭੨)*

ਬਸੰਤ ਰੁੱਤ ਕੁਦਰਤ ਅੰਦਰ ਹਰ ਪਾਸੇ ਖੇੜੇ ਲੈ ਕੇ ਆਉਂਦੀ ਹੈ। ਇਹ ਖੇੜਾ ਮਨੁੱਖ ਲਈ ਇੱਕ ਪ੍ਰੇਰਨਾ ਹੈ ਜਿਹੜਾ ਹਉਮੈਂ ਕਰਕੇ ਪ੍ਰਭੂ ਤੋਂ ਦੂਰ ਹੋ ਕੇ ਆਤਮਿਕ ਸੋਕੜੇ ਦਾ ਮਾਰਿਆ ਹੋਇਆ ਹੋਣ ਕਰਕੇ ਆਤਮਿਕ ਪੱਖ ਤੋਂ ਕੁਮਲਾ ਕੇ ਨਿਰਾਸ਼ ਹੋ ਗਿਆ ਹੈ। ਗੁਰੂ ਪਿਆਰਿਆਂ ਦੀ ਸੰਗਤ ਕਰ ਕੇ ਉਹ ਮੁੜ ਹਰਾ-ਭਰਾ ਹੋ ਸਕਦਾ ਹੈ। ਗੁਰਬਾਣੀ ਦਾ ਇਹੀ ਮੰਤਵ ਹੈ ਕਿ ਮਨੁੱਖ ਦਾ ਇਹ ਮਨ ਮਉਲ ਪਵੇ। ਗੁਰਬਾਣੀ

*ਰਿਟਾ. ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ: +੯੧੯੮੮੮੪-੩੮੧੫੭

ਸਿੱਧੇ ਜਾਂ ਅਸਿੱਧੇ ਤੌਰ 'ਤੇ ਮਨੁੱਖ ਦੀ ਆਤਮਿਕ ਜਾਗ੍ਰਿਤੀ ਨਾਲ ਸੰਬੰਧਿਤ ਹੈ। ਗੁਰਬਾਣੀ ਅੰਦਰ ਬਸੰਤ ਰੁੱਤ ਨੂੰ ਮੁਬਾਰਕ ਆਖਿਆ ਗਿਆ ਹੈ, ਕਿਉਂਕਿ ਇਸ ਰਾਹੀਂ ਮਨੁੱਖ ਨੂੰ ਇੱਕ ਐਸੀ ਅੰਦਰੂਨੀ ਪ੍ਰੇਰਨਾ ਮਿਲਦੀ ਹੈ ਕਿ ਉਹ ਪ੍ਰਭੂ ਨਾਮ ਵਿਚ ਰਤਾ ਰਹਿਣ ਲਈ ਉਤਾਵਲਾ ਹੁੰਦਾ ਹੈ। ਐਸੀ ਲਗਨ ਪੈਦਾ ਕਰਨੀ ਗੁਰਬਾਣੀ ਦਾ ਮਨੋਰਥ ਹੈ। ਮਨੁੱਖ ਅਧਿਆਤਮਿਕ ਪੱਥ ਉੱਤੇ ਤੁਰਨ ਨਾਲ ਹੀ ਅੰਦਰੋਂ ਮਉਲ ਸਕਦਾ ਹੈ:

*ਬਨਸਪਤਿ ਮਉਲੀ ਚੜਿਆ ਬਸੰਤੁ॥*
*ਇਹੁ ਮਨੁ ਮਉਲਿਆ ਸਤਿਗੁਰੂ ਸੰਗਿ॥* *(ਪੰਨਾ ੧੧੭੬)*

ਕੁਦਰਤ, ਧਰਮ ਗ੍ਰੰਥ ਤੇ ਧਾਰਮਿਕ ਮਹਾਂਪੁਰਸ਼ ਸਭ ਆਤਮਿਕ ਅਨੰਦ ਹੀ ਪ੍ਰਦਾਨ ਕਰਨ ਵਾਲੇ ਸ੍ਰੋਤ ਹੁੰਦੇ ਹਨ। ਕੁਦਰਤ ਤੇ ਧਰਮ ਗ੍ਰੰਥਾਂ ਦਾ ਉਪਦੇਸ਼ ਸਮਦਰਸ਼ੀ ਹੁੰਦਾ ਹੈ। ਇਨ੍ਹਾਂ ਦਾ ਉਪਦੇਸ਼ ਸਭ ਜੀਵਾਂ ਨੂੰ ਬਰਾਬਰ ਅਨੰਦ ਪ੍ਰਦਾਨ ਕਰਨਾ ਹੈ:

*ਮਉਲੀ ਧਰਤੀ ਮਉਲਿਆ ਅਕਾਸੁ॥*
*ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥ . . .*
*ਦੁਤੀਆ ਮਉਲੇ ਚਾਰਿ ਬੇਦ॥ ਸਿੰਮ੍ਰਿਤਿ ਮਉਲੀ ਸਿਉ ਕਤੇਬ॥*
*ਸੰਕਰੁ ਮਉਲਿਓ ਜੋਗ ਧਿਆਨ॥ ਕਬੀਰ ਕੋ ਸੁਆਮੀ ਸਭ ਸਮਾਨ॥*
*(ਪੰਨਾ ੧੧੯੩)*

ਗੁਰਮੁਖਾਂ ਦੀ ਸੰਗਤ ਮਨੁੱਖ ਦੇ ਅੰਦਰ ਨਾਮ ਦੀ ਲਗਨ ਪੈਦਾ ਕਰਦੀ ਹੈ। ਨਾਮ-ਸਿਮਰਨ ਨਾਲ ਹੀ ਅੰਦਰੋਂ ਅਨੰਦ ਤੇ ਵਿਵਹਾਰਕ ਜੀਵਨ ਵਿਚ ਖੇੜਾ ਆਉਂਦਾ ਹੈ। ਪ੍ਰਭੂ ਜੋਤ ਦਾ ਅੰਦਰ ਅੰਤਹਕਰਣ ਵਿਚ ਅਨੁਭਵ ਕਰਨ ਨਾਲ ਹੀ ਮਨੁੱਖੀ ਜੀਵਨ ਵਿਚ ਬਸੰਤ (ਖੇੜਾ) ਆ ਸਕਦਾ ਹੈ। ਸੰਸਾਰ ਦੇ ਜੀਵ ਤ੍ਰਿਸ਼ਨਾ ਦੀ ਅਗਨੀ ਵਿਚ ਸੜ ਕੇ ਸੁਆਹ ਹੋ ਰਹੇ ਹਨ। ਉਨ੍ਹਾਂ ਦੇ ਮਨਾਂ ਅੰਦਰ ਮਾਇਆ ਦੇ ਭਰਮ, ਦੁਬਿਧਾਵਾਂ ਨੇ ਜੀਵਨ ਨੂੰ ਰੁੱਖਾ ਅਤੇ ਖੁਸ਼ਕ ਕਰ ਰੱਖਿਆ ਹੈ। ਇਹ ਰੁੱਤ ਭਾਵ ਇਹ ਮਨੁੱਖੀ ਜੀਵਨ ਦਾ ਸਮਾਂ ਨਾਮ ਜਪ ਕੇ ਹਰੇ ਭਰੇ ਹੋਣ ਦਾ ਭਾਵ ਅਨੰਦ ਪ੍ਰਾਪਤ ਕਰਨ ਦਾ ਹੈ। ਗੁਰਬਾਣੀ ਦਾ ਉਪਦੇਸ਼ ਆਤਮ ਮਾਰਗ ਹੈ ਜੋ ਬਾਹਰ ਦੀ ਭਟਕਣਾ ਦਾ ਤਿਆਗ ਕਰਨ ਲਈ ਹੀ ਬਰਾਬਰ ਪ੍ਰੇਰਨਾ ਦੇਂਦਾ ਹੈ। ਮਨ ਅੰਦਰੋਂ ਜਦੋਂ ਫੁਰਨਿਆਂ ਦਾ ਅੰਤ ਹੋ ਜਾਂਦਾ ਹੈ ਤਾਂ ਸੁਰਤ ਨਾਮ ਸਿਮਰਨ ਵਿਚ ਟਿਕ ਜਾਂਦੀ ਹੈ, ਫਿਰ ਸਦ ਬਸੰਤ ਦੀ ਰੁੱਤ ਵਿਚ ਸਦੀਵੀ ਅਨੰਦ ਜੋ ਅੰਮ੍ਰਿਤ ਫ਼ਲ ਵਾਂਗ ਹੁੰਦਾ ਹੈ, ਦੀ ਪ੍ਰਾਪਤੀ ਹੁੰਦੀ ਹੈ। ਇਹ ਅਨੰਦ ਜੋ ਸਦਾ ਬਹਾਰ, ਸਦੀਵੀ ਖੇੜੇ ਵਾਂਗ ਹੁੰਦਾ ਹੈ, ਦੀ ਪ੍ਰਾਪਤੀ ਹੁੰਦੀ ਹੈ। ਮਨੁੱਖ ਆਪਣੀਆਂ ਕਮਜ਼ੋਰੀਆਂ ਤੋਂ ਮੁਕਤ ਹੋ ਕੇ ਦੈਵੀ ਗੁਣਾਂ ਦਾ ਮਾਲਕ ਬਣ ਜਾਂਦਾ ਹੈ। ਗੁਰੂ ਸਾਹਿਬਾਨ ਵਾਹਿਗੁਰੂ ਨੂੰ ਅੰਤਰ-ਆਤਮੇ ਅਨੁਭਵ ਕਰ ਕੇ ਆਪਣੀ ਪਵਿੱਤਰ

ਰਚਨਾ ਦੁਆਰਾ ਆਤਮਿਕ ਪੱਖੋਂ ਸੁੱਕੇ ਹੋਏ ਸੰਸਾਰੀ ਲੋਕਾਂ ਨੂੰ ਹਰਾ-ਭਰਾ ਕਰਨ ਲਈ ਉਪਦੇਸ਼ ਦ੍ਰਿੜ੍ਹ ਕਰਾ ਰਹੇ ਹਨ:

*ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ॥*
*ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ॥*
*ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ॥*
*ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ॥*
*ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ॥* *(ਪੰਨਾ ੧੧੮੩)*

ਕੁਦਰਤ ਦਾ ਖੇੜਾ ਤਾਂ ਸਭ ਹਰੀ ਪ੍ਰਭੂ ਦੇ ਖੇੜੇ ਕਰਕੇ ਹੈ। ਹਰੀ ਤਾਂ ਸਦਾ ਖਿੜਿਆ ਰਹਿੰਦਾ ਹੈ। ਬਸੰਤ ਰੁਤ ਦਾ ਖੇੜਾ ਸਾਡੇ ਲਈ ਕਦੇ ਵਿਛੋੜੇ ਦਾ ਕਾਰਨ ਨਹੀਂ ਬਣਦਾ:

*ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ॥*
*ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥* *(ਪੰਨਾ ੭੯੧)*

ਪ੍ਰਭੂ ਤਾਂ ਬਸੰਤ ਰੁੱਤ ਦੇ ਆਉਣ ਤੋਂ ਪਹਿਲਾਂ ਦਾ ਹੈ, ਭਾਵ ਸਦੀਵੀ ਹੈ ਉਹ ਪਹਿਲਾਂ ਹੀ ਖਿੜਿਆ ਹੋਇਆ ਹੈ। ਉਸ ਦੇ ਖਿੜਨ ਨਾਲ ਹੀ ਸਾਰੀ ਸ੍ਰਿਸ਼ਟੀ ਖਿੜਦੀ ਹੈ। ਪ੍ਰਭੂ ਦੇ ਖਿੜਨ ਦਾ ਕਾਰਨ ਕੋਈ ਹੋਰ ਸ਼ਕਤੀ ਨਹੀਂ ਹੈ, ਉਹ ਆਪਣੇ ਆਪ ਤੋਂ ਖਿੜਦਾ ਹੈ ਤੇ ਸਾਰੀ ਕੁਦਰਤ ਅੰਦਰ ਖੇੜੇ ਦਾ ਕਾਰਨ ਹੈ। ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਉਸ ਪ੍ਰਭੂ ਦੇ ਗੁਣਾਂ ਦੀ ਵਿਚਾਰ ਅੰਤਰ-ਆਤਮੇ ਕਰੋ ਜੋ ਹਮੇਸ਼ਾਂ ਖਿੜਿਆ ਰਹਿੰਦਾ ਹੈ, ਉਸ ਪ੍ਰਭੂ ਨੂੰ ਸਿਮਰਨਾ ਚਾਹੀਦਾ ਹੈ ਜੋ ਸਭ ਦਾ ਆਸਰਾ ਹੈ, ਸਾਰਾ ਜਗਤ ਉਸ ਦੇ ਆਸਰੇ ਮਉਲਦਾ ਹੈ। ਗੁਰੂ ਸਾਹਿਬ ਨੇ ਬਸੰਤ ਰੁੱਤ ਦਾ ਆਤਮੀਕਰਨ ਕੀਤਾ ਹੈ। ਜਿਨ੍ਹਾਂ ਜੀਵ-ਇਸਤਰੀਆਂ ਨੂੰ ਪ੍ਰਭੂ ਪਤੀ ਹਰੀ ਦੀ ਯਾਦ ਆਉਣੀ ਚਾਹੀਦੀ ਹੈ। ਅਸੀਂ ਹਰੀ ਨੂੰ ਰਸਮੀ ਤੌਰ 'ਤੇ ਪਾਠ-ਪਠਨ ਰਾਹੀਂ ਯਾਦ ਕਰਦੇ ਹਾਂ। ਪ੍ਰਭੂ ਨਾਲ ਮੇਲ ਸਰੀਰਕ ਨਹੀਂ ਆਤਮਿਕ ਹੁੰਦਾ ਹੈ। ਗੁਰਬਾਣੀ ਦੀ ਅਧਿਆਤਮਿਕ ਰਚਨਾ ਦਾ ਮੰਤਵ ਅੰਤਰ-ਆਤਮੇ ਮੇਲ ਤੋਂ ਹੈ। ਇਹੀ ਮੇਲ ਆਤਮਿਕ ਖਿੜਾਉ ਦਾ ਸਾਧਨ ਹੈ। ਇਸ ਸਾਧਨ ਰਾਹੀਂ ਹੀ ਅੰਤਰ-ਆਤਮੇ ਕੰਤ ਦਾ ਵਾਸਾ ਅਨੁਭਵ ਹੋ ਸਕਦਾ ਹੈ:

*-ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ॥*
*ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ॥* *(ਪੰਨਾ ੭੯੧)*
*-ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ॥*
*ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ॥* *(ਪੰਨਾ ੭੯੧)*

ਗੁਰਬਾਣੀ ਮਨੁੱਖ ਨੂੰ ਬਾਹਰੀ ਖੇੜੇ ਤੇ ਬਾਹਰੀ ਮਿਲਾਪ ਤੋਂ ਉੱਪਰ ਉਠਾ ਕੇ ਅੰਤਰ-ਆਤਮੇ ਦੇ ਮੇਲ ਲਈ ਪ੍ਰੇਰਨਾ-ਸ੍ਰੋਤ ਪ੍ਰਦਾਨ ਕਰਦੀ ਹੈ। ਇਸ ਦੇ ਅਨੁਭਵੀ

ਬਚਨਾਂ ਨੇ ਬਹੁਤ ਸਾਰੇ ਲੋਕਾਂ ਨੂੰ ਬਾਹਰਮੁਖਤਾ ਤੋਂ ਅੰਤਰਮੁਖਤਾ ਵੱਲ ਪ੍ਰੇਰਨਾ ਕੀਤੀ ਹੈ। ਅੰਤਰ-ਆਤਮੇ ਦਾ ਮਿਲਾਪ ਜਿਨ੍ਹਾਂ ਦੇ ਹਿਰਦੇ ਰੂਪੀ ਘਰ ਵਿਚ ਵੱਸਦਾ ਹੈ। ਉਨ੍ਹਾਂ ਦੇ ਭਾ ਦੀ ਸਦਾ ਬਸੰਤ ਹੈ। ਉਨ੍ਹਾਂ ਦੇ ਹਿਰਦੇ ਵਿਚ ਹਮੇਸ਼ਾ ਖੇੜਾ ਰਹਿੰਦਾ ਹੈ। ਜਿਨ੍ਹਾਂ ਦੇ ਖਸਮ ਘਰ ਨਹੀਂ ਪਰਦੇਸ ਗਏ ਹੋਏ ਹਨ ਭਾਵ-ਹਿਰਦੇ ਵਿਚ ਨਹੀਂ ਵੱਸਿਆ ਉਨ੍ਹਾਂ ਲਈ ਹਮੇਸ਼ਾਂ ਪੱਤਝੜ ਹੈ, ਨਿਰਾਸ਼ਾ ਹੈ।

ਗੁਰਬਾਣੀ ਨੇ ਕੁਦਰਤ ਵਿਚ ਕਾਦਰ ਦਾ ਜਲਵਾ ਵੇਖਣ ਅਤੇ ਇਸ ਨੂੰ ਪਿਆਰ ਕਰਨ ਦਾ ਉਪਦੇਸ਼ ਦਿੱਤਾ ਹੈ। ਕੁਦਰਤ ਦੇ ਖੇੜੇ ਤੋਂ ਮਨੁੱਖ ਦੀ ਮਾਨਸਿਕ ਅਵਸਥਾ ਅੰਦਰ ਜੋ ਵਿਕਾਸ ਦੀ ਭਾਵਨਾ ਹੈ ਉਸ ਦਾ ਪ੍ਰਗਟਾਵਾ ਕੀਤਾ ਹੈ। ਇਹ ਪ੍ਰਗਟਾਵਾ ਵੱਖੋ-ਵੱਖਰੀਆਂ ਰੁੱਤਾਂ ਦੇ ਵਰਣਨ ਦੇ ਨਾਲ ਨਾਲ ਆਤਮਿਕ ਖੇੜਾ, ਸੰਤੁਸ਼ਟੀ ਅਤੇ ਪ੍ਰੇਰਨਾ ਦਾ ਸ੍ਰੋਤ ਹੈ। ਕੁਦਰਤ ਨੂੰ ਵੇਖਣ ਤੇ ਮਾਣਨ ਉਪਰੰਤ ਮਨ ਦੀ ਸਥਿਰਤਾ ਇਕ ਮਹੱਤਵਪੂਰਨ ਪ੍ਰਾਪਤੀ ਹੁੰਦੀ ਹੈ ਜੋ ਗੁਰਬਾਣੀ ਪ੍ਰਸਤੁਤ ਕਰਦੀ ਹੈ।

ਜਿਸ ਤਰ੍ਹਾਂ ਬਸੰਤ ਦਾ ਸਮਾਂ ਆਉਣ 'ਤੇ ਕੁਦਰਤ ਵਿਚ ਹਰਿਆਵਲ, ਸੁਗੰਧੀ ਤੇ ਬਹਾਰ ਆਉਂਦੀ ਹੈ, ਪਰੰਤੂ ਕੁਝ ਬੂਟੇ ਫਿਰ ਵੀ ਸੁੱਕੇ ਹੀ ਰਹਿੰਦੇ ਹਨ। ਇਸੇ ਤਰ੍ਹਾਂ ਹੀ ਨਾਮ ਜਪਣ ਵਾਲਾ ਮਨੁੱਖ ਸਦਾ ਬਸੰਤ ਵਾਂਗ ਖਿੜਿਆ ਰਹਿੰਦਾ ਹੈ, ਸਤ ਸੰਗਤ ਵਿਚ ਗੁਰੂ ਦਾ ਉਪਦੇਸ਼ ਕਮਾਉਣ ਵਾਲਾ ਸਾਧਕ ਤਾਂ ਹਮੇਸ਼ਾਂ ਹੀ ਆਤਮਿਕ ਅਨੰਦ ਵਿਚ ਰਹਿੰਦਾ ਹੈ, ਬਸੰਤ ਰੁੱਤ ਤਾਂ ਸਾਲ ਅੰਦਰ ਕੇਵਲ ਲੱਗਭਗ ਦੋ ਮਹੀਨੇ ਹੀ ਰਹਿੰਦੀ ਹੈ, ਜਦਕਿ ਨਾਮ-ਅਭਿਆਸੀ ਜੀਵ ਸਭ ਰੁੱਤਾਂ ਵਿਚ ਖਿੜਿਆ ਰਹਿੰਦਾ ਹੈ।

■

## ਜ਼ਿਲ੍ਹਾ ਸੰਗਰੂਰ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਭਾਈ ਸੁਖਵੀਰ ਸਿੰਘ ਫਲੌਂਡ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ੨੯ ਅਕਤੂਬਰ, ੨੦੧੭ ਨੂੰ ਗੁਰਦੁਆਰਾ ਸਿੰਘ ਸਭਾ, ਮਲੇਰਕੋਟਲਾ ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਕੁੱਲ ੫੧ ਪ੍ਰਾਣੀ ਅਤੇ ੨੮ ਅਕਤੂਬਰ, ੨੦੧੭ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਜਲਵਾਣਾ (ਸੰਗਰੂਰ) ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ਕੁੱਲ ੧੯ ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕੀਤਾ।

# ਜੀਵਨ ਮੰਤਰ : ਧੀਰਉ ਸੁਨਿ ਧੀਰਉ ਪ੍ਰਭ ਕਉ

*-ਡਾ. ਸਤਿੰਦਰ ਪਾਲ ਸਿੰਘ**

ਸੰਸਾਰ ਦੀ ਭੌਤਿਕ ਤਰੱਕੀ ਨੇ ਮਨੁੱਖ ਦੀਆਂ ਇੱਛਾਵਾਂ ਨੂੰ ਪੰਖ ਲਾ ਦਿੱਤੇ ਹਨ ਜਿਸ ਕਾਰਨ ਮਨੁੱਖ ਦੀਆਂ ਸਮਾਜਿਕ, ਆਰਥਿਕ ਹੀ ਨਹੀਂ ਨਿੱਜੀ ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ 'ਚ ਵੀ ਬੁਨਿਆਦੀ ਪਰਿਵਰਤਨ ਆਏ ਹਨ। ਜੀਵਨ-ਸ਼ੈਲੀ ਤੇਜ਼ੀ ਨਾਲ ਬਦਲਦੀ ਹੋਈ ਉੱਚੀਆਂ ਉਡਾਰੀਆਂ ਮਾਰ ਰਹੀ ਹੈ। ਮਾਇਆ ਦੀ ਚਮਕ-ਦਮਕ ਨੇ ਮਨੁੱਖ ਨੂੰ ਆਪਣਾ ਦਾਸ ਬਣਾ ਲਿਆ ਹੈ। ਉਸ ਅੰਦਰ ਝੂਠ-ਸੱਚ ਦਾ ਨਿਰਣਾ ਕਰਨ ਦੀ ਸਮਰੱਥਾ ਨਹੀਂ ਰਹੀ। ਇਸ ਅਵਸਥਾ ਨੇ ਰੋਗੀ ਸਭਿਅਤਾ ਨੂੰ ਜਨਮ ਦਿੱਤਾ ਹੈ:

*ਮਿਠਾ ਕਰਿ ਕੈ ਖਾਇਆ ਪਿਆਰੇ ਤਿਨਿ ਤਨਿ ਕੀਤਾ ਰੋਗੁ॥*
*ਕਉੜਾ ਹੋਇ ਪਤਿਸਟਿਆ ਪਿਆਰੇ ਤਿਸ ਤੇ ਉਪਜਿਆ ਸੋਗੁ॥* (ਪੰਨਾ ੬੪੧)

ਅੱਜ ਸਮਾਜ ਅੰਦਰ ਤਨ ਦੇ ਰੋਗੀ ਵੀ ਹਨ ਤੇ ਮਨ ਦੇ ਵੀ ਰੋਗੀ ਹਨ। ਸੰਸਾਰਕ ਸਫਲਤਾਵਾਂ ਵਿਖਾਈ ਦੇ ਰਹੀਆਂ ਹਨ, ਪਰ ਨਿਰਾਸ਼ਾ ਤੇ ਸੋਗ ਦੇ ਹਨੇਰੇ ਕਿਤੇ ਡੂੰਘੇ ਹੁੰਦੇ ਜਾ ਰਹੇ ਹਨ। ਜੋ ਪਦਾਰਥ ਮਨੁੱਖ ਨੂੰ ਮਿੱਠੇ ਲੱਗਦੇ ਹਨ ਉਹੀ ਮਨੁੱਖ ਦੇ ਸਾਰੇ ਰੋਗਾਂ ਦੀ ਜੜ੍ਹ ਹਨ। ਮਨੁੱਖ ਦਾ ਤਨ ਤੇ ਮਨ ਦੋਵੇਂ ਹੀ ਦੁਖ ਭੋਗ ਰਹੇ ਹਨ। ਮਨ ਦੇ ਰੋਗ ਕੂੜ ਸੋਚ ਨੂੰ ਜਨਮ ਦੇ ਰਹੇ ਹਨ ਤੇ ਤਨ ਦੇ ਰੋਗ ਮੰਦੇ ਕਰਮ ਕਰਨ ਲਈ ਪ੍ਰੇਰ ਰਹੇ ਹਨ। ਇਹ ਬੜੀ ਹੀ ਦੁਖਦਾਈ ਅਵਸਥਾ ਹੈ ਜਿਸ ਦਾ ਜ਼ਿਕਰ ਕਰਦਿਆਂ ਸ੍ਰੀ ਗੁਰੂ ਅਰਜਨ ਸਾਹਿਬ ਨੇ ਫੁਰਮਾਇਆ ਹੈ ਕਿ ਜੀਵਨ 'ਚ ਸਦਾ ਸ਼ੰਕਾ, ਦੁਬਿਧਾ ਤੇ ਭੈਅ ਬਣੇ ਰਹਿਣ ਦਾ ਇਹੋ ਕਾਰਨ ਹੈ । ਇਹ ਸਿਲਸਿਲਾ ਜੁਗਾਂ ਤੋਂ ਚੱਲਦਾ ਆ ਰਿਹਾ ਹੈ ਜਿਸ ਦਾ ਕੋਈ ਅੰਤ ਨਜ਼ਰ ਨਹੀਂ ਆ ਰਿਹਾ। ਸੱਚ-ਝੂਠ ਦਾ ਨਿਰਣਾ ਕਰਨਾ ਇਕ ਵੱਡਾ ਸਵਾਲ ਬਣਿਆ ਹੋਇਆ ਹੈ:

*ਰੋਗੇ ਮਰਤਾ ਰੋਗੇ ਜਨਮੈ॥ ਰੋਗੇ ਫਿਰਿ ਫਿਰਿ ਜੋਨੀ ਭਰਮੈ॥*
*ਰੋਗ ਬੰਧ ਰਹਨੁ ਰਤੀ ਨ ਪਾਵੈ॥ ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ॥*
(ਪੰਨਾ ੧੧੪੦)

ਪਦਾਰਥਾਂ ਦੇ ਮੋਹ 'ਚ ਫਸਿਆ ਹੋਇਆ ਮਨੁੱਖ ਸਦਾ ਹੀ ਬੇਚੈਨ ਰਹਿੰਦਾ ਹੈ ਤੇ ਆਪਣੇ ਦੁੱਖਾਂ ਦਾ ਮੂਲ ਕਾਰਨ ਨਹੀਂ ਜਾਣ ਪਾਉਂਦਾ। ਉਸ ਦੇ ਜੀਵਨ 'ਚ ਟਿਕਾਉ ਨਾ ਹੋਣ ਕਾਰਨ ਜਨਮ ਬਿਰਥਾ ਚਲਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਮਨੁੱਖੀ ਦੁਖਾਂ ਦਾ ਨਿਦਾਨ ਕਰਨ ਦਾ ਦਾਅਵਾ ਕਰਨ ਵਾਲਿਆਂ ਨੂੰ "ਭੋਲਾ ਵੈਦ"

**E-1716, Rajaji Puram, Lucknow (U.P.)-226017 M: +9194159-60533*

ਕਿਹਾ। ਸੰਸਾਰਕ ਨਿਦਾਨ ਦੁੱਖਾਂ ਨੂੰ ਦੂਰ ਨਹੀਂ ਕਰ ਸਕਦੇ *ਦਰਦੁ ਹੋਵੈ ਦੁਖੁ ਰਹੈ ਸਰੀਰ॥ ਐਸਾ ਦਾਰੂ ਲਗੈ ਨ ਬੀਰ॥* ਗੁਰੂ ਸਾਹਿਬ ਨੇ ਕਿਹਾ ਕਿ ਦੁੱਖਾਂ ਦੇ ਅੰਤ ਲਈ ਵੈਦ ਸੁਜਾਨ ਹੋਣਾ ਚਾਹੀਦੈ ਜਿਸ ਨੂੰ ਰੋਗ ਤੇ ਦਵਾ ਦੋਹਾਂ ਦੀ ਪਛਾਣ ਹੋਵੇ। ਰੋਗ ਤਾਂ ਮਨ ਦਾ ਹੈ ਜਿਸ ਅੰਦਰ ਲੋਭ, ਵਿਕਾਰਾਂ ਦੀ ਮਜਲਸ ਚੱਲ ਰਹੀ ਹੈ:

*ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ॥*
*ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ॥*
*ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ॥* *(ਪੰਨਾ ੫੫੩)*

ਅੰਤਰ 'ਚ ਵਸੇ ਵਿਕਾਰਾਂ ਕਾਰਨ ਜੀਵਨ ਵਿਅਰਥ ਜਾ ਰਿਹਾ ਹੈ। ਮੂੰਹੋਂ ਗਿਆਨ ਪ੍ਰਗਟ ਹੋ ਰਿਹਾ ਹੈ, ਪਰ ਅੰਦਰ ਅਗਿਆਨਤਾ ਦਾ ਬੰਧ ਪਿਆ ਹੋਇਆ ਹੈ *ਮਨਿ ਨਹੀ ਪ੍ਰੀਤਿ ਕਹੈ ਮੁਖਿ ਰਾਤਾ* ਗੁਰੂ ਸਾਹਿਬਾਨ ਨੇ ਦੁਨੀਆ ਦੇ ਇਸ ਫ਼ਰੇਬ *ਇਕ ਪੈਰਿ ਚਲੈ ਮਾਇਆ ਮੋਹੁ ਵਧਾਏ* ਨੂੰ ਪਛਾਣਿਆ ਤੇ ਵੱਡਾ ਸੰਕਟ ਕਿਹਾ *ਮਾਇਆ ਮੋਹੁ ਅਤਿ ਗੁਬਾਰੁ* ਮਾਇਆ ਦਾ ਗੁਬਾਰ ਮਨ ਨੂੰ ਬੇਚੈਨ ਕਰ ਦਿੰਦਾ ਹੈ ਤੇ ਟਿਕਾਉ ਨਹੀਂ ਰਹਿੰਦਾ। ਸਦਾ ਹੀ ਪਦਾਰਥਾਂ 'ਚ ਧਿਆਨ ਲੱਗਿਆ ਰਹਿੰਦਾ ਹੈ। ਸੋਚ ਬਾਹਰ ਹੀ ਬਾਹਰ ਭੰਭਲਭੂਸੇ ਖਾਂਦੀ ਰਹਿੰਦੀ ਹੈ, ਪਰ ਤ੍ਰਿਸ਼ਨਾ ਨਹੀਂ ਬੁਝਦੀ:

*ਬਹੁ ਰੰਗ ਮਾਇਆ ਬਹੁ ਬਿਧਿ ਪੇਖੀ॥ ਕਲਮ ਕਾਗਦ ਸਿਆਨਪ ਲੇਖੀ॥*
*ਮਹਰ ਮਲੂਕ ਹੋਇ ਦੇਖਿਆ ਖਾਨ॥ ਤਾ ਤੇ ਨਾਹੀ ਮਨੁ ਤ੍ਰਿਪਤਾਨ॥ (ਪੰਨਾ ੧੭੯)*

ਮਾਇਆ ਦੇ ਕਿਤਨੇ ਹੀ ਰੰਗ ਮਾਣ ਲਏ। ਕਿਤਨੇ ਹੀ ਗ੍ਰੰਥ ਪੜ੍ਹ ਕੇ ਕਿਤਾਬੀ ਗਿਆਨ ਹਾਸਲ ਕਰ ਲਿਆ। ਸਮਾਜ , ਕੌਮ ਦਾ ਆਗੂ , ਸ਼ਾਹ-ਬਾਦਸ਼ਾਹ ਬਣ ਕੇ ਵੀ ਵੇਖਿਆ। ਇਤਨਾ ਸਭ ਹੋਣ ਦੇ ਬਾਅਦ ਵੀ ਮਨ ਭਟਕਦਾ ਹੀ ਰਿਹਾ। ਇਹ ਸਾਰੀਆਂ ਸੰਸਾਰਕ ਪ੍ਰਾਪਤੀਆਂ ਲੋਕਾਂ ਅੰਦਰ ਆਦਰ ਸਨਮਾਨ ਦਾ ਹੱਕਦਾਰ ਬਣਾ ਸਕਦੀਆਂ ਹਨ, ਪਰ ਜੀਵਨ ਨੂੰ ਸੰਵਾਰਨ ਦੀ ਸਮਰੱਥਾ ਨਹੀਂ ਰੱਖਦੀਆਂ। ਮਾਇਆ ਦੇ ਗ਼ੁਬਾਰ ਤੇ ਮਨ ਦੀ ਭਟਕਣ ਕਾਰਨ ਜੀਵਨ ਦਾ ਅਸਲ ਉਦੇਸ਼ ਨਜ਼ਰ ਹੀ ਨਹੀਂ ਆਉਂਦਾ। ਮਨ ਜਿਨ੍ਹਾਂ ਕਾਰਜਾਂ 'ਚ ਰਮਿਆ ਰਹਿੰਦਾ ਹੈ ਸਮਾਂ ਆਉਣ 'ਤੇ ਉਨ੍ਹਾਂ ਦਾ ਪਾਜ ਖੁੱਲ ਜਾਂਦਾ ਹੈ ਤੇ ਪਛਤਾਵਾ ਹੀ ਹੱਥ ਲੱਗਦਾ ਹੈ:

*ਜਿਉ ਬਿਗਾਰੀ ਕੈ ਸਿਰਿ ਦੀਜਹਿ ਦਾਮ॥ ਓਇ ਖਸਮੈ ਕੈ ਗ੍ਰਿਹਿ ਉਨ ਦੂਖ ਸਹਾਮ॥*
*ਜਿਉ ਸੁਪਨੈ ਹੋਇ ਬੈਸਤ ਰਾਜਾ॥ ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ॥*
*ਜਿਉ ਰਾਖਾ ਖੇਤ ਊਪਰਿ ਪਰਾਏ॥ ਖੇਤੁ ਖਸਮ ਕਾ ਰਾਖਾ ਉਠਿ ਜਾਏ॥*
*ਉਸੁ ਖੇਤ ਕਾਰਣਿ ਰਾਖਾ ਕੜੈ ॥ ਤਿਸ ਕੈ ਪਾਲੈ ਕਛੂ ਨ ਪੜੈ॥* *(ਪੰਨਾ ੧੭੯)*

ਉਪਰੋਕਤ ਗੁਰੂ ਵਚਨ 'ਚ ਤਿੰਨ ਉਦਾਹਰਨ ਦਿੱਤੇ ਗਏ ਜੋ ਸੁੱਤੇ ਹੋਏ ਮਨ ਨੂੰ ਝਿੰਝੋੜ ਕੇ ਜਗਾਉਣ ਵਾਲੇ ਹਨ। ਅੱਜ ਵੀ ਇਹੋ ਕੁਝ ਹੋ ਰਿਹਾ ਹੈ, ਦਿਨ ਰਾਤ ਦੀ ਨੱਸ-ਭੱਜ ਹੈ ਜਿਸ 'ਚ ਪੂਰਾ ਜੀਵਨ ਲੱਗ ਰਿਹਾ ਹੈ। ਇਸ ਨੱਸ-ਭੱਜ ਦਾ ਅੰਤ ਕੋਈ

ਲਾਭ ਨਹੀਂ ਮਿਲਣਾ। ਜੀਵਨ ਤਾਂ ਜਿਸ ਪਰਮਾਤਮਾ ਨੇ ਦਿੱਤਾ ਹੈ ਉਹੀ ਉਸ ਦੀ ਸਾਰ ਸੰਭਾਲ ਕਰਨ ਵਾਲਾ ਹੈ। ਉਹੀ ਰਿਜ਼ਕ ਦੇ ਰਿਹਾ ਹੈ, ਰੱਖਿਆ ਕਰ ਰਿਹਾ ਹੈ। ਜਨਮ ਤੋਂ ਪਹਿਲਾਂ ਹੀ ਉਸ ਨੇ ਲੇਖ ਲਿਖ ਦਿੱਤੇ ਹਨ। ਉਹ ਅਣਮੰਗੀਆਂ ਹੀ ਦਾਤਾਂ ਦੇਣ ਵਾਲਾ ਹੈ। ਮਨ ਦੀਆਂ ਕਾਮਨਾਵਾਂ ਕਾਰਨ ਜੇ ਰਾਜ ਭਾਗ ਵੀ ਮਿਲ ਜਾਏ ਤਾਂ ਵੀ ਇਕ ਸੁਪਨੇ ਸਮਾਨ ਹੀ ਹੈ। ਅੱਖਾਂ ਖੁੱਲ੍ਹਦੀਆਂ ਹੀ ਸੁਪਨਾ ਟੁੱਟ ਜਾਣਾ ਹੈ ਤੇ ਰਾਜ ਸਿੰਘਾਸਣ ਅਲੋਪ ਹੋ ਜਾਣਾ ਹੈ ਕੋਈ ਵੀ ਨਹੀਂ ਹੋਇਆ ਜਿਸ ਨੇ ਅਵਿਨਾਸ਼ੀ ਸ਼ਕਤੀਆਂ ਹਾਸਲ ਕਰ ਲਈਆਂ ਹੋਣ।

ਅਗਿਆਨਤਾ ਕਾਰਨ ਦ੍ਰਿਸ਼ਟੀ ਦੋਸ਼ ਹੋ ਜਾਂਦਾ ਹੈ ਤੇ ਅਗਲਾ ਪਲ ਵੀ ਨਹੀਂ ਦਿੱਸਦਾ। ਜਮ ਦਾ ਡੰਡ ਹੀ ਅਜਿਹੀ ਦ੍ਰਿਸ਼ਟੀ ਨੂੰ ਖੋਲਦਾ ਹੈ। ਮਨ ਆਪਣੀ ਸੰਪਦਾ, ਸਮਰੱਥਾ ਤੇ ਵੰਸ਼, ਕੁਲ ਉੱਪਰ ਵਿਅਰਥ ਹੀ ਮਾਣ ਕਰੀ ਜਾਂਦਾ ਹੈ ਤੇ ਉਸ ਨੂੰ ਆਪਣਾ ਸਮਝ ਕੇ ਖੁਸ਼ ਹੁੰਦਾ ਰਹਿੰਦਾ ਹੈ। ਇਹ ਖੁਸ਼ੀ ਉਸ ਰਾਖੇ ਦੀ ਖੁਸ਼ੀ ਹੈ ਜਿਸ ਨੂੰ ਮਾਲਕ ਨੇ ਆਪਣੇ ਖੇਤ ਦੀ ਰਾਖੀ ਲਈ ਨਿਯੁਕਤ ਕੀਤਾ ਹੈ ਤੇ ਰਾਖਾ ਉਸ ਨੂੰ ਆਪਣਾ ਹੀ ਖੇਤ ਸਮਝੀ ਜਾ ਰਿਹਾ ਹੈ। ਇਸ ਕਾਰਨ ਉਹ ਰਾਖਾ ਕਿਤਨੇ ਹੀ ਦੁਖ ਸਹਾਰਦਾ ਹੈ, ਪਰ ਉਸ ਦੇ ਪੱਲੇ ਕੁਝ ਨਹੀਂ ਪੈਂਦਾ ਤੇ ਖੇਤ ਦੀ ਸਾਰੀ ਫਸਲ ਪੱਕ ਕੇ ਮਾਲਕ ਦੇ ਹੱਥ ਚਲੀ ਜਾਂਦੀ ਹੈ।

**ਲੋਭ:** ਆਧੁਨਿਕ ਜੀਵਨ ਖਾਹਸ਼ਾਂ ਦਾ ਹੀ ਜੀਵਨ ਬਣ ਗਿਆ ਹੈ। ਸੁਆਦਲੇ ਵਿਅੰਜਨਾਂ ਦਾ ਸ਼ੌਕ, ਮਨੋਰੰਜਨ ਲਈ ਖਰਚੀਲੀਆਂ ਪਾਰਟੀਆਂ, ਸੈਰ-ਸਪਾਟੇ, ਵਿਖਾਵੇ ਲਈ ਫ਼ੈਸ਼ਨ-ਪ੍ਰਸਤੀ, ਵੰਨ-ਸੁਵੰਨੀਆਂ ਕਾਰਾਂ, ਆਲੀਸ਼ਾਨ ਘਰ-ਬਾਰ, ਹੀਰੇ-ਜਵਾਹਰਾਤ ਇਨਸਾਨ ਦੀਆਂ ਲੋੜਾਂ 'ਚ ਸਭ ਤੋਂ ਅੱਗੇ ਸ਼ਾਮਲ ਹਨ। ਦਿਨ ਰਾਤ ਮਿਹਨਤ ਕਰ ਕੇ, ਸੱਚ-ਝੂਠ ਜ਼ਰੀਏ ਇਨ੍ਹਾਂ ਨੂੰ ਪ੍ਰਾਪਤ ਕਰਨਾ ਮਾਣ ਦੀ ਗੱਲ ਬਣ ਗਿਆ ਹੈ। ਅੱਜ ਇਹ ਸਮਾਜ ਅੰਦਰ ਆਪਸੀ ਚਰਚਾ ਦਾ ਸਭ ਤੋਂ ਵੱਡਾ ਵਿਸ਼ਾ ਹਨ। ਇਹ ਕੋਸ਼ਿਸ਼ ਹੈ ਆਪਣੇ ਲੇਖ ਆਪ ਲਿਖਣ ਦੀ ਇਸ ਨੂੰ ਆਧੁਨਿਕ ਭਾਸ਼ਾ 'ਚ ਅਗਾਂਹ ਵਧਣ ਦੀ ਤਾਂਘ ਦਾ ਨਾਂ ਦੇ ਦਿੱਤਾ ਗਿਆ ਹੈ। ਮਨ ਜਿਸ ਨੂੰ ਅਗਾਂਹ ਵਧਣਾ ਮੰਨ ਕੇ ਪ੍ਰਸੰਨ ਹੋ ਰਿਹਾ ਉਹ ਨਿਰੀ ਅਗਿਆਨਤਾ ਤੇ ਭਰਮ ਹੈ ਤੇ ਭਰਮਿਆ-ਭਟਕਿਆ ਮਨ ਸੱਚ ਜਾਣਨ ਜੋਗ ਹੀ ਨਹੀਂ:

*ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ॥*
*ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ॥* *(ਪੰਨਾ ੯੫੪)*

ਸੰਸਾਰ ਦੀ ਚਮਕ-ਦਮਕ 'ਚ ਰੁੱਝਿਆ ਰਹਿਣਾ ਮਨ ਦੀ ਅਗਿਆਨਤਾ ਪ੍ਰਗਟ ਕਰਦਾ ਹੈ। ਜੀਵਨ ਜਿਊਣ-ਯੋਗ ਸਾਧਨਾਂ ਦੀ ਹਿਮਾਇਤ ਗੁਰਬਾਣੀ ਨੇ ਵੀ ਕੀਤੀ *ਹਉ ਵਾਰੀ ਜਾਉ ਜਿਤੁ ਸੋਹਿਲੈ ਸਦਾ ਸੁਖੁ ਹੋਇ* ਮਨੁੱਖ ਕਸ਼ਟ ਸਹਾਰੇ, ਘਰ-ਬਾਰ ਤਿਆਗ ਕੇ ਵਣਾਂ, ਪਰਬਤਾਂ, ਗੁਫ਼ਾਵਾਂ 'ਚ ਚਲਾ ਜਾਏ, ਹਠ ਕਰੇ, ਅੰਨ ਤਿਆਗ ਦਵੇ

ਇਹ ਸਭ ਗੁਰਮਤਿ ਦਾ ਮਾਰਗ ਨਹੀਂ। ਗੁਰਬਾਣੀ ਅੰਦਰ ਸੁਖੀ, ਪ੍ਰਫੁੱਲਿਤ ਤੇ ਸਹਜ ਜੀਵਨ ਦੀ ਕਲਪਨਾ ਕੀਤੀ ਗਈ ਹੈ। ਪ੍ਰਭੂ ਦਾ ਸਿਮਰਨ ਸੁਖ ਦੀ ਅਵਸਥਾ ਬਣਾਉਣ ਵਾਲਾ ਹੈ *ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ* ਅਗਿਆਨਤਾ ਇਸ ਸੁਖ ਤੋਂ ਦੂਰ ਕਰਦੀ ਹੈ ਤੇ ਸੁਖ ਦੀ ਆਪਣੀ ਪਰਿਭਾਸ਼ਾ ਘੜ੍ਹਦੀ ਦੀ ਰਹਿੰਦੀ ਹੈ। ਮਾਇਆ 'ਚ ਭਰਮੇ ਹੋਏ ਮਨ ਅੰਦਰ ਸੁਖ ਦੇ ਨਾਮ 'ਤੇ ਭੜਕ ਰਹੀ ਤ੍ਰਿਸ਼ਨਾ ਅਗਨੀ ਬਣ ਜਾਂਦੀ ਹੈ ਤੇ ਭਟਕਣ ਵੱਡਾ ਰੋਗ *ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ* ਅਗਾਂਹ ਵਧਣਾ ਭੌਤਿਕਤਾ ਵੱਲ ਜ਼ਿਆਦਾ ਤੋਂ ਜ਼ਿਆਦਾ ਵਧਣਾ ਹੈ ਇਸ ਕਾਰਨ ਮਨ ਨਿਰੰਤਰ ਅਸ਼ਾਂਤ ਹੁੰਦਾ ਜਾਂਦਾ ਹੈ:

*ਬਾਬਾ ਹੋਰੁ ਖਾਣਾ ਖੁਸੀ ਖੁਆਰੁ॥*
*ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥* *(ਪੰਨਾ ੧੬)*

ਮਨ ਦੀਆਂ ਕਾਮਨਾਵਾਂ ਦਾ ਵਧਦੇ ਜਾਣਾ ਜੀਵਨ ਨੂੰ ਖੁਆਰ ਕਰਦਾ ਹੈ । ਮਨ ਵਿਕਾਰਾਂ ਦਾ ਘਰ ਬਣ ਜਾਂਦਾ ਹੈ ਤੇ ਤਨ ਦੇ ਰੋਗ ਵੀ ਉੱਭਰ ਆਉਂਦੇ ਹਨ। *ਮਨੁ ਭੂਲੋ ਬਹੁ ਚਿਤੈ ਵਿਕਾਰੁ॥ ਮਨੁ ਭੂਲੋ ਸਿਰਿ ਆਵੈ ਭਾਰੁ॥*

ਮਨ ਮਾਇਆ ਦੇ ਗੁਬਾਰ ਤੋਂ ਬਾਹਰ ਨਿਕਲ ਆਏ ਤਾਂ ਹੀ ਉਸ ਪਰਮਾਤਮਾ ਦੀ ਪ੍ਰਤੀਤੀ ਹੁੰਦੀ ਹੈ; ਜਿਸ ਦੀ ਮਿਹਰ ਨਾਲ ਤਨ ਤੇ ਮਨ ਦੋਹਾਂ ਦੇ ਸਾਰੇ ਦੁਖ ਦੂਰ ਹੋ ਜਾਂਦੇ ਹਨ। ਪਰਮਾਤਮਾ ਦੀ ਨਦਰਿ ਹੋਵੇ ਤਾਂ ਕੋਈ ਦੁਖ ਨੇੜੇ ਹੀ ਨਹੀਂ ਆਉਂਦਾ। ਮਾਇਆ ਦੇ ਭਰਮ ਨਹੀਂ ਰਹਿੰਦੇ ਤੇ ਮਨ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ। ਸੰਸਾਰ ਦੇ ਰੰਗ-ਤਮਾਸ਼ੇ ਬੇਸੁਆਦ ਹੋ ਜਾਂਦੇ ਹਨ ਤੇ ਪਦਾਰਥਾਂ ਦੀ ਥਾਂ ਪਰਮਾਤਮਾ ਦੀ ਕਾਮਨਾ ਦ੍ਰਿੜ੍ਹ ਹੋਣ ਲੱਗਦੀ ਹੈ। ਬਾਹਰ ਦੀ ਦੌੜ ਮੁੱਕਣ ਲੱਗ ਪੈਂਦੀ ਹੈ ਤੇ ਦ੍ਰਿਸ਼ਟੀ ਅੰਤਰ ਮਨ ਵੱਲ ਜਾਣ ਲੱਗਦੀ ਹੈ। ਅੰਤਰ-ਆਤਮੇ 'ਚ ਪਰਮਾਤਮਾ ਦੀ ਨੇੜਤਾ ਮਹਿਸੂਸ ਹੋਣੀ ਅਰੰਭ ਹੋ ਜਾਂਦੀ ਹੈ। ਮਨ ਜਿਨ੍ਹਾਂ ਰੰਗ-ਤਮਾਸ਼ਿਆਂ, ਪਦਾਰਥਾਂ ਨੂੰ ਆਪਣਾ ਸਹਾਈ ਸਮਝਦਾ ਰਿਹਾ ਹੈ ਉਨ੍ਹਾਂ ਦਾ ਪਾਜ ਲਹਿ ਜਾਉਂਦਾ ਹੈ ਤੇ ਸੱਚੇ "ਸਦਾ ਸਖਾਈ" ਦੀ ਪਛਾਣ ਹੁੰਦੀ ਹੈ। ਮਨ ਸਹਿਜ ਆਨੰਦ ਨਾਲ ਪ੍ਰਫੁੱਲਿਤ ਹੋ ਉਠਦਾ ਹੈ *ਛਾਵ ਘਣੀ ਫੂਲੀ ਬਨਰਾਇ॥ ਗੁਰਮੁਖਿ ਬਿਗਸੈ ਸਹਜਿ ਸੁਭਾਇ॥* ਅੰਤਰ ਆਤਮੇ 'ਚ ਪਰਮਾਤਮਾ ਦੀ ਪ੍ਰਤੀਤਿ ਸੰਘਣੀ ਛਾਂ ਵਰਗੀ ਤੇ ਰੰਗ-ਬਿਰੰਗੇ ਖਿੜੇ ਹੋਏ ਫੁੱਲਾਂ ਜਿਹੀ ਹੈ। ਭੌਤਿਕ ਪਦਾਰਥਾਂ ਨੂੰ ਪਾਉਣ ਦੀ ਬੇਚੈਨੀ ਦਾ ਅਲੋਪ ਹੋ ਜਾਣਾ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਸ਼ਾਂਤ ਚਿੱਤ ਹੋ ਪਰਮਾਤਮਾ ਦੀ ਰਜ਼ਾ 'ਚ ਰਹਿਣਾ ਤੇ ਉਸ ਦੇ ਨਿਆਂ 'ਤੇ ਵਿਸ਼ਵਾਸ ਕਰਨਾ ਅਨੰਦ ਤੇ ਸਹਿਜ ਦੀ ਅਵਸਥਾ ਨੂੰ ਬਣਾਈ ਰੱਖਦਾ ਹੈ। ਪਰਮਾਤਮਾ ਆਪ ਆਪਣੇ ਭਗਤ ਦੀ ਪੈਜ ਰੱਖਦਾ ਹੈ:

*ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ॥ ਸਤਿਗੁਰਿ ਤੁਮਰੇ ਕਾਜ ਸਵਾਰੇ॥*
*ਦੁਸਟ ਦੂਤ ਪਰਮੇਸਰਿ ਮਾਰੇ॥ ਜਨ ਕੀ ਪੈਜ ਰਖੀ ਕਰਤਾਰੇ॥* *(ਪੰਨਾ ੨੦੧)*

ਮਨ ਸਹਿਜ 'ਚ ਆਵੇ, ਬਾਹਰ ਦੇ ਰੰਗ-ਤਮਾਸ਼ਿਆਂ ਦਾ ਮੋਹ ਛੱਡ ਕੇ ਅੰਤਰ ਦੀ ਪ੍ਰੀਤ ਨੂੰ ਜਾਗ੍ਰਿਤ ਕਰੇ ਤਾਂ ਹੀ ਪਰਮੇਸ਼ਵਰ ਦੀ ਬਖ਼ਸ਼ਿਸ਼ ਪ੍ਰਾਪਤ ਕਰਨ ਜੋਗ ਬਣਦਾ ਹੈ। ਪਰਮਾਤਮਾ ਆਪ ਆਪਣੇ ਪਿਆਰੇ ਦੀ ਚਿੰਤਾ ਕਰਦਾ ਹੈ, ਸਾਰੇ ਉੱਦਮ ਸਫ਼ਲ ਹੁੰਦੇ ਹਨ, ਵਿਕਾਰਾਂ ਤੋਂ ਮੁਕਤੀ ਮਿਲਦੀ ਹੈ ਤੇ ਪਰਮਾਤਮਾ ਦੇ ਮਨ ਭਾਵਨ ਕਰਮ ਕਰਨ ਦੀ ਪ੍ਰੇਰਨਾ ਤੇ ਬਲ ਹਾਸਲ ਹੁੰਦਾ ਹੈ। ਗੁਰੂ ਦੀ ਆਗਿਆ ਮੰਨ ਸੀਸ ਅਰਪਣ ਕਰਨ ਵਾਲੇ ਪੰਜ ਸਿੱਖ, ਪੰਜ ਪਿਆਰੇ ਬਣ ਅਮਰ ਹੋ ਜਾਂਦੇ ਹਨ। ਇਤਿਹਾਸ ਇੱਕ ਦੋ ਨਹੀਂ ਅਣਗਿਣਤ ਮਿਸਾਲਾਂ ਨਾਲ ਭਰਿਆ ਪਿਆ ਹੈ। ਆਮ ਜ਼ਿੰਦਗੀ 'ਚ ਰੋਜ਼ ਹੀ ਅਜਿਹੀਆਂ ਸਫਲਤਾਵਾਂ ਵੇਖਣ ਨੂੰ ਮਿਲਦੀਆਂ ਹਨ ਜਿਨ੍ਹਾਂ ਦੀ ਆਸ ਚਿੱਤ ਚੇਤੇ ਵੀ ਨਹੀਂ ਹੁੰਦੀ। ਇਹ ਕਰਿਸ਼ਮੇ ਨਹੀਂ, ਪਰਮਾਤਮਾ ਦੀ ਮਿਹਰ ਦਾ ਪ੍ਰਮਾਣ ਹਨ। ਗੁਰਸਿੱਖ ਦਾ ਸੁਭਾਗ ਹੈ ਜੋ ਉਸ ਨੂੰ ਗਿਆਨ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਘਣੀ ਛਾਂ ਪ੍ਰਾਪਤ ਹੈ ਤੇ ਜੀਵਨ-ਜਾਚ ਲਈ ਕਿਧਰੇ ਹੋਰ ਭਟਕਣ ਦੀ ਲੋੜ ਨਹੀਂ। ਗੁਰੂ ਸ਼ਬਦ ਸਹਿਜ ਤੇ ਅਨੰਦ ਦਾ ਨਿਰਾ ਮਾਰਗ-ਦਰਸ਼ਕ ਹੀ ਨਹੀਂ ਪਿਆਰ ਨਾਲ ਮਨ ਦੇ ਇੱਕ-ਇੱਕ ਕੋਨੇ ਨੂੰ ਰੋਸ਼ਨ ਕਰਨ ਵਾਲਾ ਹੈ। ਗੁਰੂ ਸ਼ਬਦ ਜੀਵਨ ਨੂੰ ਹੀ ਬਦਲ ਵਾਲਾ ਹੈ:

*ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ॥*
*ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ॥* *(ਪੰਨਾ ੫੮੫)*

ਜੀਵਨ ਦਾ ਉੱਦੇਸ਼ ਹੈ ਹੰਸ ਦੀ ਅਵਸਥਾ ਧਾਰਨ ਕਰਨਾ, ਜੋ ਗਿਆਨ ਦੇ ਮਾਨਸਰੋਵਰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਗੁਣਾਂ ਦੇ ਮੋਤੀ ਚੁਣਦਾ ਰਹਿੰਦਾ ਹੈ। ਵਿਰਲੇ ਹੀ ਹੋਏ ਭਾਈ ਮਰਦਾਨਾ ਜੀ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਵਰਗੇ ਜੋ ਇਸ ਪੂਰਨ ਅਵਸਥਾ ਨੂੰ ਪ੍ਰਾਪਤ ਕਰ ਸਕੇ *ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ* ਪਰ ਇਸ 'ਚ ਨਿਰਾਸ਼ ਹੋਣ ਦੀ ਕੋਈ ਗੱਲ ਨਹੀਂ। ਮਨ ਜਿਵੇਂ-ਜਿਵੇਂ ਇਸ ਅਵਸਥਾ ਨੂੰ ਦ੍ਰਿੜ੍ਹ ਕਰਦਾ ਜਾਂਦਾ ਹੈ ਉਸੇ ਅਨੁਸਾਰ ਅਨੰਦ ਬਣਦਾ ਜਾਂਦਾ ਹੈ। ਮੋਤੀ ਤਾਂ ਚੁਗਦੇ ਹੀ ਰਹਿਣਾ ਹੈ। ਨਾਮ ਤਾਂ ਸਦਾ ਜਪਦੇ ਹੀ ਰਹਿਣਾ ਹੈ *ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ ਨਾਮੁ ਗੋਬਿੰਦ ਕਾ ਸਦਾ ਲੀਜੈ* ਮਨ ਦੀ ਚੰਚਲਤਾ, ਨੱਸ ਭੱਜ ਤੇ ਅੰਕੁਸ਼ ਲਈ ਨਿੱਤ ਦਾ ਅਭਿਆਸ ਚਾਹੀਦੈ *ਮਨ ਮੇਰਿਆ ਤੂ ਸਦਾ ਸਚੁ ਸਮਾਲਿ ਜੀਉ*

**ਤ੍ਰਿਸ਼ਨਾ:** ਮਨ ਦਾ ਵੱਡਾ ਰੋਗ ਜ਼ਿਆਦਾ ਤੋਂ ਜ਼ਿਆਦਾ ਅਧਿਕਾਰ ਤੇ ਵੱਡੇ ਤੋਂ ਵੱਡਾ ਤਖ਼ਤ ਹਾਸਲ ਕਰ ਲੈਣ ਦੀ ਲਾਲਸਾ ਹੈ। ਇਤਿਹਾਸ 'ਚ ਚਕਰਵਰਤੀ ਰਾਜਿਆਂ ਦਾ ਜ਼ਿਕਰ ਆਉਂਦਾ ਹੈ ਜੋ ਅਸ਼ਵਮੇਧ ਯੱਗ ਕਰ ਆਪਣੇ ਰਾਜ ਨੂੰ ਵਧਾਇਆ ਕਰਦੇ ਸਨ। ਸਿਕੰਦਰ, ਨੇਪੋਲੀਅਨ ਜਿਹੇ ਲੋਗ ਜਿਨ੍ਹਾਂ ਸਾਰੇ ਵਿਸ਼ਵ 'ਤੇ ਹਕੂਮਤ ਦਾ ਸੁਪਨਾ ਵੇਖਿਆ। ਅੱਜ ਵੀ ਸੰਸਾਰ ਦੀਆਂ ਵੱਡੀਆਂ ਤਾਕਤਾਂ ਨਿੱਕੇ ਦੇਸ਼ਾਂ ਨੂੰ ਆਪਣੇ ਦਬਾਅ ਹੇਠ ਰੱਖਣਾ ਚਾਹੁੰਦੀਆਂ ਹਨ। ਦੇਸ਼ਾਂ ਅੰਦਰ ਵਿਅਕਤੀ ਰਾਜ

ਸੱਤਾ 'ਤੇ ਸਦਾ ਲਈ ਕਾਬਜ਼ ਹੋਣ ਦੀ ਇੱਛਾ ਪੂਰਤੀ ਲਈ ਅਨਿਆਂ, ਜ਼ੁਲਮ ਕਰਨ ਤੋਂ ਵੀ ਨਹੀਂ ਹੱਟਦੇ। ਇਹ ਸਿਲਸਿਲਾ ਸਰਕਾਰ, ਸੰਸਥਾ, ਵਿਉਪਾਰ, ਸਮਾਜ ਤੇ ਪਰਵਾਰ ਤਕ ਇੱਕੋ ਤਰ੍ਹਾਂ ਚੱਲ ਰਿਹਾ ਹੈ। ਹੁਕਮ ਦੇਣਾ ਅਜਿਹੇ ਲੋਕਾਂ ਦਾ ਸਭ ਤੋਂ ਵੱਡਾ ਸੁਖ ਹੈ। ਇਸ ਦੇ ਮੂਲ 'ਚ ਹੰਕਾਰ ਹੈ। ਸੱਚ ਦਾ ਅੰਕੁਸ਼ ਨਾ ਹੋਵੇ ਤਾਂ ਹੰਕਾਰ ਵੱਧਦਾ ਜਾਂਦਾ ਹੈ ਤੇ ਹੁਕਮ ਦੇਣ, ਹੁਕਮ ਮਨਵਾਉਣ ਦਾ ਲੋਭ ਵੀ। ਇਸ ਕਾਰਨ ਮਨ ਸਦਾ ਅਸ਼ਾਂਤ ਰਹਿੰਦਾ ਹੈ ਤੇ ਵੈਰ-ਵਿਰੋਧ ਘੇਰੇ ਰਹਿੰਦੇ ਹਨ:

*ਅਹੰਬੁਧਿ ਪਰਬਾਦ ਨੀਤ ਲੋਭ ਰਸਨਾ ਸਾਦਿ॥*
*ਲਪਟਿ ਕਪਟਿ ਗ੍ਰਿਹਿ ਬੇਧਿਆ ਮਿਥਿਆ ਬਿਖਿਆਦਿ॥* *(ਪੰਨਾ ੮੧੦)*

ਸੰਸਾਰ ਅੰਦਰ ਜੋ ਜਿੰਨਾ ਤਾਕਤਵਰ ਮੰਨਿਆ ਜਾ ਰਿਹਾ ਹੈ ਉਹ ਉਤਨੇ ਹੀ ਵਾਦ-ਵਿਵਾਦਾਂ 'ਚ ਘਿਰਿਆ ਹੋਇਆ ਹੈ। ਉਸ ਦੇ ਜੀਵਨ 'ਚ ਉਤਨੇ ਹੀ ਦੁਖ ਅੱਗੇ ਆ ਰਿਹੇ ਹਨ *ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ* ਸੱਤਾ ਦਾ ਸੁਆਦ ਬੁਰੇ-ਭਲੇ ਦਾ ਫਰਕ ਕਰਨ ਜੋਗ ਨਹੀਂ ਰਹਿਣ ਦਿੰਦਾ:

*ਜੋ ਭਲਾਈ ਸੋ ਬੁਰਾ ਜਾਨੈ॥ ਸਾਚੁ ਕਹੈ ਸੋ ਬਿਖੈ ਸਮਾਨੈ॥*
*ਜਾਣੈ ਨਾਹੀ ਜੀਤ ਅਰੁ ਹਾਰ॥ ਇਹੁ ਵਲੇਵਾ ਸਾਕਤ ਸੰਸਾਰ॥*
*ਜੋ ਹਲਾਹਲ ਸੋ ਪੀਵੈ ਬਉਰਾ॥ ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ॥ (ਪੰਨਾ ੧੮੦)*

ਲੋਕਾਂ 'ਤੇ ਹਕੂਮਤ ਕਰਨ ਵਾਲਾ ਜਦੋਂ ਧਰਮ ਤੋਂ ਦੂਰ ਹੋ ਜਾਂਦਾ ਹੈ, ਅਨਿਆਈ ਹੋ ਜਾਂਦਾ ਹੈ। ਹਕੂਮਤ ਕਰਨ ਦਾ ਨਿੱਤ ਵੱਧਦਾ ਲੋਭ ਉਸ ਨੂੰ ਧਰਮ ਤੋਂ ਦੂਰ ਕਰ ਦਿੰਦਾ ਹੈ। ਇਸ ਲੋਭ ਕਾਰਨ ਉਸ ਨੂੰ ਭਲਾਈ ਦੇ ਵੀਚਾਰ ਮਾੜੇ ਲੱਗਦੇ ਹਨ ਤੇ ਸੱਚ ਬਿਖ ਦੇ ਸਮਾਨ। ਜਿਸ 'ਚ ਉਸ ਨੂੰ ਆਪਣੀ ਜਿੱਤ ਨਜ਼ਰ ਆਉਂਦੀ ਹੈ ਉਹ ਦਰਅਸਲ ਉਸ ਦੇ ਪਤਨ ਦਾ ਵਸੀਲਾ ਬਣਦਾ ਹੈ। ਲੋਕਾਂ ਨੂੰ ਆਪਣੇ ਅਧੀਨ ਕਰਨ ਦੀ ਲਾਲਸਾ ਕਾਰਨ ਉਹ ਮੰਦੇ ਤੋਂ ਮੰਦੇ ਕੰਮ ਕਰਨ ਨੂੰ ਤਿਆਰ ਹੋ ਜਾਂਦਾ ਹੈ। ਮਨੁੱਖੀ ਇਤਿਹਾਸ ਲੱਖਾਂ ਬੇਗੁਨਾਹ ਲੋਕਾਂ ਦੇ ਕਤਲ, ਨਸਲਕੁਸ਼ੀ, ਘੱਲੂਘਾਰਿਆਂ ਨਾਲ ਭਰਿਆ ਪਿਆ ਹੈ। ਨਿੱਤ ਲੋਕਾਂ ਨਾਲ ਅੰਨਿਆਂ, ਜੁਲਮ ਹੁੰਦੇ ਹਨ ਤੇ ਅਨਿਆਈ ਕੋਲ ਇਸ ਨੂੰ ਸਹੀ ਸਾਬਤ ਕਰਨ ਲਈ ਕਿੰਨੇ ਹੀ ਤਰਕ ਹੁੰਦੇ ਹਨ। ਇਹ ਧਰਮ ਦਾ ਰਾਹ ਨਹੀਂ। ਧਰਮ ਹੁਕਮ ਦੇਣਾ ਨਹੀਂ ਆਗਿਆ 'ਚ ਰਹਿਣਾ ਸਿਖਾਉਂਦਾ ਹੈ:

*ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ॥*
*ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ॥*
*ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ॥*
*ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥* *(ਪੰਨਾ ੧੦੦੦)*

ਮਨ ਦਾ ਧਰਮ ਹੈ ਸਦਾ ਪਰਮਾਤਮਾ ਦੀ ਅਧੀਨਤਾ ਅੰਦਰ ਰਹਿਣਾ ਭਾਵ ਦਾਸ ਭਾਵ ਧਾਰਨ ਕਰਨਾ। ਸੱਚ ਦੇ ਮਾਰਗ 'ਤੇ ਚੱਲਣ ਤੋਂ ਕਦੇ ਵੀ ਪਿਛਾਂਹ ਨਹੀਂ

ਹਟਣਾ। ਮਾਇਆ, ਮੋਹ ਤੇ ਵਿਕਾਰਾਂ ਤੋਂ ਸਦਾ ਹੀ ਸੁਚੇਤ ਰਹਿ ਕੇ ਜੀਵਨ ਜਿਊਣਾ। ਮਨ ਦਾ ਇਹ ਧਰਮ ਕੋਈ ਬੇਬਸੀ ਜਾਂ ਲਾਚਾਰੀ ਨਹੀਂ। ਇਹ ਤਾਂ ਸਹਜ ਸੁਭਾਉ ਹੈ। ਇਸ ਸੁਭਾਉ ਕਾਰਨ ਮਨ ਸਦਾ ਸੱਚ ਦੇ ਮਾਰਗ 'ਤੇ ਚੱਲਣ ਲਈ ਚਾਉ ਨਾਲ ਭਰਿਆ ਰਹਿੰਦਾ ਹੈ। ਮਨ ਨੂੰ ਕੋਠੀਆਂ, ਕਾਰਾਂ, ਪਾਰਟੀਆਂ, ਸੈਰ-ਸਪਾਟੀਆਂ, ਹਕੂਮਤ ਕਰਨ 'ਚ ਅਨੰਦ ਨਹੀਂ ਆਉਂਦਾ। ਉਸ ਦਾ ਅਨੰਦ ਤਾਂ ਨਿਉਂ ਕੇ ਚੱਲਣ ਤੇ ਸਭਨਾਂ ਦਾ ਭਲਾ ਕਰਨ 'ਚ ਹੈ। ਜੋ ਮਨ ਪਰਮਾਤਮਾ ਦੀ ਆਗਿਆ ਹੇਠ ਆ ਗਿਆ ਉਸ ਨੂੰ ਘਟ ਘਟ ਅੰਦਰ ਪਰਮਾਤਮਾ ਦਾ ਰੂਪ ਨਜ਼ਰ ਆਉਣ ਲੱਗ ਪੈਂਦਾ ਹੈ ਤੇ ਮਨ ਠਹਿਰ ਜਾਂਦਾ ਹੈ। ਪਰਮਾਤਮਾ ਦੀ ਸਰਵ-ਵਿਆਪਕਤਾ ਦੇਖਣ ਦਾ ਅਭਿਆਸ ਮਨ ਦੇ ਟਿਕਣ ਦਾ ਅਭਿਆਸ ਹੈ। ਜੇ ਪਰਮਾਤਮਾ ਦਾ ਸਰਵ-ਵਿਆਪੀ ਰੂਪ ਦੇਖਣ ਦਾ ਸੰਕਲਪ ਨਹੀਂ ਹੈ , ਮਨ ਨਹੀਂ ਟਿਕੇਗਾ। ਭੋਗ-ਵਿਲਾਸ, ਹਕੂਮਤ, ਤਾਕਤ ਹੁੰਦਿਆਂ ਵੀ ਮਨ ਨਹੀਂ ਟਿਕੇਗਾ। ਅਜਿਹਾ ਮਨ ਪਰਮਾਤਮਾ ਦੀ ਸ਼ਰਨ ਤੇ ਕਿਰਪਾ ਜੋਗ ਤਾਂ ਬਿਲਕੁਲ ਹੀ ਨਹੀਂ। ਜਿਸ ਨੂੰ ਬਾਹਰ ਪਰਮਾਤਮਾ ਨਹੀਂ ਦਿੱਸ ਰਿਹਾ ਉਸ ਦੇ ਮਨ ਅੰਦਰ ਪਰਮਾਤਮਾ ਦੀ ਗੱਲ ਨਿਰਾ ਢੌਂਗ ਹੈ *ਜਹ ਭੀਤਰਿ ਘਟ ਭੀਤਰਿ ਬਸਿਆ ਬਾਹਰਿ ਕਾਹੇ ਨਾਹੀ* ਇਹ ਸਵਾਲ ਗੁਰੂ ਨਾਨਕ ਸਾਹਿਬ ਕਰਦੇ ਹਨ। ਬਾਹਰਲਾ ਆਚਰਣ ਅੰਦਰ ਦੇ ਪਰਮਾਤਮਾ ਨੂੰ ਪ੍ਰਗਟ ਕਰਦਾ ਹੈ। ਪਰਮਾਤਮਾ ਦੀ ਅੰਦਰ ਤੇ ਬਾਹਰ ਪ੍ਰਤੀਤਿ ਮਨ ਦੀ ਭਟਕਣ ਮਿਟਾ ਦਿੰਦੀ ਹੈ *ਨਾ ਮਨੁ ਚਲੈ ਨ ਪਉਣੁ ਉਡਾਵੈ॥ ਜੋਗੀ ਸਬਦੁ ਅਨਾਹਦੁ ਵਾਵੈ॥* ਪਰਮਾਤਮਾ ਦੀ ਆਗਿਆ 'ਚ ਰਹਿਣਾ ਆ ਜਾਏ ਤਾਂ ਆਗਿਆ ਦੇਣ ਦੀ ਭੁੱਖ ਜਾਂਦੀ ਰਹਿੰਦੀ ਹੈ।

**ਮੋਹ:** ਮਨ ਠਹਿਰਦਾ ਹੈ ਤਾਂ ਹੀ ਸਮਝ ਆਉਂਦਾ ਹੈ ਕਿ ਜਿਸ ਘਰ-ਬਾਰ, ਸਨਬੰਧੀਆਂ, ਮਿੱਤਰਾਂ, ਭੌਤਿਕ ਪਦਾਰਥਾਂ ਦੇ ਹਾਸਲ ਕਰ ਲਏ ਢੇਰ, ਰੁਤਬੇ, ਸਮਾਜਿਕ-ਰਾਜਸੀ ਤਾਕਤ ਨੂੰ ਆਪਣਾ ਕਰ ਕੇ ਮੰਨਦੇ ਆਏ ਹਾਂ ਉਹ ਭੁਲੇਖਾ-ਮਾਤਰ ਹਨ। ਮਿਥਿਆ ਸੰਸਾਰ ਨੂੰ ਆਪਣਾ ਮੰਨਣਾ ਮਨ ਦੀ ਬੇਚੈਨੀ ਦੀ ਇਹ ਬਹੁਤ ਵੱਡੀ ਵਜਹ ਹੈ। ਮਨੁੱਖ ਦਾ ਸਾਰਾ ਜੀਵਨ ਇਨ੍ਹਾਂ ਨੂੰ ਪ੍ਰਾਪਤ ਕਰਨ ਤੇ ਬਣਾਈ ਰੱਖਣ 'ਚ ਹੀ ਬਤੀਤ ਹੋ ਜਾਂਦਾ ਹੈ ਆਦਿ ਕਾਲ ਤੋਂ ਹੀ 'ਮੇਰਾ ਮੇਰਾ' ਸੰਸਾਰ ਦੇ ਸਾਰੇ ਝਗੜਿਆਂ ਦੀ ਜੜ੍ਹ ਰਿਹਾ ਹੈ। ਜਿਸ ਕੋਲ ਜੋ ਕੁਝ ਵੀ ਹੈ ਉਸ ਨੂੰ ਇਵੇਂ ਸੰਭਾਲ ਕੇ ਰੱਖ ਰਿਹਾ ਹੈ ਜਿਵੇਂ ਨਾ ਜੀਵਨ ਮੁੱਕਣਾ ਹੈ ਨਾ ਇਨ੍ਹਾਂ ਨੇ। ਸੋਨੇ ਦੀ ਲੰਕਾ ਨਾ ਰਹੀ, ਸੌ ਪੁੱਤਰਾਂ ਵਾਲਾ ਕੌਰਵਾਂ ਦਾ ਖ਼ਾਨਦਾਨ ਨਾ ਰਿਹਾ। ਵੱਡੇ-ਵੱਡੇ ਰਾਜੇ, ਸੂਰਬੀਰ ਚਲੇ ਗਏ। ਗਿਆਨੀ-ਧਿਆਨੀ ਨਾ ਰਹੇ। ਇਹ ਸਭ ਕੁਝ ਜਾਣਦਿਆਂ ਹੋਇਆਂ ਵੀ ਮਨੁੱਖ ਦੀ ਤ੍ਰਿਸ਼ਨਾ ਤੇ ਲਾਲਸਾ ਨਹੀਂ ਘੱਟ ਹੁੰਦੀ। ਮਨ ਦਾ ਲੋਭ ਬਣਿਆ ਰਹਿੰਦਾ ਹੈ *ਹਮਰਾ ਚਿਤੁ ਲੁਭਤ ਮੋਹਿ ਬਿਖਿਆ ਬਹੁ ਦੁਰਮਤਿ ਮੈਲੁ ਭਰਾ* ਗੁਰੂ ਨਾਨਕ ਸਾਹਿਬ ਨੇ *ਏਕ ਤੁਹੀ ਏਕ ਤੁਹੀ* ਦੀ ਦ੍ਰਿਸ਼ਟੀ ਦੇ ਮਨ ਦੀ ਅਵਸਥਾ ਨੂੰ ਬਦਲ ਦਿੱਤਾ, ਸੰਸਾਰ ਅੰਦਰ

ਮਨੁੱਖ ਵਸਤਰ-ਵਿਹੀਨ ਆਉਂਦਾ ਹੈ ਤੇ ਜਾਂਦਾ ਵੀ ਇਵੇਂ ਹੀ ਹੈ। ਪਰਮਾਤਮਾ ਨੇ ਉਸ ਦੇ ਲੇਖ ਪਹਿਲਾਂ ਹੀ ਲਿਖ ਦਿੱਤੇ ਹਨ, ਜੋ ਉਸ ਨੇ ਭੋਗਣੇ ਹਨ:

*ਬਾਬਾ ਨਾਂਗੜਾ ਆਇਆ ਜਗ ਮਹਿ ਦੁਖੁ ਸੁਖੁ ਲੇਖੁ ਲਿਖਾਇਆ॥*
*ਲਿਖਿਅੜਾ ਸਾਹਾ ਨਾ ਟਲੈ ਜੇਹੜਾ ਪੁਰਬਿ ਕਮਾਇਆ॥*
*ਬਹਿ ਸਾਚੈ ਲਿਖਿਆ ਅੰਮ੍ਰਿਤੁ ਬਿਖਿਆ ਜਿਤੁ ਲਾਇਆ ਤਿਤੁ ਲਾਗਾ॥*
*ਕਾਮਣਿਆਰੀ ਕਾਮਣ ਪਾਏ ਬਹੁ ਰੰਗੀ ਗਲਿ ਤਾਗਾ॥*
*ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ ਮਖੀ ਖਾਇਆ॥*
*ਨਾ ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ॥ (ਪੰਨਾ ੫੮੨)*

ਮਨੁੱਖ ਆਪਣੀ ਕਿਸਮਤ ਆਪ ਲਿਖਣ ਦਾ ਭਰਮ ਪਾਲ ਬਹਿੰਦਾ ਹੈ। ਉਸ ਨੂੰ ਇਹ ਚੇਤੇ ਨਹੀਂ ਰਹਿੰਦਾ ਕਿ ਪਰਮਾਤਮਾ ਦੇ ਲਿਖੇ ਹੋਏ ਲੇਖ ਅਟੱਲ ਹਨ। ਆਪਣੇ ਪੂਰਬਲੇ ਕਰਮਾਂ ਦਾ ਲੇਖਾ-ਜੋਖਾ ਉਸ ਨੂੰ ਇਸ ਜੀਵਨ 'ਚ ਚੁਕਾਉਣਾ ਹੀ ਹੈ। ਇਸ ਤੋਂ ਉਹ ਬਚ ਨਹੀਂ ਸਕਦਾ। ਮਨ ਜਦੋਂ ਮੇਰਾ ਮੇਰਾ ਦੀ ਹੋਛੀ ਮਤਿ ਧਾਰਨ ਕਰ ਲਵੇ ਤਾਂ ਉਹ ਮਾਇਆ ਦੇ ਮੋਹ 'ਚ ਸਭ ਕੁਝ ਵਿਸਾਰ ਦਿੰਦਾ ਹੈ। ਪਾਪ ਕਰਮ ਉਸ ਨੂੰ ਭਲੇ ਪ੍ਰਤੀਤ ਹੁੰਦੇ ਹਨ। ਉਹ ਜੀਵਨ ਦੀ ਮਰਿਆਦਾ ਤੋਂ ਦੂਰ ਹੀ ਰਹਿੰਦਾ ਹੈ। ਇਸ ਕਾਰਨ ਉਸ ਦਾ ਸਾਰਾ ਜੀਵਨ ਬਿਰਥਾ ਚਲਾ ਜਾਂਦਾ ਹੈ। ਮਨੁੱਖ ਦੀ ਮੱਤ ਹੀ ਉਸ ਦੇ ਜੀਵਨ ਦਾ ਨਿਰਣਾ ਕਰਦੀ ਹੈ। ਮਨ ਦੀ ਮੱਤ ਹੀ ਸੰਸਾਰ ਤੇ ਜੀਵਨ ਦੀ ਸੱਚਾਈ ਤਕ ਪਹੁੰਚਾਉਂਦੀ ਹੈ:

*ਰੇ ਨਰ ਇਹ ਸਾਚੀ ਜੀਅ ਧਾਰਿ॥*
*ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ॥ (ਪੰਨਾ ੬੩੩)*

ਸੰਸਾਰ ਇਕ ਸੁਪਨਾ ਹੈ। ਇਹ ਸੁਪਨਾ ਕਦੋਂ ਟੁੱਟ ਜਾਏ ਕਿਹਾ ਨਹੀਂ ਜਾ ਸਕਦਾ। ਮਨੁੱਖੀ ਜੀਵਨ ਥਿਰ ਨਹੀਂ ਹੈ। ਮੋਹ 'ਚ ਸਮਝ ਹੀ ਨਹੀਂ ਆਉਂਦਾ ਕਿ ਜੀਵਨ ਰੁਲਦਾ ਜਾ ਰਿਹਾ ਹੈ। ਸੁਪਨਾ ਟੁੱਟਣ ਤੋਂ ਬਾਅਦ ਝੋਲੀ ਖਾਲੀ ਮਿਲਣੀ ਹੈ:

*ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ॥*
*ਊਚੇ ਮੰਦਰ ਸੁੰਦਰ ਛਾਇਆ॥*
*ਝੂਠੇ ਲਾਲਚਿ ਜਨਮੁ ਗਵਾਇਆ॥ (ਪੰਨਾ ੧੭੫)*

ਦੁਰਲੱਭ ਜੀਵਨ ਲੋਭ, ਤ੍ਰਿਸ਼ਨਾ, ਮੋਹ 'ਚ ਗੁਆ ਦੇਣਾ ਬੇਸ਼ਕੀਮਤੀ ਹੀਰੇ ਦਾ ਹੱਥੋਂ ਚਲੇ ਜਾਣਾ ਹੈ। ਜੀਵਨ ਅੰਦਰ ਆਇਆ ਕੋਈ ਮੌਕਾ ਬਿਰਥਾ ਚਲਾ ਜਾਏ ਤਾਂ ਮਨ ਸ਼ੋਕ ਨਾਲ ਭਰ ਉੱਠਦਾ ਹੈ। ਹੌਂਸਲਾ ਡਿੱਗ ਜਾਂਦਾ ਹੈ। ਇਹ ਅਤਿ ਦੁਖਦਾਈ ਹੈ ਜੇ ਜੀਵਨ ਬਿਰਥਾ ਚਲਾ ਜਾਏ ਜੀਵਨ ਦੀ ਸੰਭਾਲ ਲਈ ਮਨ ਅੰਦਰ ਧੀਰਜ ਤੇ ਸਹਿਜ ਚਾਹੀਦੈ। ਗੁਰਬਾਣੀ ਹੀ ਇਸ 'ਚ ਸਹਾਇਕ ਹੈ ਗੁਰਬਾਣੀ ਪਰਮੇਸ਼ਵਰ ਨਾਲ ਜੋੜਨ ਵਾਲੀ ਹੈ *ਤ੍ਰਿਕੁਟੀ ਛੂਟੀ ਬਿਮਲ ਮਝਾਰਿ॥ ਗੁਰ ਕੀ ਮਤਿ ਜੀਇ ਆਈ*

*ਕਾਰਿ॥*

**ਸਹਿਜ ਦਾ ਬੂਟਾ:** ਗੁਰਸਿੱਖ ਦਾ ਨਿੱਤਨੇਮ ਸ਼ਬਦ ਅੰਮ੍ਰਿਤ ਰਾਹੀਂ ਮਨ ਅੰਦਰ ਸਹਿਜ ਦੇ ਬੂਟੇ ਨੂੰ ਪਾਣੀ ਦੇਣਾ ਹੈ। ਗੁਰਬਾਣੀ ਦਾ ਇੱਕ-ਇੱਕ ਸ਼ਬਦ ਬੇਅੰਤ ਗੁਣਾਂ ਦੇ ਸੁਆਮੀ ਪਰਮਾਤਮਾ ਦੇ ਵੱਖਰੇ-ਵੱਖਰੇ ਰੰਗ ਖੋਲਣ ਵਾਲਾ ਹੈ ਤੇ ਉਸ ਪ੍ਰਤੀ ਪਿਆਰ ਵਧਾਉਣ ਵਾਲਾ ਹੈ। ਇਨ੍ਹਾਂ ਰੰਗਾਂ ਨੂੰ ਵੇਖਣ ਲਈ ਧੀਰਜ ਚਾਹੀਦੈ। ਆਪਣੇ ਜੀਵਨ ਦੇ ਹਰ ਪਲ ਪਰਮਾਤਮਾ ਦੀ ਪ੍ਰੀਤ 'ਚ ਜੀਵਨ ਦੀ ਜਾਚ ਸਿੱਖਣੀ ਪੈਂਦੀ ਹੈ *ਰੈਨਿ ਦਿਨਸੁ ਪ੍ਰਭ ਸੇਵ ਕਮਾਨੀ* ਮਨ ਅੰਦਰ ਨਿਰੰਤਰ ਪ੍ਰਭੂ ਪ੍ਰੇਮ ਦਾ ਰੰਗ ਗੂੜ੍ਹਾ ਹੁੰਦਾ ਰਹੇ ਤਾਂ ਸੰਸਾਰਕ ਨੱਸ ਭੱਜ ਨਹੀਂ ਰਹੇਗੀ:

*ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ॥*
*ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ॥*
*ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ॥*
*ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ॥* *(ਪੰਨਾ ੮੦੮)*

ਗੁਰ ਸ਼ਬਦ ਹੀ ਮਨ ਨੂੰ ਤ੍ਰਿਪਤ ਕਰਨ 'ਚ ਸਮਰੱਥ ਹੈ। ਮਨ ਜਦੋਂ ਗੁਰਬਾਣੀ ਨਾਲ ਪ੍ਰੀਤ ਪਾ ਲਵੇ , ਪ੍ਰਭੂ ਦੀ ਵਡਿਆਈ ਦੇਖ ਵਿਸਮਾਦ ਹੋਣ ਲੱਗ ਪਵੇ ਤਾਂ ਜੀਵਨ ਸਹਿਜ ਵੱਲ ਵੱਧਣ ਲੱਗ ਪਵੇਗਾ। ਸੰਸਾਰਕ ਪਦਾਰਥਾਂ, ਰੰਗ-ਤਮਾਸ਼ਿਆਂ, ਤਾਕਤ, ਸ਼ਕਤੀ ਦਾ ਮੋਲ ਲਗਾਇਆ ਜਾ ਸਕਦੈ, ਪਰ ਗੁਰ ਸ਼ਬਦ ਅਨਮੋਲ ਹੈ *ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ* ਭੌਤਿਕ ਪਦਾਰਥ, ਸ਼ਕਤੀਆਂ ਰਹਿਣ ਜਾਂ ਨਾ ਰਹਿਣ ਗੁਰ ਸ਼ਬਦ 'ਚ ਰੰਗਿਆ ਮਨ ਸਦਾ ਸਹਿਜ ਤੇ ਆਨੰਦ 'ਚ ਰਹਿੰਦਾ ਹੈ। ਵਡਭਾਗੀ ਹਨ ਜਿਨ੍ਹਾਂ ਦੇ ਮਨ ਅੰਦਰ ਗੁਰ ਸ਼ਬਦ ਦੀ ਪ੍ਰੀਤਿ ਬਣ ਆਈ ਹੈ:

*ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ॥* *(ਪੰਨਾ ੧੦੧੦)*

ਅੰਦਰ ਦੇ ਵਿਕਾਰ ਸ਼ਾਂਤ ਹੋਣ, ਬਾਹਰ ਦੀ ਨੱਸ-ਭੱਜ ਠਹਿਰੇ, ਸੁਖ ਵਰਤੇ, ਇਸ ਲਈ ਗੁਰ ਸ਼ਬਦ ਦੀ ਸ਼ਕਤੀ ਰਾਹੀਂ ਸਹਿਜ ਵਿਕਸਿਤ ਕਰਨ ਦੀ ਲੋੜ ਹੈ। ਇਹ ਜੀਵਨ ਸਫਲਤਾ ਦਾ ਅਦੁੱਤੀ ਮਾਰਗ ਹੈ। ਜਿਤਨਾ ਸਮਾਂ ਮਨ ਗੁਰ ਸ਼ਬਦ ਨਾਲ ਜੁੜਿਆ ਹੋਇਆ ਹੈ ਉਹ ਸਮਾਂ ਹੀ ਪੁੰਨ ਫਲਦਾਈ ਹੈ। ਇਹ ਨਿੱਤ ਕਰਮ ਨਹੀਂ ਮਨ ਦਾ ਮੁੱਖ ਕਰਮ ਹੈ *ਸ੍ਰਵਣੀ ਕੀਰਤਨੁ ਸਿਮਰਨੁ ਸੁਆਮੀ ਇਹੁ ਸਾਧ ਕੋ ਆਚਾਰੁ* ਜੇ ਮੁੱਖ ਕਰਮ ਲਈ ਸਮਾਂ ਨਹੀਂ ਤਾਂ ਸੁਖ ਕਿਵੇਂ ਉਪਜੇਗਾ।

■

# ਸੋ ਸਿਖੁ ਸਖਾ ਬੰਧਪੁ ਹੈ ਭਾਈ. . .

*-ਡਾ. ਗੁਰਵਿੰਦਰ ਕੌਰ**

ਸਾਡੇ ਕੋਲ ਗੁਰਸਿੱਖੀ ਜੀਵਨ ਬਾਰੇ ਜਾਣਨ ਦੇ ਮੁੱਖ ਚਾਰ ਸ੍ਰੋਤ ਹਨ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਸਿੱਖ ਰਹਿਤ ਮਰਯਾਦਾ ਅਤੇ ਵਿਦਵਾਨਾਂ ਦੀਆਂ ਲਿਖਤਾਂ, ਪਰੰਤੂ 'ਸਿੱਖ' ਦੀ ਪਰਿਭਾਸ਼ਾ ਲਈ ਪ੍ਰਮੁੱਖ ਸ੍ਰੋਤ ਤੇ ਪਹਿਲੀ ਕਸਵੱਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਸਿੱਖ ਰਹਿਤ ਮਰਯਾਦਾ ਹੀ ਹੈ। ਭਾਈ ਗੁਰਦਾਸ ਜੀ ਅਤੇ ਹੋਰ ਵਿਦਵਾਨਾਂ ਦੁਆਰਾ ਸਿੱਖ ਦੀ ਉਪਮਾ ਵਿਚ ਕਹੇ ਕਥਨਾਂ ਦਾ ਆਧਾਰ 'ਸਿੱਖ'[੧] ਦੀ ਪਰਿਭਾਸ਼ਾ ਲਈ ਪ੍ਰਮੁੱਖ ਸ੍ਰੋਤ ਤੇ ਪਹਿਲੀ ਕਸਵੱਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਹੈ ਕਿਉਂਕਿ ਭਾਈ ਗੁਰਦਾਸ ਜੀ ਅਤੇ ਹੋਰ ਵਿਦਵਾਨਾਂ ਦੁਆਰਾ ਸਿੱਖ ਦੀ ਉਪਮਾ ਵਿਚ ਕਹੇ ਕਥਨਾਂ ਦਾ ਆਧਾਰ ਗੁਰਬਾਣੀ ਵਿਚ ਉਲੀਕਿਆ ਸਿੱਖ ਦਾ ਸਰੂਪ ਹੈ। ਸਿੱਖ ਦੇ ਜੀਵਨ ਦਾ ਆਦਰਸ਼ ਗੁਰੂ ਦੀ ਆਗਿਆ ਦਾ ਪਾਲਣ ਕਰਨਾ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਕਥਨ- *ਸਿਖੀ ਸਿਖਿਆ ਗੁਰ ਵੀਚਾਰਿ* ਦੀ ਪ੍ਰੋੜ੍ਹਤਾ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਾ ਭਾਵ ਗੁਆ ਕੇ ਸੱਚੇ ਦਿਲੋਂ ਕੇਵਲ ਗੁਰੂ ਦੇ ਪਰਾਇਣ ਹੋਣ ਵਾਲੇ ਮਨੁੱਖ ਨੂੰ 'ਸਿੱਖ' ਪ੍ਰਵਾਨ ਕੀਤਾ ਹੈ:

*ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥*
*ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੈ॥*
*ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ॥*
*ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥*
*ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥* *(ਪੰਨਾ ੯੧੯)*

ਆਪ ਜੀ ਨੇ ਸਿੱਖ ਦਾ ਲੱਛਣ ਗੁਰੂ ਦੇ ਭਾਣੇ ਵਿਚ ਆਉਣਾ ਨਿਸਚਿਤ ਕੀਤਾ ਹੈ, ਕਿਉਂਕਿ ਭਾਣਾ ਮੰਨਣਾ ਉਸ ਦੇ ਵਿਅਕਤੀਤਵ ਦਾ ਕੇਂਦਰੀ ਧੁਰਾ ਹੈ:

*ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥* *(ਪੰਨਾ ੬੦੧)*

ਗੁਰੂ ਦੀ ਆਗਿਆ ਦਾ ਪਾਲਣ ਕਰਨਾ ਸਿੱਖ ਦੇ ਜੀਵਨ ਦਾ ਆਦਰਸ਼ ਹੈ। ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਵਿਚਾਰ ਦੀ ਪੁਸ਼ਟੀ ਕੀਤੀ ਹੈ:

*-ਗੁਰਸਿਖ ਮੀਤ ਚਲਹੁ ਗੁਰ ਚਾਲੀ॥*
*ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥* *(ਪੰਨਾ ੬੬੭)*
*-ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ॥* *(ਪੰਨਾ ੧੦੦੦)*

ਇੱਥੇ ਇਹ ਸਪਸ਼ਟ ਕਰ ਦੇਣਾ ਪ੍ਰਸੰਗਿਕ ਜਾਪਦਾ ਹੈ ਕਿ ਗੁਰੂ ਤੋਂ ਬਗੈਰ ਸਿੱਖ

**ਪਿੰਡ ਤੇ ਡਾਕਖਾਨਾ: ਸੂਲਰ, ਜ਼ਿਲ੍ਹਾ ਪਟਿਆਲਾ। ਮੋ: +੯੧੯੮੧੪੫-੩੮੨੮੮*

ਦੀ ਹੋਂਦ ਦਾ ਕੋਈ ਅਰਥ ਨਹੀਂ, ਕਿਉਂਕਿ ਸਿੱਖ ਦੇ ਅਰਥ ਹਨ: ਗੁਰੂ ਦੀ ਸਿੱਖਿਆ ਲੈ ਕੇ, ਗੁਰੂ ਦੇ ਹੁਕਮ ਅਨੁਸਾਰ ਆਪਣੇ ਜੀਵਨ ਨੂੰ ਢਾਲਣਾ। ਇਸ ਲਈ ਗੁਰੂ ਦੀ ਮਹਾਨ ਸ਼ਖ਼ਸੀਅਤ ਹਰ ਸਮੇਂ ਸਿੱਖ ਦੇ ਜੀਵਨ ਦੀ ਅਗਵਾਈ ਕਰਦੀ ਹੈ ਤੇ ਆਤਮਿਕ ਪੱਖ ਤੋਂ ਉਸਾਰੀ ਕਰਦੀ ਹੈ। ਡਾ. ਦੀਵਾਨ ਸਿੰਘ ਅਨੁਸਾਰ, "ਗੁਰੂ ਤੋਂ ਭਾਵ ਉਹ ਮਹਾਨ ਆਤਮਿਕ ਸ਼ਕਤੀ ਹੈ ਜੋ ਪਰਮਾਤਮਾ ਵੱਲੋਂ ਮਨੁੱਖ ਮਾਤਰ ਦੇ ਕਲਿਆਣ ਵਾਸਤੇ ਸਦੀਵ ਕਾਲ ਲਈ ਨਿਸ਼ਚਿਤ ਹੋਈ ਹੈ।[੨] ਭਾਰਤੀ ਧਾਰਮਿਕ ਪ੍ਰਣਾਲੀ ਵਿਚ ਗੁਰੂ ਸ਼ਬਦ ਦਾ ਪ੍ਰਯੋਗ ਪ੍ਰਾਚੀਨ ਕਾਲ ਤੋਂ ਹੁੰਦਾ ਆ ਰਿਹਾ ਹੈ, ਪਰ ਸਿੱਖ ਧਰਮ ਵਿਚ ਇਸ ਦਾ ਵਿਸ਼ੇਸ਼ ਅਰਥ ਅਤੇ ਮਹੱਤਤਾ ਹੈ। ਭਾਈ ਜੋਧ ਸਿੰਘ ਲਿਖਦੇ ਹਨ, "ਨਿਰੰਕਾਰ ਵੱਲੋਂ ਦਾਤ ਦੇ ਕੇ ਜੋ ਪੁਰਖ ਸੰਸਾਰ ਵਿਚ ਧਰਮ ਪਰਗਟ ਕਰਨ ਲਈ ਘੱਲੇ ਗਏ, ਸਿੱਖ ਧਰਮ ਵਿਚ 'ਗੁਰੂ' ਪਦ ਉਨ੍ਹਾਂ ਲਈ ਹੀ ਮਖਸੂਸ ਹੈ।"[੩] ਸਤਿਗੁਰੂ ਅਕਾਲ ਪੁਰਖ ਦੇ ਹੁਕਮ ਅਨੁਸਾਰ ਸੰਸਾਰ ਵਿਚ ਆ ਕੇ ਆਤਮਿਕ ਉਨਤੀ ਦਾ ਰਾਹ ਪਰਗਟ ਕਰਦੇ ਹਨ।[੪] ਭੱਟ ਸਾਹਿਬਾਨ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਕਾਲ ਪੁਰਖ ਦੇ ਗੁਰੂ ਰੂਪ ਦਾ ਸਾਕਾਰ ਰੂਪ ਪ੍ਰਵਾਨ ਕੀਤਾ ਹੈ। ਗੁਰੂ ਸਾਹਿਬਾਨ ਨੂੰ ਅਕਾਲ ਪੁਰਖ ਦਾ ਰੂਪ ਜਾਂ 'ਪਰਤਖ ਹਰਿ' ਇਸ ਲਈ ਆਖਿਆ ਗਿਆ ਹੈ ਕਿਉਂਕਿ ਉਨ੍ਹਾਂ ਨੇ ਪਰਮ-ਸਤਿ ਅਕਾਲ ਪੁਰਖ ਦਾ ਅਨੁਭਵ ਕਰ ਲਿਆ ਸੀ ਅਤੇ ਇਸ ਅਨੁਭਵ ਨੂੰ ਉਨ੍ਹਾਂ ਨੇ ਬਾਣੀ ਰਾਹੀਂ ਦਰਸਾਇਆ ਹੈ। ਸਿੱਖ ਚਿੰਤਨ ਅਨੁਸਾਰ ਬਾਣੀ ਤੇ ਗੁਰੂ ਵਿਚ ਕੋਈ ਅੰਤਰ ਪ੍ਰਵਾਨ ਨਹੀਂ ਕੀਤਾ ਗਿਆ, ਕਿਉਂਕਿ ਗੁਰੂ ਆਪਣੇ ਸ਼ਬਦ, ਉਪਦੇਸ਼, ਬਾਣੀ ਅਤੇ ਬਚਨ ਨਾਲ ਇਕ ਰੂਪ ਹਨ:

*-ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥* *(ਪੰਨਾ ੯੮੨)*
*-ਸਤਿਗੁਰ ਬਚਨ ਬਚਨ ਹੈ ਸਤਿਗੁਰ . . . ॥* *(ਪੰਨਾ ੧੩੦੯)*

ਸਿੱਖ ਧਰਮ ਵਿਚ 'ਗੁਰੂ' ਕੇਵਲ ਦਸ ਗੁਰੂ ਸਾਹਿਬਾਨ ਅਤੇ 'ਗੁਰੂ ਗ੍ਰੰਥ'-'ਗੁਰੂ ਪੰਥ' ਨੂੰ ਹੀ ਮੰਨਿਆ ਗਿਆ ਹੈ।

ਸਿੱਖ ਚਿੰਤਨ ਅਨੁਸਾਰ ਗੁਰੂ ਦੇ ਰਸਤੇ 'ਤੇ ਚੱਲਦਿਆਂ ਵਾਹਿਗੁਰੂ ਦੇ ਨਾਮ ਦੀ ਸੋਝੀ ਹੁੰਦੀ ਹੈ ਅਤੇ ਪਰਮ ਸਤਿ ਦਾ ਅਨੁਭਵ ਹੁੰਦਾ ਹੈ। ਜਿਹੜਾ ਸਿੱਖ ਪੂਰਨ ਭਰੋਸਾ ਕਰ ਕੇ ਆਪਣਾ ਆਪਾ ਗੁਰੂ ਨੂੰ ਸਮਰਪਣ ਕਰ ਦਿੰਦਾ ਹੈ, ਉਸ 'ਤੇ ਗੁਰੂ ਆਪਣੀ ਬਖਸ਼ਿਸ਼ ਕਰਦਾ ਹੈ ਤੇ ਸਿੱਖ ਨੂੰ ਪਰਮਾਤਮਾ ਨਾਲ ਮਿਲਾ ਦਿੰਦਾ ਹੈ। ਇਹ ਸ਼ਕਤੀ ਪੂਰਨ ਗੁਰੂ ਵਿਚ ਹੁੰਦੀ ਹੈ। ਫਿਰ ਸਿੱਖ ਅਤੇ ਗੁਰੂ ਵਿਚ ਕੋਈ ਅੰਤਰ ਨਹੀਂ ਰਹਿੰਦਾ, ਕਿਉਂਕਿ ਆਤਮਿਕ ਅਨੁਭਵ ਵਿਚ ਦੋਵੇਂ ਅਕਾਲ ਪੁਰਖ ਵਾਹਿਗੁਰੂ ਨਾਲ ਇਕ ਸੁਰ ਹੋ ਜਾਂਦੇ ਹਨ:

*ਗੁਰੁ ਸਿਖੁ ਸਿਖੁ ਗੁਰੁ ਹੈ ਏਕੋ ਗੁਰ ਉਪਦੇਸੁ ਚਲਾਏ॥*
*ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ॥* *(ਪੰਨਾ ੪੪੪)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨੂੰ 'ਸ਼ਬਦ ਗੁਰੂ' ਦੇ ਰੂਪ ਵਿਚ ਪ੍ਰਵਾਨ ਕੀਤਾ

ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੀ ਰਹਿਨੁਮਾਈ ਲਈ 'ਸ਼ਬਦ ਗੁਰੂ' ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦੀਵੀ ਗੁਰੂ ਥਾਪਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿੱਖ/ਗੁਰਸਿੱਖ ਦੇ ਨਿੱਤ ਕਰਮ ਬਾਰੇ ਇਸ ਸ਼ਬਦ ਵਿਚ ਦੱਸਿਆ ਗਿਆ ਹੈ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*
*(ਪੰਨਾ ੩੦੫)*

ਗੁਰਬਾਣੀ ਦੇ ਪਹਿਲੇ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਸਿੱਖ ਉਸ ਵਿਅਕਤੀ ਨੂੰ ਆਖਿਆ ਹੈ, ਜਿਸ ਨੇ ਗੁਰ-ਦੀਖਿਆ ਲੈ ਕੇ ਗੁਰੂ ਦੀ ਸਿੱਖਿਆ ਗ੍ਰਹਿਣ ਕੀਤੀ ਹੈ ਅਤੇ ਗੁਰਸਿੱਖੀ ਕਮਾਈ ਹੈ, ਜਿਸ ਦਾ ਸਮੁੱਚਾ ਜੀਵਨ ਵਿਉਹਾਰ (ਸਿੱਖਣਾ, ਲਿਖਣਾ, ਵਰਤਣਾ, ਬੁੱਝਣਾ, ਪੂਜਣਾ, ਮੰਨਣਾ, ਤੋਲਣਾ, ਨਾਵਣਾ, ਪਰਸਣਾ, ਵੇਖਣਾ, ਸੁਣਨਾ, ਸੁੰਘਣਾ, ਚੱਖਣਾ, ਆਦਿ) ਗੁਰੂ ਦੀ ਸਿੱਖਿਆ ਅਨੁਸਾਰ ਹੈ। (*ਵਾਰ,* ੩:੧੧) ਭਾਈ ਗੁਰਦਾਸ ਜੀ ਨੇ ਕਬਿੱਤ ਸਵੱਯਾਂ ਵਿਚ ਵੀ ਦੱਸਿਆ ਹੈ ਕਿ ਸਿੱਖ ਬੰਦਗੀ ਦੀ ਸਾਕਾਰ ਮੂਰਤ, ਨਿਮਰਤਾ ਦਾ ਪੁੰਜ, ਗੁਰਮਤਿ ਰਹਿਣੀ ਦਾ ਧਾਰਨੀ, ਵਿਕਾਰਾਂ ਦੀਆਂ ਪਕੜਾਂ ਤੋਂ ਆਜ਼ਾਦ, ਸਤ-ਸੰਤੋਖ, ਦਇਆ, ਧਰਮ, ਨਾਮ-ਦਾਨ-ਇਸ਼ਨਾਨ ਦਾ ਧਾਰਨੀ, ਤਾਣ ਹੁੰਦੇ ਨਿਤਾਣਾ, ਮਾਣ ਹੁੰਦੇ ਨਿਮਾਣਾ, ਦੀਨ-ਦੁਨੀਆ ਦੋਹਾਂ ਵਿਚ ਪ੍ਰਵਾਣਿਤ, ਮਾਇਆ ਤੋਂ ਨਿਰਲੇਪ ਅਤੇ ਦਿੱਬ-ਦ੍ਰਿਸ਼ਟੀ ਦਾ ਮਾਲਕ ਹੁੰਦਾ ਹੈ। (*ਕਬਿੱਤ*- ੩੮੦, ੪੪੦, ੪੬੩, ੪੬੬, ੪੬੭, ੫੫੧)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਿਤ ਕੀਤੀ ਜਾਂਦੀ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਵਿਚ ਸਿੱਖ ਦੀ ਤਾਰੀਫ਼ (ਪਰਿਭਾਸ਼ਾ) ਇਵੇਂ ਕੀਤੀ ਹੈ: ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।

ਭਾਈ ਸੰਤੋਖ ਸਿੰਘ ਜੀ ਨੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਗੁਰਸਿੱਖ ਨੂੰ ਗੁਰ-ਵਾਕਾਂ ਵਿਚ ਦ੍ਰਿੜ੍ਹਤਾ ਰੱਖਣ ਵਾਲਾ, ਪਹਿਰ ਰਾਤ ਰਹਿੰਦੀ ਉੱਠ ਕੇ ਨਾਮ ਅਭਿਆਸ ਵਿਚ ਜੁਟਣ ਵਾਲਾ, ਗੁਰਬਾਣੀ ਦਾ ਖੋਜੀ ਅਤੇ ਪ੍ਰਭੂ ਸਰੂਪ ਦਾ ਲਖਾਇਕ ਦੱਸਿਆ

ਹੈ। (ਰਾਸਿ ੧ ਅੰਸੁ ੬੪)[੫] ਭਾਈ ਕਾਨ੍ਹ ਸਿੰਘ ਅਨੁਸਾਰ, "ਗੁਰੂ ਦੇ ਸਿੱਖ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਵੈਰ ਦਾ ਤਿਆਗ ਕਰਦੇ ਹਨ। ਸਚੁ, ਸੰਤੋਖ, ਦਇਆ, ਧਰਮ, ਨਾਮ, ਦਾਨ ਅਤੇ ਇਸ਼ਨਾਨ ਨੂੰ ਅੰਗੀਕਾਰ ਕਰਦੇ ਹਨ। ਗੁਰੂ ਦੇ ਸ਼ਬਦ ਵਿਚ ਮਨ ਦੀ ਵ੍ਰਿਤੀ ਲਾਉਂਦੇ ਹਨ, ਸਾਧੂਆਂ ਨਾਲ ਮੇਲ ਅਤੇ ਅਸਾਧੂਆਂ ਤੋਂ ਦੂਰ ਰਹਿੰਦੇ ਹਨ, ਭਾਣਾ ਮੰਨਦੇ ਹਨ, ਉੱਤਮ ਕਰਮ ਕਰ ਕੇ ਆਪਣੀ ਮਹਿਮਾ ਨਹੀਂ ਚਾਹੁੰਦੇ, ਗੁਰ-ਉਪਦੇਸ਼ 'ਤੇ ਅਮਲ ਕਰਦੇ ਹਨ, ਪਰਉਪਕਾਰ ਨੂੰ ਮੁੱਖ ਫਰਜ਼ ਜਾਣਦੇ ਹਨ, ਸਹਿਣਸ਼ੀਲ ਰਹਿੰਦੇ ਅਤੇ ਆਪਣੀ ਸ਼ਕਤੀ ਪ੍ਰਗਟ ਨਹੀਂ ਕਰਦੇ, ਪ੍ਰੇਮ ਰਸ ਪੀ ਕੇ ਅਨੰਦ ਵਿਚ ਮਸਤ ਰਹਿੰਦੇ ਹਨ, ਮਿੱਠਾ ਬੋਲਦੇ ਤੇ ਨਿਉਂ ਕੇ ਚੱਲਦੇ ਹਨ, ਕਿਸੇ ਤੋਂ ਮੰਗਦੇ ਨਹੀਂ ਸਗੋਂ ਹੋਰਨਾਂ ਨੂੰ ਦੇਂਦੇ ਹਨ, ਸਰਬੱਤ ਦਾ ਭਲਾ ਲੋਚਦੇ ਹਨ, ਇਕ ਵਾਹਿਗੁਰੂ ਦੀ ਉਪਾਸਨਾ ਕਰਦੇ ਹਨ, ਉਸ ਦੇ ਤੁਲ ਕਿਸੇ ਹੋਰ ਨੂੰ ਨਹੀਂ ਮੰਨਦੇ ਭਾਵ ਉਨ੍ਹਾਂ ਦੁਬਿਧਾ ਅਤੇ ਦੂਈ ਦਾ ਡਰ ਦੂਰ ਕੀਤਾ ਹੁੰਦਾ ਹੈ।"[੬] ਪ੍ਰਿੰਸੀਪਲ ਸਤਬੀਰ ਸਿੰਘ 'ਸਿੱਖ ਦੀ ਉਪਮਾ ਕੀ ਹੈ?' ਦੇ ਉੱਤਰ ਵਿਚ ਲਿਖਦੇ ਹਨ, "ਜੋ ਸੱਚ ਦੀ ਭਾਲ ਵਿਚ ਉਠ ਟੁਰਿਆ ਹੈ ਉਹ ਸਿੱਖ ਹੈ। *ਮੈ ਬਧੀ ਸਚੁ ਧਰਮ ਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥* ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਚਾਰ ਕੇ ਸਿੱਖ ਦੇ ਅਰਥ ਸੱਚ ਦੇ ਢੂੰਢਾਊ ਕਰ ਦਿੱਤੇ ਹਨ। ਸਿੱਖ ਨੂੰ ਜੋ ਸ਼ਿਸ਼ ਧਾਤੂ ਤੋਂ ਨਿਕਲਿਆ ਗਿਣਦੇ ਹਨ, ਉਹ ਮੁੱਢੋਂ ਹੀ ਘੁੱਥੇ ਹਨ।"[੭]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਬ੍ਰਹਮ ਗਿਆਨੀ, ਸੰਤ, ਸਾਧ, ਗੁਰਮੁਖ, ਆਦਿ ਸ਼ਬਦ ਇਕ ਪੂਰਨ ਗੁਰਸਿੱਖ ਦੀ ਰਹਿਣੀ ਅਤੇ ਉਸ ਦੀਆਂ ਆਤਮਿਕ ਪ੍ਰਾਪਤੀਆਂ ਦੇ ਹੀ ਲਖਾਇਕ ਹਨ।[੮] ਇਹ ਅਜਿਹੀਆਂ ਆਦਰਸ਼ ਸ਼ਖ਼ਸੀਅਤਾਂ ਹਨ ਜਿਨ੍ਹਾਂ ਦੀ ਘਾੜਤ ਕਰਨੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਦਾ ਉਦੇਸ਼ ਸੀ। ਡਾ. ਅਵਤਾਰ ਸਿੰਘ ਅਨੁਸਾਰ 'ਸਿੱਖ' ਸ਼ਬਦ ਉਸ ਆਪੇ ਲਈ ਵਰਤਿਆ ਗਿਆ ਹੈ, ਜੋ ਗੁਰੂ ਦੀ ਸਿੱਖਿਆ ਗ੍ਰਹਿਣ ਕਰਦਾ ਹੋਇਆ ਸਚਿਆਰ ਦੀ ਆਦਰਸ਼ ਅਵਸਥਾ 'ਤੇ ਪਹੁੰਚਣ ਲਈ ਯਤਨਸ਼ੀਲ ਹੈ। ਇਸ ਸਾਧਨਾ ਦੌਰਾਨ ਉਸ ਨੂੰ ਰਹਿਨੁਮਾਈ ਅਜਿਹੇ ਗੁਰੂ ਤੋਂ ਮਿਲਦੀ ਹੈ ਜਿਹੜਾ ਆਪ ਇਸ ਅਵਸਥਾ ਨੂੰ ਪ੍ਰਾਪਤ ਕਰ ਚੁੱਕਾ ਹੈ।[੯] ਗੁਰਬਾਣੀ ਅਨੁਸਾਰ ਗੁਰਸਿੱਖ ਗੁਰੂ ਦੇ ਦੱਸੇ ਮਾਰਗ 'ਤੇ ਚੱਲਣ ਵਾਲਾ ਤੇ ਗੁਰੂ ਦੇ ਹੁਕਮਾਂ ਨੂੰ ਸਿਰ ਮੱਥੇ 'ਤੇ ਪ੍ਰਵਾਨ ਕਰਨ ਵਾਲਾ ਹੁੰਦਾ ਹੈ। ਇਹ ਮਾਰਗ *ਖੰਨਿਅਹੁ ਤਿਖੀ ਵਾਲਹੁ ਨਿਕੀ* ਵਾਲਾ ਹੈ। "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਸਿੱਖ ਦਾ ਬੁਨਿਆਦੀ ਸ਼ਨਾਖਤੀ ਨਿਸ਼ਾਨ 'ਕੇਸ' ਹਨ। 'ਕੇਸ' ਸਿੱਖ ਦਾ ਮੂਲ ਤੇ ਵਿਆਪਕ ਪਛਾਣ-ਚਿੰਨ੍ਹ ਹਨ। ਦਸਮੇਸ਼ ਪਿਤਾ ਨੇ ਖਾਲਸਾ ਸਾਜਣ ਉਪਰੰਤ ਐਲਾਨ ਕੀਤਾ:

*"ਨਿਸ਼ਾਨੇ ਸਿੱਖੀ ਈਂ ਪੰਜ ਹਰਫ ਕਾਫ਼, ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ।*
*ਕੜਾ, ਕਾਰਦੋ, ਕੱਛ, ਕੰਘਾ, ਬਿਦਾਂ, ਬਿਲਾ ਕੇਸ ਹੇਚ ਅੰਦ ਜੁਮਲਾ ਨਿਸ਼ਾਂ।"*[੧੦]

ਅਰਥਾਤ "ਅੱਗੋਂ ਤੋਂ 'ਸਿੱਖ' ਦੀ ਨਿਸ਼ਾਨੀ ਇਹ ਪੰਜ 'ਕੱਕਾਰ' ਹੋਣਗੇ,

ਜਿਨ੍ਹਾਂ ਦੀ ਛੋਟ ਕਦੇ ਵੀ ਨਹੀਂ ਦਿੱਤੀ ਜਾ ਸਕੇਗੀ: ਕੜਾ, ਕਿਰਪਾਨ, ਕਛਹਿਰਾ, ਕੰਘਾ ਤੇ ਕੇਸ। ਪਰ ਚੇਤੇ ਰੱਖਣਾ, ਕੇਸਾਂ ਬਿਨਾਂ ਬਾਕੀ ਸਾਰੇ ਨਿਸ਼ਾਨ ਤੁੱਛ ਸਮਝੇ ਜਾਣਗੇ।" ਆਪ ਜੀ ਨੇ ਸਿੱਖੀ ਤੇ ਸਿੱਖਾਂ ਲਈ ਕੇਸਾਂ ਦੀ ਕਾਇਮੀ, ਸੁਚਮ ਤੇ ਸੰਭਾਲ ਬਾਰੇ ਕੀਤੇ ਹੁਕਮ ਦੀ ਪਾਲਣਾ ਉੱਤੇ ਵਿਸ਼ੇਸ਼ ਬਲ ਦਿੰਦਿਆਂ ਫੁਰਮਾਇਆ: *ਰਹਿਣੀ ਰਹੈ ਸੋਈ ਸਿੱਖ ਮੇਰਾ।* "ਕਿਸੇ ਵੀ ਗੁਰਸਿੱਖ ਵਾਸਤੇ ਸਤਿਗੁਰੂ ਦੇ ਹੁਕਮ ਲਿਖਤੀ ਰੂਪ ਵਿਚ ਪ੍ਰਾਪਤ ਹਨ। ਹੁਣ ਤਕ ਪ੍ਰਾਪਤ ਸਾਰੀਆਂ ਸੰਬੰਧਿਤ ਸਮਕਾਲੀ ਜਾਂ ਨਿਕਟ-ਸਮਕਾਲੀ ਇਤਿਹਾਸਿਕ ਲਿਖਤਾਂ ਇਸ ਤੱਥ ਦੀ ਸਪਸ਼ਟ ਸ਼ਾਹਦੀ ਭਰਦੀਆਂ ਹਨ ਕਿ ਸਿੱਖ ਅਤੇ ਸਿੱਖੀ ਦਾ ਕੁਦਰਤ ਦੀ ਇਸ ਵਿਲੱਖਣ ਤੇ ਕਾਇਮ-ਦਾਇਮ ਦਾਤ, ਕੇਸਾਂ ਨਾਲ ਸੰਬੰਧ ਜਮਾਂਦਰੂ ਅਤੇ ਅਨਿੱਖੜ੍ਹ ਹੈ। ਇਹ ਸਤਿਗੁਰਾਂ ਦੇ ਨਾਮ-ਲੇਵਿਆਂ ਦੀ ਪਹਿਲੀ ਤੇ ਪ੍ਰਮੁੱਖ ਸ਼ਰਤ ਤੇ ਜ਼ਰੂਰੀ ਅੰਸ਼ ਹਨ; ਉਨ੍ਹਾਂ ਦੇ ਸਭ ਤੋਂ ਉਘੜਵੇਂ ਤੇ ਨਿਸ਼ਚਿਤ ਲੱਛਣ ਹਨ। ਸਤਿਗੁਰਾਂ ਦੇ ਸਿਦਕੀ ਸਿੱਖਾਂ ਦਾ ਇਹ ਦ੍ਰਿੜ੍ਹ ਨਿਸਚਾ ਇਸੇ ਕਰਕੇ ਅਜੇ ਤਕ ਕਾਇਮ ਹੈ ਕਿ 'ਸਾਬਤ-ਸੂਰਤ ਸਰੂਪ' ਦੇ ਧਾਰਨੀ ਸਿੱਖ ਵਿਚ ਹੀ ਉਨ੍ਹਾਂ ਦੀ ਬਖਸ਼ੀ ਹੋਈ 'ਚੜ੍ਹਦੀ ਕਲਾ ਵਾਲੀ ਸਪਿਰਿਟ' ਕਾਇਮ ਰਹਿ ਸਕਦੀ ਹੈ ਅਤੇ ਇਸੇ ਲਈ ਉਸ ਨੂੰ ਬਰਕਰਾਰ ਰੱਖਣ ਵਾਸਤੇ ਉਹ ਹਰ ਜਬਰ-ਜੁਲਮ ਦਾ ਟਾਕਰਾ ਕਰਦੇ, ਅਸਹਿ ਤੇ ਅਕਹਿ ਕਸ਼ਟ ਸਹਾਰਦੇ, ਸਿਰ-ਧੜ ਦੀਆਂ ਬਾਜ਼ੀਆਂ ਲਾਉਂਦੇ ਅਤੇ ਖਿੜੇ-ਮੱਥੇ ਸ਼ਹੀਦੀਆਂ ਪਾਉਂਦੇ ਰਹੇ ਹਨ।"[੧੧]

ਹਵਾਲੇ

1. "the term Sikha (Skt: sishya) means a pupil or a person to be taught.... In the times of Nanak any pupil of any school was called a Sikha. Later the term was used for the followers of Guru Nanak and was strengthened by the succeeding nine Gurus. R.G.B. Singh, *Indian Philosophical Tradition and Guru Nanak,* p.100.

੨. ਡਾ. ਦੀਵਾਨ ਸਿੰਘ, *ਸਿੱਖ ਧਰਮ ਬਾਰੇ* (ਲੁਧਿਆਣਾ: ਪੰਜਾਬੀ ਕੋ. ਸੋ. ਲਿਮਟਿਡ:੧੯੮੮), ਪੰਨਾ ੨੯.

੩. ਡਾ. ਭਾਈ ਜੋਧ ਸਿੰਘ, *ਗੁਰਮਤ ਨਿਰਣਯ* (ਲੁਧਿਆਣਾ: ਲਾਹੌਰ ਬੁੱਕ ਸ਼ਾਪ-੧੯੪੫), ਪੰਨਾ ੧੧੯.

੪. -ਉਹੀ-, ਪੰਨਾ ੪੮.

੫. ਵੇਖੋ ਹਵਾਲਾ: *ਗੁਰੁਮਤ ਮਾਰਤੰਡ,* ਭਾਗ ਪਹਿਲਾ, ਪੰਨਾ ੧੪੬.

੬. ਗੁਰਮੁਖਾਂ ਨੇ ਆਪਣੇ ਨਿਜ-ਪਰਮ-ਪਦ (ਸ੍ਵਯੰ-ਸਰੂਪ) ਨੂੰ ਪ੍ਰਾਪਤ ਕਰਕੇ ਸੁਖ ਰੂਪੀ ਫਲ ਪਾ ਲਿਆ ਹੈ। ਪਦ-ਟਿੱਪਣੀ, *ਉਹੀ,* ਪੰਨਾ ੧੪੦-੪੧.

੭. *ਸੌ ਸਵਾਲ,* ਪੰਨਾ ੨੧.

੮. ਡਾ. ਦਰਸ਼ਨ ਸਿੰਘ, *ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ,* ਪੰਨਾ ੧੫੪.

੯. Avtar Singh, *Ethics of the Sikhs,* p. 45.

੧੦. *ਮਾਕ਼ਿਜੇ ਤਵਾਰੀਖ-ਏ-ਸਿੱਖਾਂ,* ਪੰਨਾ ੮੯. ਵੇਖੋ ਹਵਾਲਾ: ਡਾ. ਹਰਨਾਮ ਸਿੰਘ ਸ਼ਾਨ, ਗੁ. ਪ੍ਰ., ਮਈ ੦੯, ਪੰਨਾ ੮੦.

੧੧. -ਉਹੀ-

■

# ਬ੍ਰਹਮ ਗਿਆਨੀ ਆਪਿ ਪਰਮੇਸੁਰ

*-ਸ. ਤੀਰਥ ਸਿੰਘ ਢਿਲਵਾਂ**

ਬ੍ਰਹਮ ਗਿਆਨੀ ਸ਼ਬਦ ਦੋ ਸ਼ਬਦਾਂ ਦਾ ਸੁਮੇਲ ਹੈ: ਬ੍ਰਹਮ ਅਤੇ ਗਿਆਨੀ। ਭਾਵ ਜਿਸ ਪ੍ਰਾਣੀ ਨੂੰ ਬ੍ਰਹਮ ਦਾ ਗਿਆਨ ਹੋ ਗਿਆ ਹੈ, ਉਹ ਬ੍ਰਹਮ ਗਿਆਨੀ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਗੁਰਬਾਣੀ ਦਾ ਫੁਰਮਾਨ ਹੈ:

*ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ॥ (ਪੰਨਾ ੬੪੯)*

ਅਰਥਾਤ ਜਿਹੜਾ ਬ੍ਰਹਮ ਦੀ ਅਰਾਧਨਾ ਕਰ ਕੇ ਉਚੇਰੇ ਆਤਮਿਕ ਮੰਡਲ ਵਿਚ ਪਹੁੰਚ ਜਾਂਦਾ ਹੈ, ਉਸ ਨੂੰ ਹੀ ਬ੍ਰਹਮ ਗਿਆਨੀ ਆਖਿਆ ਜਾਂਦਾ ਹੈ। ਬਾਣੀ ਦੇ ਬੋਹਿਥ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਚਮ ਪਾਤਸ਼ਾਹ ਨੇ ਅਠਵੀਂ ਅਸਟਪਦੀ 'ਬ੍ਰਹਮ ਗਿਆਨੀ' ਬਾਰੇ ਉਚਾਰਨ ਕੀਤੀ ਹੈ। ਸਲੋਕ ਤੋਂ ਲੈ ਕੇ ਅੰਤ ਤਕ ਸਾਰੀ ਅਸਟਪਦੀ ਬ੍ਰਹਮ ਗਿਆਨੀ ਦੀ ਪਰਿਭਾਸ਼ਾ, ਉਸ ਦੇ ਸਦਗੁਣਾਂ ਅਤੇ ਉਚੇਰੀ ਆਤਮਿਕ ਅਵਸਥਾ ਨੂੰ ਖੋਲ ਕੇ ਬਿਆਨ ਕਰਦੀ ਹੈ। ਉਦਾਹਰਨ ਵਜੋਂ ਪਹਿਲੇ ਸਲੋਕ ਦੀ ਵਿਚਾਰ ਕਰਦੇ ਹਾਂ:

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥ (ਪੰਨਾ ੨੭੨)*

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਸ ਸਾਧਕ ਦੀ ਮਨ-ਬਿਰਤੀ ਸਚਿਆਰ ਹੋ ਗਈ ਹੈ, ਜਿਸ ਦੇ ਮਨ ਵਿਚ ਗੁਰੂ ਗਿਆਨ ਦਾ ਦੀਪਕ ਪ੍ਰਕਾਸ਼ਮਾਨ ਹੋ ਗਿਆ ਹੈ, ਜੀਭਾ ਉੱਤੇ ਪ੍ਰਭੂ ਦਾ ਨਾਮ ਹੈ, ਜਿਸ ਦੀ ਦ੍ਰਿਸ਼ਟੀ *ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ* ਵਾਲੀ ਹੋ ਗਈ ਹੈ, ਉਹ ਪੁਰਖ ਬ੍ਰਹਮ ਗਿਆਨੀ ਹੋ ਗਿਆ ਹੈ। ਅਸਟਪਦੀ ਦੀਆਂ ਅਗਲੇਰੀਆਂ ਤੁਕਾਂ ਬ੍ਰਹਮ ਗਿਆਨੀ ਦੇ ਸ਼ੁਭ ਗੁਣਾਂ, ਦੈਵੀ ਪ੍ਰਚਲਣ, ਦ੍ਰਿਸ਼ਟੀਕੋਣ, ਮਹੱਤਤਾ ਤੇ ਸ੍ਰੇਸ਼ਟਤਾ ਨੂੰ ਬਿਆਨ ਕਰਦੀਆਂ ਹਨ। ਬ੍ਰਹਮ ਗਿਆਨੀ, ਸੰਸਾਰ ਵਿਚ ਰਹਿੰਦਾ ਹੋਇਆ, ਸਾਰੇ ਕਾਰ-ਵਿਹਾਰ ਕਰਦਾ ਹੋਇਆ ਵੀ ਇਸ ਤਰ੍ਹਾਂ ਨਿਰਲੇਪ ਹੈ, ਜਿਵੇਂ ਪਾਣੀ ਵਿਚ ਖਿੜਿਆ ਕਮਲ ਦਾ ਫੁੱਲ ਪਾਣੀ ਦੇ ਜ਼ੇਰੇ ਨਹੀਂ, ਉਸ ਦੀ ਅੱਡਰੀ ਹਸਤੀ ਕਾਇਮ ਹੈ। ਆਪ ਫੁਰਮਾਉਂਦੇ ਹਨ:

*ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥ (ਪੰਨਾ ੨੭੨)*

ਬ੍ਰਹਮ ਗਿਆਨੀ ਸਮਦ੍ਰਿਸ਼ਟੀ ਵਾਲਾ ਹੁੰਦਾ ਹੈ। ਉਸ ਦੀ ਤੱਕਣੀ ਵਿੱਚੋਂ ਅੰਮ੍ਰਿਤ

*ਪਿੰਡ ਢਿਲਵਾਂ, ਡਾਕ: ਦਕੋਹਾ, ਜ਼ਿਲ੍ਹਾ ਜਲੰਧਰ-੧੪੦੦੨੩; ਮੋ: +੯੧੯੮੧੫੪-੬੧੨੧੦

ਧਾਰਾ ਬਰਸਦੀ ਹੈ:

*ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥*
*ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥* (ਪੰਨਾ ੨੭੨)

ਦੁਨੀਆ ਵਿਚ ਵਿਚਰਦੇ ਹੋਏ ਵੀ ਬ੍ਰਹਮ ਗਿਆਨੀ ਨੂੰ ਸੰਸਾਰਕ ਰਸਾਂ-ਕਸਾਂ ਦੀ ਮੈਲ ਨਹੀਂ ਪੋਂਹਦੀ, ਉਹ ਹਮੇਸ਼ਾ ਨਿਰਮਲ ਬਿਰਤੀ ਵਾਲਾ ਰਹਿੰਦਾ ਹੈ:

*ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ॥ ਜੈਸੇ ਮੈਲੁ ਨ ਲਾਗੈ ਜਲਾ॥*
(ਪੰਨਾ ੨੭੨)

ਗੁਰੂ ਸਾਹਿਬ ਜੀ ਫੁਰਮਾਉਂਦੇ ਹਨ ਕਿ ਬ੍ਰਹਮ ਗਿਆਨੀ ਉਚੇਰੀ ਆਤਮਿਕ ਬਿਰਤੀ ਦਾ ਮਾਲਕ ਹੁੰਦੇ ਹੋਏ ਵੀ, ਮਨ ਨੀਵਾਂ, ਮੱਤ ਉੱਚੀ ਮੁਤਾਬਕ ਨਿਮਰ ਭਾਵ ਰੱਖਦਾ ਹੈ। ਹਉਮੈਂ ਉਸ ਦੇ ਨੇੜੇ ਵੀ ਨਹੀਂ ਢੁਕਦੀ:

*ਬ੍ਰਹਮ ਗਿਆਨੀ ਊਚ ਤੇ ਊਚਾ॥ ਮਨਿ ਅਪਨੈ ਹੈ ਸਭ ਤੇ ਨੀਚਾ॥* (ਪੰਨਾ ੨੭੨)

ਅਸੀਂ ਆਮ ਜੀਵਨ ਵਿਚ ਵੇਖਦੇ ਹਾਂ ਕਿ:

*-ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥*
*ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥* (ਪੰਨਾ ੮੭੬)
*-ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥*
*ਮਾਇਆ ਗਈ ਤਬ ਰੋਵਨੁ ਲਗਤੁ ਹੈ॥* (ਪੰਨਾ ੪੮੬)

ਇਹ ਉਤਰਾਅ-ਚੜਾਅ, ਖੁਸ਼ੀ ਤੇ ਗਮੀ ਪ੍ਰਾਪਤੀ ਅਤੇ ਨਾਕਾਮੀ, ਜੀਵਨ ਤੇ ਮ੍ਰਿਤੂ ਬ੍ਰਹਮ ਗਿਆਨੀ ਦੀ ਅਵਸਥਾ ਨੂੰ ਪੁੱਜੇ ਵਡਭਾਗੀ ਉੱਤੇ ਅਸਰ ਅੰਦਾਜ਼ ਨਹੀਂ ਹੋ ਸਕਦੇ। ਉਸ ਦੇ ਮਨ ਰੂਪੀ ਘਰ ਵਿਚ ਹਮੇਸ਼ਾ ਆਤਮਿਕ ਅਨੰਦ, ਵਿਸਮਾਦ ਰਹਿੰਦਾ ਹੈ:

*ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ॥*
*ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ॥* (ਪੰਨਾ ੨੭੩)

ਬ੍ਰਹਮ ਗਿਆਨੀ ਸਭਨਾ ਦਾ ਹਿੱਤੂ, ਪਰਉਪਕਾਰੀ, ਚਿੰਤਾ-ਮੁਕਤ, ਜਨਮ-ਮਰਨ ਤੋਂ ਰਹਿਤ, ਮੁਕਤ, ਜੁਗਤ, ਭੁਗਤ ਦਾ ਦਾਤਾ, ਅਨਾਥਾਂ ਦਾ ਨਾਥ ਅਤੇ ਅਮੋਲ ਹੈ, ਇਸ ਲਈ ਉਸ ਦੀ ਮਹਿਮਾ ਨੂੰ ਲਫ਼ਜ਼ਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। ਸ੍ਰੀ ਗੁਰੂ ਅਰਜਨ ਦੇਵ ਜੀ ਏਥੋਂ ਤਕ ਫੁਰਮਾਉਂਦੇ ਹਨ ਕਿ ਬ੍ਰਹਮ ਗਿਆਨੀ ਆਪ ਪਰਮੇਸਰ ਰੂਪ ਹੈ:

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥* (ਪੰਨਾ ੮੪੬)

ਜੋ ਦ੍ਰਿਸ਼ਮਾਨ ਹੈ, ਉਹ ਬ੍ਰਹਮ ਸਰੂਪ ਹੀ ਹੈ। ਜੋ ਸੁਣਾਈ ਦੇ ਰਿਹਾ ਹੈ, ਬ੍ਰਹਮ ਨਾਦ ਹੈ। ਜੋ ਆਖਿਆ ਜਾ ਰਿਹਾ ਹੈ, ਉਸ ਦੀ ਕੀਰਤੀ ਹੀ ਹੈ। ਇਹ ਸਾਰਾ ਪਸਾਰਾ

ਉਸੇ ਪਾਰਬ੍ਰਹਮ ਦਾ ਹੈ। ਇਸ ਲਈ *ਹਰਿ ਏਕ ਨਿਰੰਜਨ ਗਾਈਐ* ਦੇ ਗੁਰਵਾਕ ਅਨੁਸਾਰ ਉਸੇ ਦੀ ਸਿਫਤ ਸਾਲਾਹ ਤੋਂ ਬਿਨਾ ਹੋਰ ਸਭ ਧੰਦ ਹੈ:

*ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ॥* *(ਪੰਨਾ ੪੪)*

ਮਿਸਾਲ ਵਜੋਂ ਸਿੱਖ ਧਰਮ ਵਿਚ ਬਾਬਾ ਬੁੱਢਾ ਸਾਹਿਬ ਜੀ ਬ੍ਰਹਮ ਗਿਆਨੀ ਹੋਏ ਹਨ, ਜਿਨ੍ਹਾਂ ਨੇ ਬਚਪਨ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ-ਦੀਦਾਰ ਕੀਤੇ ਤਾਂ ਗੁਰੂ ਸਾਹਿਬ ਉਨ੍ਹਾਂ ਦੇ ਬਚਨ ਸੁਣ ਕੇ ਪ੍ਰਸੰਨ ਹੋਏ। ਬਚਪਨ ਵਿਚ ਪਹਿਲੀ ਮਿਲਣੀ ਦੌਰਾਨ ਗੁਰੂ ਸਾਹਿਬ ਨੇ ਜਦ ਬਾਬਾ ਬੁੱਢਾ ਜੀ ਤੋਂ ਉਨ੍ਹਾਂ ਦਾ ਨਾਂ ਪੁੱਛਿਆ ਤਾਂ ਉਨ੍ਹਾਂ ਉੱਤਰ ਦਿੱਤਾ: ਜੀ! "ਬੂੜਾ"। ਗੁਰੂ ਸਾਹਿਬ ਨੇ ਅਸੀਸ ਦਿੰਦਿਆਂ ਫੁਰਮਾਇਆ ਅੱਜ ਤੋਂ ਤੇਰਾ ਨਾਂ ਬਾਬਾ ਬੁੱਢਾ ਹੈ। ਸੇਵਾ ਤੇ ਸਿਮਰਨ ਕਰੋ। ਉਸੇ ਪਲ ਤੋਂ ਬੁੱਢਾ ਜੀ ਗੁਰੂ-ਘਰ ਨੂੰ ਸਮਰਪਿਤ ਹੋ ਗਏ। ਛੇਵੇਂ ਪਾਤਸ਼ਾਹ ਤਕ ਆਪ ਜੀ ਨੇ ਮਹਾਨ ਸੇਵਾਵਾਂ ਕੀਤੀਆਂ। ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਆਪ ਜੀ ਬੇਰੀ ਦੇ ਰੁੱਖ ਹੇਠਾਂ ਬੈਠ ਕੇ ਸੇਵਾ ਕਾਰਜਾਂ ਦੀ ਨਿਗਰਾਨੀ ਕਰਦੇ ਖ਼ੁਦ ਵੀ ਸੇਵਾ ਕਰਦੇ। ਉਸ ਬੇਰੀ ਨੂੰ ਬੇਰ ਬਾਬਾ ਬੁੱਢਾ ਸਾਹਿਬ ਕਿਹਾ ਜਾਂਦਾ ਹੈ। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਕੇ, ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲਾ ਪ੍ਰਕਾਸ਼ ਕੀਤਾ ਤਾਂ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਨੂੰ ਪਹਿਲਾ ਮੁੱਖ ਗ੍ਰੰਥੀ ਥਾਪ ਕੇ ਹੁਕਮਨਾਮਾ ਲੈਣ ਲਈ ਆਖਿਆ। ਪ੍ਰਥਮ ਹੁਕਮਨਾਮਾ ਸੀ:

*ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥*
*ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥. . .*
*(ਪੰਨਾ ੭੮੩)*

ਬਾਬਾ ਬੁੱਢਾ ਜੀ ਨੇ ਛੇਵੇਂ ਗੁਰੂ ਸਾਹਿਬ ਤਕ ਗੁਰਿਆਈ ਦੇਣ ਸਮੇਂ ਇਸ ਮਰਯਾਦਾ ਦੀ ਸੇਵਾ ਵੀ ਨਿਭਾਈ। ਆਪ ਜੀ ਨੇ ਹੀ ਬਾਲਕ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਮਤਿ ਦੇ ਗਿਆਨ ਦੀ ਬਖ਼ਸ਼ਿਸ਼ ਕੀਤੀ ਅਤੇ ਰਮਦਾਸ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗੋਦ ਵਿਚ ਹੀ ਸੱਚਖੰਡ ਪਿਆਨਾ ਕੀਤਾ। ਬ੍ਰਹਮ ਗਿਆਨੀ ਲਈ ਹਰਖ ਤੇ ਸੋਗ, ਖੁਸ਼ੀ ਤੇ ਗਮੀ, ਜਨਮ ਤੇ ਮੌਤ ਇਕ ਸਮਾਨ ਸਨ। ਬ੍ਰਹਮ ਗਿਆਨੀ ਸਭ ਨੂੰ ਇੱਕੋ ਦ੍ਰਿਸ਼ਟੀ ਨਾਲ ਵੇਖਦਾ ਹੈ। ਬ੍ਰਹਮ ਗਿਆਨੀ ਦੀਨ-ਦੁਖੀਆਂ ਦੀ ਨਿਸ਼ਕਾਮ ਸੇਵਾ ਕਰਦਾ ਹੈ। ਇਸੇ ਲਈ ਸਰੀਰਕ ਤੌਰ 'ਤੇ ਸੰਸਾਰ ਤੋਂ ਗਮਨ ਕਰ ਜਾਣ 'ਤੇ ਵੀ ਬ੍ਰਹਮ ਗਿਆਨੀ ਅਮਰ ਪਦਵੀ ਨੂੰ ਪ੍ਰਾਪਤ ਕਰਦਾ ਹੈ।

*-ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥*
*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥* *(ਪੰਨਾ ੨੭੩)*

■

# ਭਾਈ ਰਣਧੀਰ ਸਿੰਘ ਦੀ ਵਾਰਤਕ ਦਾ ਗੁਰਮਤਿ ਚਿੰਤਨ

*-ਬੀਬੀ ਜਸਵਿੰਦਰ ਕੌਰ**

ਭਾਈ ਰਣਧੀਰ ਸਿੰਘ ਵੀਹਵੀਂ ਸਦੀ ਦੇ ਮਹਾਨ ਅਧਿਆਤਮਵਾਦੀ, ਸੁਤੰਤਰਤਾ ਸੰਗਰਾਮੀ, ਗੁਰਮਤਿ ਸਿਧਾਂਤਾਂ ਦੇ ਵਿਆਖਿਆਕਾਰ ਅਤੇ ਕੀਰਤਨੀਏ ਸਨ। ਸਾਹਿਤ ਦੇ ਖੇਤਰ ਵਿਚ ਆਪ ਮਹਾਨ ਵਾਰਤਕਾਰ ਅਤੇ ਕਵੀ ਵਜੋਂ ਜਾਣੇ ਜਾਂਦੇ ਹਨ। ਭਾਈ ਸਾਹਿਬ ਦੇ ਸਮੁੱਚੇ ਰਚਨਾ ਸੰਸਾਰ ਦਾ ਕੇਂਦਰੀ ਧੁਰਾ ਗੁਰਮਤਿ ਹੀ ਰਿਹਾ ਹੈ। ਆਪ ਦਾ ਉਦੇਸ਼ ਗੁਰਮਤਿ ਸਿਧਾਂਤਾਂ ਅਥਵਾ ਸੰਕਲਪਾਂ ਦੀ ਵਿਆਖਿਆ ਕਰਨਾ ਅਤੇ ਗੁਰ ਇਤਿਹਾਸ ਵਿਚ ਪਏ ਭੁਲੇਖਿਆਂ ਨੂੰ ਦੂਰ ਕਰਨਾ ਹੈ। ਆਪ ਨੇ ਆਪਣੀ ਨਿੱਜੀ ਕਰਨੀ ਕਮਾਈ ਉੱਪਰ ਆਧਾਰਿਤ ਪੁਸਤਕਾਂ ਲਿਖ ਕੇ ਗੁਰਮਤਿ ਦੇ ਗਿਆਤਾ ਅਤੇ ਸਾਹਿਤਕਾਰ ਹੋਣ ਦਾ ਸਬੂਤ ਦਿੱਤਾ। ਭਾਈ ਰਣਧੀਰ ਸਿੰਘ ਦੀ ਸਵੈ-ਜੀਵਨੀ 'ਜੇਲ ਚਿੱਠੀਆਂ' ਰਾਹੀਂ ਭਾਈ ਸਾਹਿਬ ਦੀ ਸ਼ਖ਼ਸੀਅਤ ਦੇ ਵਿਕਾਸ ਦਾ ਪਤਾ ਲਗ ਜਾਂਦਾ ਹੈ। ਭਾਈ ਸਾਹਿਬ ਨੇ ਗੁਰਮਤਿ ਅਸੂਲਾਂ ਨੂੰ ਸਿਰਫ਼ ਆਪਣੀਆਂ ਰਚਨਾਵਾਂ ਵਿਚ ਹੀ ਦ੍ਰਿੜ੍ਹ ਨਹੀਂ ਕਰਵਾਇਆ, ਸਗੋਂ ਉਨ੍ਹਾਂ ਨੇ ਆਪ ਵੀ ਸੰਤ-ਸਿਪਾਹੀ ਦਾ ਜੀਵਨ ਜੀਵਿਆ। ਭਾਈ ਸਾਹਿਬ ਦੇ ਗੁਰਮਤਿ ਚਿੰਤਨ ਵਿਚ ਗੁਰਬਾਣੀ ਸੰਸਾਰ ਤੇ ਸਿੱਖ ਇਤਿਹਾਸ ਇਕ-ਦੂਸਰੇ ਨਾਲ ਜੋੜ ਕੇ ਪ੍ਰਸਤੁਤ ਕੀਤੇ ਗਏ ਹਨ।

ਭਾਈ ਸਾਹਿਬ ਦੀ ਪ੍ਰਸਿੱਧ ਰਚਨਾ ਗੁਰਮਤਿ ਬਿਬੇਕ ਵਿਚ ਜੋ ਸਿੱਖ ਰਹਿਤ ਮਰਯਾਦਾ ਦੀ ਨਿਯਮਾਵਲੀ ਪੇਸ਼ ਕੀਤੀ ਹੈ, ਉਸ ਗੁਰਮਤਿ ਰਹਿਣੀ ਨੂੰ ਭਾਈ ਸਾਹਿਬ ਨੇ ਜੀਵਨ ਵਿਚ ਧਾਰਨ ਕਰ ਕੇ ਇਕ ਮਿਸਾਲ ਕਾਇਮ ਕੀਤੀ। ਗੁਰਮਤਿ ਰਹਿਤ ਦੇ ਅਨੇਕਾਂ ਅਸੂਲ ਸੀਨੇ-ਬਸੀਨੇ ਚਲੇ ਆ ਰਹੇ ਹਨ। ਅੰਮ੍ਰਿਤ ਛਕਣ ਵੇਲੇ ਬਹੁਤ ਸਾਰੇ ਅਸੂਲ ਜੋ ਦ੍ਰਿੜਾਏ ਜਾਂਦੇ ਹਨ, ਗੁਰਸਿੱਖੀ ਮਾਰਗ ਵਿਚ ਉਨ੍ਹਾਂ ਹੁਕਮਾਂ ਦਾ ਮੰਨਣਾ ਵੀ ਜ਼ਰੂਰੀ ਮੰਨਿਆ ਗਿਆ ਹੈ। "ਰਹਿਣੀ ਰਹਿਤ ਤੋਂ ਭਾਵ ਕੇਵਲ ਪੰਜ ਕਕਾਰ ਦੀ ਰਹਿਤ ਰੱਖਣ ਤੋਂ ਨਹੀਂ। ਕਿੰਤੂ ਅੰਮ੍ਰਿਤ ਛਕਣ ਦੇ ਸਮੇਂ ਦ੍ਰਿੜ੍ਹਾਏ ਗੁਰਮਤਿ-ਅਸੂਲਮਈ ਹੁਕਮਾਂ ਤੋਂ ਲੈ ਕੇ ਜਿਤਨੇ ਭੀ ਹੁਕਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੀ ਪਵਿੱਤਰ ਬਾਣੀ ਰੂਪੀ ਬਚਨਾਂ ਦੁਆਰਾ ਅਸਾਡੇ ਪ੍ਰਤੀ ਦ੍ਰਿੜ੍ਹਾਉਂਦੇ ਹਨ, ਓਹਨਾਂ ਸਮੁੱਚੇ ਹੁਕਮਾਂ ਦਾ ਕਮਾਉਣਾ ਅਸਾਡਾ ਰਹਿਤ ਰੱਖਣਾ ਹੈ ਅਤੇ ਇਸੇ ਦਾ ਨਾਉ ਬਿਬੇਕ ਧਾਰਨਾ ਹੈ।"[੧] ਨਾਮ ਅਤੇ ਨਾਮੀ ਦੇ ਵਿਸ਼ੇ ਉੱਤੇ ਪ੍ਰਾਚੀਨ ਦਰਸ਼ਨ-ਸ਼ਾਸਤਰਾਂ ਤੇ ਸਿੱਖ ਪੰਥ ਦੇ ਵਿਦਵਾਨਾਂ ਦੁਆਰਾ ਬਹੁਤ ਕੁਝ ਲਿਖਿਆ ਮਿਲਦਾ ਹੈ। ਪਰ ਭਾਈ ਰਣਧੀਰ ਸਿੰਘ ਨੇ 'ਨਾਮ' ਬਾਰੇ ਸਭ ਸੁਆਲਾਂ ਦਾ ਜੁਆਬ ਨਿੱਜੀ ਅਨੁਭਵ ਦੇ ਆਧਾਰ

**ਰਿਸਰਚ ਸਕਾਲਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ; ਮੋ: +੯੧੯੪੬੩੪-੨੫੬੬੮*

’ਤੇ ਦਿੱਤਾ ਹੈ। ਆਪ ਨੇ ਗੁਰਬਾਣੀ ਨੂੰ ਆਪਣੀ ਸਮਝ ਦੇ ਪਿੱਛੇ ਨਹੀਂ ਲਾਇਆ, ਸਗੋਂ ਨਾਮ ਦੀ, ਸੱਚ ਦੀ, ਖੋਜ ਲਈ ਆਪਣੀ ਸਮਝ ਨੂੰ ਗੁਰਬਾਣੀ ਦੇ ਪਿੱਛੇ ਲਾਇਆ ਹੈ। ਆਪ ਨੇ ਨਾਮ ਦਾ ਰਹੱਸ, ਨਾਮ ਅਭਿਆਸ ਦੀ ਜੁਗਤੀ, ਨਾਮ ਦੀਆਂ ਬਰਕਤਾਂ, ਅਜਪਾ ਜਾਪ ਆਦਿ ਬਾਰੇ ਵੇਰਵੇ ਸਹਿਤ ਵਿਚਾਰ ਪੇਸ਼ ਕੀਤੇ ਹਨ। ਸਿਮਰਨ ਦੀ ਜੁਗਤੀ ਬਾਰੇ ਵਿਚਾਰ ਪੇਸ਼ ਕਰਦੇ ਹੋਏ ਭਾਈ ਸਾਹਿਬ ਲਿਖਦੇ ਹਨ:

“ਅਭਿਆਸ ਕਰਦੇ ਹੋਏ ਗੁਰਮੰਤਰ ਨਾਮ ਰੂਪੀ ਸ਼ਬਦ ਨੂੰ ਸੁਰਤੀ ਨਾਲਿ ਜੋੜਨਾ ਹੈ। ਨਾਮ ਜਪਦੇ ਹੋਏ, ਜਾਪ ਦੇ ਅਰੰਭ ਵਿਚ ਸ਼ਬਦ ਨਾਲਿ ਸੁਰਤੀ ਲਾਉਣੀ ਹੈ। ਨਾਮ ਸ਼ਬਦ ਦੀ ਜੋ ਧੁਨੀ ਅਭਿਆਸ ਜਾਪ ਕਰਦਿਆਂ ਆਵੇ (ਨਿਕਲੇ) ਉਸ ਧੁਨਿ ਨਾਲ ਸੁਰਤਾਂ ਨੂੰ ਜੋੜਨਾ ਇਹ ਸ਼ਬਦ ਸੁਰਤਿ ਦਾ ਅਰੰਭਕ ਖੇਲ੍ਹ ਹੈ। ਏਸੇ ਪ੍ਰਕਾਰ ਸੁਤੇ ਸੁਆਸਾਂ ਦੇ ਸਹਜ ਵੇਗ ਸਹਿਤ ਸ਼ਬਦ ਅਭਿਆਸ ਦਾ ਸਿਲਸਿਲਾ ਸਦਾ ਜਾਰੀ ਰੱਖੇ। ਉੱਪਰ ਨੂੰ ਅਰਥਾਤ ਅੰਦਰ ਨੂੰ ਸੁਆਸ ਲੈ ਜਾਣ ਸਮੇਂ ਸ਼ਬਦ ਦਾ ਸਪਰਸ਼ ਹਲਕ ਤਾਲੂ ਸਹਿਤ ਹੋਵੇਗਾ ਅਤੇ ਹੇਠਾਂ ਬਾਹਰਵਾਰ ਨੂੰ ਸੁਆਸ ਉਤਾਰਦੇ ਹੋਏ ਸ਼ਬਦ ਰਸਨਾ ਸੇਤੀ ਸੁਪਰਸੇਗਾ। ਇਸ ਸੁਪਰਸ਼ ਦੀ ਧੁਨੀ ਚਾਹੇ ਬੈਖਰੀ ਹੋਵੇ, ਚਾਹੇ ਮੱਧਮਾ, ਪਰਾ ਪਸੰਤੀ ਹੋਵੇ ਉਸ ਧੁਨੀ ਸੇਤੀ ਸੁਰਤਿ ਨੂੰ ਜੋੜਨਾ ਹੈ।”[2]

ਰਹੱਸਵਾਦੀ ਵਿਸ਼ਿਆਂ ਬਾਰੇ ਆਪ ਨੇ ਜਿੰਨੀ ਸਰਲਤਾ ਤੇ ਸਪਸ਼ਟਤਾ ਨਾਲ ਬਿਆਨ ਕੀਤਾ ਹੈ, ਇਹ ਕੋਈ ਗੁਰਬਾਣੀ ਦੇ ਰੰਗ ਵਿਚ ਰੰਗੀ ਸ਼ਖ਼ਸੀਅਤ ਵਾਲਾ ਹੀ ਕਰ ਸਕਦਾ ਹੈ। ਭਾਈ ਸਾਹਿਬ ਦੀਆਂ ਰਚਨਾਵਾਂ ਵਿਚ ਚੁੰਚ ਗਿਆਨ ਵਾਲੀ ਅਕਲੀ ਧੁੰਦ ਕਿਤੇ ਨਹੀਂ ਹੈ, ਨਿੱਜੀ-ਅਨੁਭਵ ਦਾ ਪ੍ਰਕਾਸ਼ ਹੈ। ਆਪ ਦੇ ਭਾਵਾਂ ਦੀ ਰਵਾਨੀ ਸਭ ਸ਼ੰਕਿਆਂ ਨੂੰ ਰੋੜ੍ਹ ਕੇ ਪਾਠਕਾਂ ਨੂੰ ਨਾਮ ਦੇ ਰੰਗ ਵਿਚ ਰੰਗ ਦਿੰਦੀ ਹੈ।

ਸਿੱਖ ਧਰਮ ਵਿਚ ‘ਅੰਮ੍ਰਿਤ’ ਦੀ ਬਹੁਤ ਮਹਾਨਤਾ ਹੈ। ਭਾਈ ਸਾਹਿਬ ਦਾ ਮੰਨਣਾ ਹੈ ਕਿ ਅੰਮ੍ਰਿਤ ਛਕਣ ਸਮੇਂ ਹੀ ਅੰਮ੍ਰਿਤ ਅਭਿਲਾਖੀਆਂ ਨੂੰ ਵਾਹਿਗੁਰੂ ਨਾਮ ਰੂਪੀ ਗੁਰਮੰਤਰ ਪ੍ਰਾਪਤ ਹੁੰਦਾ ਹੈ। ਭਾਈ ਸਾਹਿਬ ਅਨੁਸਾਰ ਅੰਮ੍ਰਿਤ ਛਕਾਉਣ ਵਾਲੇ ਪੰਜਾਂ ਪਿਆਰਿਆਂ ਦੀ ਆਤਮਿਕ ਸ਼ਕਤੀ ਅਤੇ ਅੰਮ੍ਰਿਤ ਗ੍ਰਹਿਣ ਕਰਨ ਵਾਲਿਆਂ ਦੇ ਮਨ ਵਿਚ-ਪ੍ਰਭਾਵ ਦਾ ਚਾਅ, ਇਹ ਦੁਵੱਲੀ-ਖਿੱਚ ਨਾਮ ਦੀ ਪ੍ਰਾਪਤੀ ਕਰਾਮਾਤੀ-ਪ੍ਰਭਾਵ ਪਾਉਂਦੀ ਹੈ। “ਇਸ ਵਿਚ ਰੰਚਕ ਸੰਦੇਹ ਨਹੀਂ ਕਿ ਜਿਨ੍ਹਾਂ ਵਡਭਾਗੇ ਜਨਾਂ ਨੂੰ ਅੰਮ੍ਰਿਤ ਛਕਣ ਸਾਰ ਹੀ ਅੰਮ੍ਰਿਤ ਨਾਮ ਦੀ ਅਮਰ ਕਲਾ ਪੂਰਨ ਪਾਰਸ ਕਲਾ ਵਰਤ ਕੇ ਅਮਰ ਪਦਵੀ ਪ੍ਰਾਪਤ ਹੋ ਗਈ, ਉਸ ਦੇ ਜਨਮ-ਮਰਨ ਆਵਾਗਵਨ ਦਾ ਸਿਲਸਿਲਾ ਤਾਂ ਓਥੇ ਹੀ ਮੁਕ ਗਿਆ। ਪ੍ਰੰਤੂ ਅੰਮ੍ਰਿਤ ਨਾਮ ਦੀ ਝਰਨਾਟ ਜੇਹੜੀ ਅਮਰ ਪਰਭਾਵੀ ਪਾਰਸ ਕਲਾ ਦੁਆਰਾ ਇਕ ਵਾਰੀ ਛਿੜ ਪਈ ਹੈ, ਉਹ ਸਦਾ ਛਿੜੀ ਹੀ ਰਹੇਗੀ।”[3]

‘ਅਣਡਿੱਠੀ ਦੁਨੀਆਂ’ ਅਤੇ ‘ਸੱਚ ਖੰਡ ਦਰਸ਼ਨ’ ਪੁਸਤਕਾਂ ਰਾਹੀਂ ਆਪ ਨੇ ਲੋਕ-ਪਰਲੋਕ ਨਾਲ ਸੰਬੰਧਤ ਕਈ ਜੀਵਨ ਭੇਦਾਂ ਨੂੰ ਗੁਰਬਾਣੀ ਦੇ ਆਧਾਰ ਉੱਤੇ

ਖੋਲ੍ਹਿਆ ਹੈ। ਅਕਾਲ ਪੁਰਖ ਦੀ ਦਰਗਾਹ, ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸਚਖੰਡ ਵਰਗੇ ਅਨੇਕਾਂ ਰਹੱਸਮਈ ਵਿਸ਼ਿਆਂ ਬਾਰੇ ਆਪ ਨੇ ਗੁਰਬਾਣੀ ਦੇ ਹਵਾਲਿਆਂ ਨਾਲ ਸਰਲ ਤੇ ਸਪਸ਼ਟ ਸ਼ਬਦਾਂ ਰਾਹੀਂ ਵਿਚਾਰ ਪੇਸ਼ ਕੀਤੇ ਹਨ। ਆਪ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਸੱਚ ਦੀ ਖੋਜ ਦਾ ਅਸਲ ਟਿਕਾਣਾ ਮਨ ਹੈ। ਪਰ ਮਨ ਵਿੱਚੋਂ ਵੀ ਸੱਚ ਦੀ ਖੋਜ ਉਹੀ ਕਰ ਸਕਦਾ ਹੈ ਜਿਸ ਪਾਸੋਂ ਆਪ ਸਤਿ-ਸਰੂਪ ਨਿਰੰਕਾਰ ਕਰਾਵੇ।

ਭਾਈ ਸਾਹਿਬ ਗੁਰਮਤਿ ਸਿਧਾਂਤਾਂ ਅਥਵਾ ਸੰਕਲਪਾਂ ਦੀ ਵਿਆਖਿਆ ਕਰਦੇ ਹੋਏ ਉਸ ਨਾਲ ਸੰਬੰਧਿਤ ਗੁਰਬਾਣੀ ਦੀ ਪੰਕਤੀ ਦਾ ਹਵਾਲਾ ਦਿੰਦੇ ਹਨ। ਇੱਥੋਂ ਤਕ ਕਿ ਕਿਸੇ ਇਕ ਸ਼ਬਦ ਦੀ ਪਰਿਭਾਸ਼ਾ ਦਿੰਦੇ ਹੋਏ ਵੀ ਆਪ ਗੁਰਬਾਣੀ ਪੰਕਤੀ ਦੀ ਵਰਤੋਂ ਕਰਦੇ ਹਨ। ਭਾਈ ਸਾਹਿਬ ਗੁਰਬਾਣੀ ਪੰਕਤੀ ਦਾ ਹਵਾਲਾ ਦੇ ਕੇ ਪ੍ਰਸਤੁਤ ਚਿੰਤਨ ਦੀ ਸਾਰੀ ਜ਼ਿੰਮੇਵਾਰੀ ਗੁਰੂ ਸਾਹਿਬਾਨ ਉੱਪਰ ਟਿਕਾ ਦਿੰਦੇ ਹਨ। ਇਹ ਵਿਧੀ ਭਾਈ ਸਾਹਿਬ ਦੇ ਗੁਰਮਤਿ ਚਿੰਤਨ ਨੂੰ ਵਧੇਰੇ ਠੋਸ ਤੇ ਪ੍ਰਮਾਣਿਕ ਬਣਾ ਦੇਣ ਵਿਚ ਸਹਾਇਕ ਸਿੱਧ ਹੋਈ ਹੈ ਜਿਵੇਂ ਕਿ ਭਾਈ ਸਾਹਿਬ ਅਨੁਸਾਰ ਗੁਰਮਤਿ ਵਿਚ 'ਸ਼ਬਦ' ਨੂੰ ਗੁਰੂ ਰੂਪ ਮੰਨਿਆ ਗਿਆ ਹੈ। ਇਸ ਵਿਚਾਰ ਦੀ ਪਰਪੱਕਤਾ ਲਈ ਗੁਰਵਾਕ ਦਾ ਹਵਾਲਾ ਦਿੰਦੇ ਹਨ:

*ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥ (ਪੰਨਾ ੬੩੫)*

ਸੋ ਕਹਿ ਸਕਦੇ ਹਾਂ ਕਿ ਭਾਈ ਸਾਹਿਬ ਦੀ ਆਤਮਾ ਗੁਰਬਾਣੀ ਦੇ ਭਾਵਾਂ ਨਾਲ ਸਰਸ਼ਾਰ ਹੋਣ ਕਰਕੇ ਉਨ੍ਹਾਂ ਦੇ ਗੁਰਮਤਿ ਚਿੰਤਨ ਵਿਚ ਅਕਲੀ ਧੁੰਦ ਕਿਤੇ ਨਹੀਂ। ਭਾਈ ਸਾਹਿਬ ਸਿੱਖੀ ਖੰਡਿਓ ਤਿੱਖੀ ਤੇ ਵਾਲੋਂ-ਨਿੱਕੀ ਧਾਰ ਤੇ ਤੁਰਨ ਵਾਲੇ ਮਹਾਨ ਗੁਰਸਿੱਖ ਸਨ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ, ਨਾਮ ਜਪਣਾ, ਕਾਰ-ਵਿਹਾਰ ਵਿਚ ਸਚਾਈ, ਹੁਕਮ ਰਜਾਈ ਚਲਣਾ ਆਦਿ ਤੋਂ ਬਿਨਾਂ ਹੋਰ ਅਨੇਕ ਗੁਰਮਤਿ ਅਸੂਲਾਂ ਬਾਰੇ ਨਾ ਸਿਰਫ ਆਪ ਨੇ ਪੁਸਤਕਾਂ ਲਿਖੀਆਂ, ਸਗੋਂ ਇਨ੍ਹਾਂ ਅਸੂਲਾਂ ਵਿਚ ਆਪ ਦੀ ਰਹਿਣੀ ਵੀ ਹੈਰਾਨ ਕਰਨ ਵਾਲੀ ਸੀ।

**ਹਵਾਲੇ ਤੇ ਟਿੱਪਣੀਆਂ**

੧. ਭਾਈ ਰਣਧੀਰ ਸਿੰਘ, ਗੁਰਮਤਿ ਬਿਬੇਕ, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ, ੨੦੦੬ (ਸੱਤਵੀਂ ਵਾਰ), ਪੰਨਾ ੨੧੪

੨. ਉਹੀ, ਗੁਰਮਤਿ ਨਾਮ ਅਭਿਆਸ ਕਮਾਈ, ਉਹੀ,੧੯੮੦ (ਅੱਠਵੀਂ ਵਾਰ) ਪੰਨਾ ੨੩੩

੩. ਉਹੀ, ਗੁਰਮਤਿ ਬਿਬੇਕ, ਉਹੀ, ਪੰਨਾ ੧੦੧

ਗਾਗਰ 'ਚ ਸਾਗਰ-੮੩

# ਦਸਮ ਰਚਨਾ 'ਚ ਇਤਿਹਾਸਿਕ ਹਵਾਲੇ

*-ਡਾ. ਇੰਦਰਜੀਤ ਸਿੰਘ ਗੋਗੋਆਣੀ**

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿੱਥੇ ਤੇਗ਼ ਦੇ ਧਨੀ ਸਨ, ਉੱਥੇ ਕਲਮ ਦੇ ਵੀ ਧਨੀ ਸਨ। ਸਤਿਗੁਰਾਂ ਦੀ ਰਚਨਾ ਦੇ ਅਨੇਕ ਪੱਖ ਹਨ-ਅਧਿਆਤਮਵਾਦ, ਸ਼ਸਤਰਾਂ ਦੀ ਮਹਿਮਾ, ਬੀਰ ਰਸ, ਨਿਆਰੀ ਸ਼ੈਲੀ, ਚੜ੍ਹਦੀ ਕਲਾ ਦਾ ਰੰਗ, ਫੋਕਟ ਕਰਮ-ਕਾਂਡਾਂ ਦਾ ਖੰਡਨ, ਦੇਹ ਅਰੋਗਤਾ ਦਾ ਸੰਦੇਸ਼, ਵਿਸ਼ਵ ਪ੍ਰੇਮ ਦਾ ਸੁਨੇਹਾ ਅਤੇ ਇਤਿਹਾਸ ਦੇ ਖੋਜੀਆਂ ਲਈ ਬੇਅੰਤ ਇਤਿਹਾਸਿਕ ਹਵਾਲੇ ਹਨ। ਇਸ ਸਬੰਧੀ ਨਾਮਵਰ ਇਤਿਹਾਸਕਾਰ ਡਾ. ਗੰਡਾ ਸਿੰਘ ਲਿਖਦੇ ਹਨ, "ਇਤਿਹਾਸਿਕ ਪੱਖੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਲਿਖਿਆ ਅਤੇ ਜ਼ਫ਼ਰਨਾਮੇ ਵਿਚ ਬੀਤੇ ਵਾਕਿਆਤ ਦਾ ਜ਼ਿਕਰ ਕੀਤਾ ਹੈ।" ਅਸੀਂ ਇਨ੍ਹਾਂ ਦੋਨਾਂ ਹੀ ਰਚਨਾਵਾਂ ਨੂੰ ਆਧਾਰ ਬਣਾ ਕੇ ਵਿਚਾਰ ਕਰਾਂਗੇ।

'ਬਚਿਤ੍ਰ ਨਾਟਕ' ੩੫ ਪੰਨਿਆਂ ਦੀ ਲੰਮੇਰੀ ਰਚਨਾ ਹੈ, ਜਿਸ ਨੂੰ ਇਤਿਹਾਸਿਕ ਪੱਖੋਂ ਸਤਿਗੁਰਾਂ ਦੀ ਸ੍ਵੈ-ਜੀਵਨੀ ਜਾਂ ਆਤਮ ਕਥਾ ਵੀ ਕਿਹਾ ਜਾਂਦਾ ਹੈ। ਇਹ ਸ੍ਰੀ ਦਸਮ ਗ੍ਰੰਥ ਦੇ ਪੰਨਾ ੩੯ ਤੋਂ ੭੩ ਤਕ ਦਰਜ ਹੈ। ਸਤਿਗੁਰਾਂ ਨੇ ਆਪਣੇ ਪ੍ਰਕਾਸ਼ ਸਥਾਨ ਬਾਰੇ ਲਿਖਿਆ ਹੈ;

*ਤਹੀ ਪ੍ਰਕਾਸ ਹਮਾਰਾ ਭਯੋ॥ ਪਟਨਾ ਸਹਰ ਬਿਖੈ ਭਵ ਲਯੋ॥*

ਫਿਰ ਪਟਨਾ ਸਾਹਿਬ ਤੋਂ ਪੰਜਾਬ ਆਉਣ ਦਾ ਵੇਰਵਾ, ਬਾਲਪਨ ਦੀਆਂ ਖੇਡਾਂ ਅਤੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਵਰਣਨ ਕੀਤਾ ਹੈ;

*ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥*
*ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥*

*(ਬਚਿਤ੍ਰ ਨਾਟਕ)*

ਇਹ ਲੰਮੇਰੀ ਰਚਨਾ ਹੈ। ਇਸੇ ਪ੍ਰਸੰਗ ਵਿਚ ਪਹਿਲਾਂ ਦਸਮੇਸ਼ ਪਿਤਾ ਨੇ ਪਹਿਲੇ ਨੌਂ ਗੁਰੂ ਸਾਹਿਬਾਨ ਦੀ ਇਕ ਜੋਤ ਤੇ ਜੁਗਤ ਦਾ ਵਰਣਨ ਕੀਤਾ ਹੈ। ਨੌਂ ਗੁਰੂ ਸਾਹਿਬਾਨ ਦਾ ਜੀਵਨ-ਕਾਲ ਅਨੁਸਾਰ ਦੋ ਵਾਰ ਵਰਣਨ ਦਸਮ ਪਾਤਸ਼ਾਹ ਜੀ ਨੇ ਆਪਣੀ ਰਚਨਾ 'ਚ ਕੀਤਾ ਹੈ। ਇੱਕ ਸਿੱਖ ਅਰਦਾਸ ਦੀ ਪਹਿਲੀ ਪਉੜੀ ਹੈ ਅਤੇ ਦੂਜਾ ਹਵਾਲਾ ਇਸ ਤੋਂ ਵਧੀਕ ਵਿਸਥਾਰ ਵਿਚ ਹੈ:

*ਸ੍ਰੀ ਨਾਨਕ ਅੰਗਦਿ ਕਰ ਮਾਨਾ॥ ਅਮਰਦਾਸ ਅੰਗਦ ਪਹਿਚਾਨਾ॥*
*ਅਮਰਦਾਸ ਰਾਮਦਾਸ ਕਹਾਯੋ॥ ਸਾਧਨਿ ਲਖਾ ਮੂੜ੍ਹ ਨਹਿ ਪਾਯੋ॥ (ਬਚਿਤ੍ਰ ਨਾਟਕ)*

ਇਹ ਵੀ ਲੰਮੀ ਰਚਨਾ ਹੈ। ਅੱਗੇ ਦਸਮ ਪਿਤਾ ਨੇ ਆਪਣਾ ਜੀਵਨ ਲਕਸ਼

**ਪ੍ਰਿੰਸੀਪਲ, ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ, ਸ੍ਰੀ ਅੰਮ੍ਰਿਤਸਰ ਸਾਹਿਬ। ਮੋ: +੯੧੯੮੧੫੯-੮੫੫੫੯*

ਸਪਸ਼ਟ ਕੀਤਾ ਹੈ:

*ਧਰਮ ਚਲਾਵਨ ਸੰਤ ਉਬਾਰਨ॥*
*ਦੁਸਟ ਸਭਨ ਕੋ ਮੂਲ ਉਪਾਰਨ॥* (ਬਚਿਤ੍ਰ ਨਾਟਕ)

ਉਪਰੰਤ ਪਾਉਂਟਾ ਸਾਹਿਬ, ਨਦੌਣ ਦਾ ਯੁੱਧ, ਹੁਸੈਨੀ ਜੁੱਧ ਕਥਨੰ, ਭੰਗਾਣੀ ਦਾ ਯੁੱਧ, ਅਨੇਕਾਂ ਸਮਕਾਲੀ ਪਹਾੜੀ ਰਾਜਿਆਂ ਤੇ ਯੋਧਿਆਂ ਦੇ ਨਾਮ ਵੀ ਹਨ। ਇਸੇ ਪ੍ਰਸੰਗ ਵਿਚ *ਬਾਬੇ ਕੇ ਬਾਬਰ ਕੇ ਦੋਊ॥ ਆਪ ਕਰੇ ਪਰਮੇਸੁਰ ਸੋਊ॥* ਦਾ ਹਵਾਲਾ ਹੈ। ਬਹੁਤ ਸਾਰੇ ਇਲਾਕੇ ਅਤੇ ਸ਼ਹਿਰਾਂ ਦੇ ਨਾਮ ਹਨ, ਜੋ ਇਤਿਹਾਸਕਾਰਾਂ ਲਈ ਵਿਸ਼ੇਸ਼ ਮਹੱਤਤਾ ਰੱਖਦੇ ਹਨ।

ਇਸੇ ਪ੍ਰਕਾਰ ਕਲਗੀਧਰ ਪਾਤਸ਼ਾਹ ਦਾ ਫ਼ਤਹ ਦਾ ਖ਼ਤ 'ਜ਼ਫ਼ਰਨਾਮਾ' ਹੈ ਜੋ ਮਾਲਵੇ ਦੀ ਧਰਤੀ ਤੋਂ ਕਲਗੀਧਰ ਪਾਤਸ਼ਾਹ ਜੀ ਨੇ ਵਕਤ ਦੇ ਜ਼ਾਲਮ ਬਾਦਸ਼ਾਹ ਔਰੰਗਜ਼ੇਬ ਨੂੰ ਲਿਖਿਆ। ਇਸ ਦੇ ੧੧੧ ਸ਼ਿਅਰ ਹਨ ਜੋ ਫ਼ਾਰਸੀ ਵਿਚ ਹਨ। ਇਹ ਬਾਬੇ ਕੇ ਤੇ ਬਾਬਰ ਕਿਆਂ ਦੀ ਸੋਚ, ਨੇਕੀ ਅਤੇ ਬਦੀ ਦੀ ਟੱਕਰ ਦਾ ਬਹੁ-ਅਰਥੀ ਤੇ ਬਹੁ-ਵਿਸਥਾਰੀ ਸਦੀਵੀ ਗਵਾਹ ਹੈ। ਇਹ ਰਚਨਾ ਕੇਵਲ ਵਕਤੀ ਨਹੀਂ, ਸਗੋਂ ਹਰ ਯੁੱਗ ਦਾ ਸੱਚਾ ਸੰਦੇਸ਼ ਹੈ। ਇਸ ਰਚਨਾ ਵਿਚ ਚਮਕੌਰ ਦੀ ਗੜ੍ਹੀ ਦਾ ਹਾਲ ਹੈ ਕਿ ਦਸ ਲੱਖ ਦੇ ਘੇਰੇ ਵਿਚ ਮੇਰੇ ਜੂਝਣ ਵਾਲੇ ੪੦ ਮਰਦ ਸਨ। ਇਹ ਸਤਿਗੁਰਾਂ ਦੀ ਹੱਡ-ਬੀਤੀ ਤੇ ਪ੍ਰਮਾਣਿਕ ਹਵਾਲਾ ਹੈ:

*ਗੁਰਸਨਹ ਚਿਹ ਕਾਰੇ ਕੁਨੱਦ ਚਿਹਲ ਨਰ॥*
*ਕਿ ਦਹ ਲੱਕ ਬਰਾਯਦ ਬਰੋ ਬੇਖ਼ਬਰ॥* (ਜ਼ਫਰਨਾਮਾ)

ਭਾਵ ਮੇਰੇ ਚਾਲੀ ਮਰਦਾਂ (ਚਿਹਲ ਨਰ) ਉੱਪਰ ਦਸ ਲੱਖ ਸਿਪਾਹੀਆਂ ਨੇ ਅਚਨਚੇਤ ਆ ਹਮਲਾ ਕੀਤਾ। ਅੱਗੇ ਸਤਿਗੁਰੂ ਜੀ ਲਿਖਦੇ ਹਨ:

*ਨ ਪੇਚੀਦਾ ਮੂਏ ਨ ਰੰਜੀਦ ਤਨ॥*
*ਕਿ ਬੇਰੂੰ ਖ਼ੁਦ ਆਵਰੁਦ ਦੁਸ਼ਮਨ-ਸ਼ਿਕਨ॥* (ਜ਼ਫਰਨਾਮਾ)

ਭਾਵ- ਅਕਾਲ ਦੇ ਭਰੋਸੇ ਵਾਲੇ ਦਾ ਨਾ ਵਾਲ ਵਿੰਗਾ ਹੁੰਦਾ ਤੇ ਨਾ ਹੀ ਸਰੀਰ ਨੂੰ ਦੁੱਖ ਹੁੰਦਾ, ਸਗੋਂ ਪ੍ਰਭੂ-ਦੁਸ਼ਮਣ ਨੂੰ ਖਤਮ ਕਰ ਕੇ, ਭਰੋਸੇ ਵਾਲੇ ਨੂੰ ਬਾਹਰ ਲੈ ਆਉਂਦਾ ਹੈ। ਇਤਿਹਾਸਿਕ ਦ੍ਰਿਸ਼ਟੀ ਤੋਂ ਚੌਹਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਸਭ ਤੋਂ ਪਹਿਲਾ ਹਵਾਲਾ 'ਜ਼ਫ਼ਰਨਾਮਾ' ਵਿਚ ਹੈ:

*ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ॥*
*ਕਿ ਬਾਕੀ ਬਿਮਾਂਦਾ ਸਤ ਪੇਚੀਦਹ ਮਾਰ॥*

ਭਾਵ ਕੀ ਹੋਇਆ ਕਿ ਤੂੰ ਮੇਰੇ ਚਾਰ ਬੱਚੇ (ਬੱਚਗਾਂ ਕੁਸ਼ਤਹ ਚਾਰ) ਸ਼ਹੀਦ ਕਰ ਦਿੱਤੇ, ਪਰ ਪਿੱਛੇ ਕੁੰਡਲੀਆ ਸੱਪ (ਪੇਚੀਦਹ ਮਾਰ) 'ਖ਼ਾਲਸਾ' ਜਿਊਂਦਾ ਹੈ। ਜ਼ਫ਼ਰਨਾਮਾ ਵਿਚ ਦੁਸ਼ਮਣ ਦੀਆਂ ਫੌਜਾਂ ਦੇ ਜਰਨੈਲਾਂ ਦੇ ਨਾਮ ਵੀ ਹਨ ਅਤੇ ਮਾਲਵੇ ਵਿਚ ਵੱਸਦੀ ਬਹੁਗਿਣਤੀ ਕੌਮ ਦਾ ਨਾਮ ਵੀ ਹੈ ਕਿ ਔਰੰਗਜ਼ੇਬ! ਜੇ ਤੂੰ ਮੈਨੂੰ ਮਿਲਣਾ ਚਾਹੁੰਨਾ, ਤਾਂ ਮਾਲਵੇ ਵੱਲ ਆ, ਇੱਥੇ (ਬਰਾੜ) ਕੌਮ ਮੇਰੇ ਹੁਕਮ ਵਿਚ ਹੈ:

*ਹਮਹ ਕਉਮਿ ਬੈਰਾੜ ਹੁਕਮੇ ਮਰਾ ਅਸਤ॥*

ਉਪਰੰਤ ਔਰੰਗਜ਼ੇਬ ਨੂੰ ਵੰਗਾਰ ਵੀ ਹੈ:

*ਸ਼ਾਹਨਸ਼ਾਹ ਅਉਰੰਗਜ਼ੇਬ ਆਲਮੀਨ॥*
*ਕਿ ਦਾਰਾਇ ਦੌਰ ਅਸਤੁ ਦੂਰ ਅਸਤ ਦੀਨ॥* *(ਜ਼ਫਰਨਾਮਾ)*

ਹੇ ਔਰੰਗਜ਼ੇਬ! ਭਾਵੇਂ ਤੂੰ ਦੁਨੀਆ ਦਾ ਸ਼ਹਿਨਸ਼ਾਹ ਤੇ ਸਮੇਂ ਦਾ ਹਾਕਮ ਹੈਂ, ਪਰ ਤੂੰ ਸੱਚੇ ਧਰਮ ਤੋਂ ਬਹੁਤ ਦੂਰ ਹੈਂ।

ਤੱਤਸਾਰ ਵੱਜੋਂ ਦਸਮ ਪਾਤਸ਼ਾਹ ਦੀਆਂ ਇਨ੍ਹਾਂ ਦੋ ਰਚਨਾਵਾਂ ਵਿਚ ਬੇਅੰਤ ਇਤਿਹਾਸਿਕ ਹਵਾਲੇ ਹਨ, ਜੋ ਇਤਿਹਾਸ ਦੇ ਖੋਜੀ ਵਿਦਵਾਨਾਂ ਲਈ ਮਹਾਨਤਾ ਰੱਖਦੇ ਹਨ। ■

---

# ਮਾਂ ਬੋਲੀ ਪੰਜਾਬੀ

*-ਸ. ਜਸਵਿੰਦਰ ਸਿੰਘ**

*ਪੰਜਾਬੀ ਹੈ ਜ਼ਬਾਨ ਮੇਰੀ, ਰੂਹ ਮੇਰੀ ਜਾਨ ਮੇਰੀ।*
*ਉੱਚੀ ਕਰੇ ਸ਼ਾਨ ਮੇਰੀ, ਸ਼ਬਦਾਂ ਦੀ ਖਾਨ ਮੇਰੀ।*
*ਇਸੇ ਲਈ ਸਦਾ ਇਹਦਾ ਕਰਾਂ ਸਤਿਕਾਰ ਮੈਂ।*
*ਦੁੱਧ ਦੀ ਮਿਠਾਸ ਇਹੋ, ਪਿਆਸੇ ਦੀ ਪਿਆਸ ਇਹੋ।*
*ਜਿਸਮ 'ਚ ਸਾਸ ਇਹੋ, ਜੀਵਨ ਦੀ ਆਸ ਇਹੋ।*
*ਧੁਰ ਅੰਦਰ ਤੋਂ ਦਿੰਦਾ ਰਹਾਂ ਇਹਨੂੰ ਪਿਆਰ ਮੈਂ।*
*ਗੁਰੂਆਂ ਦੇ ਬੋਲ ਮਿੱਠੇ, ਸ਼ਹਿਦ ਰਹੇ ਘੋਲ ਮਿੱਠੇ।*
*ਭਗਤੀ ਰੰਗ ਫੋਲ ਮਿੱਠੇ, ਸ਼ਬਦਾਂ ਦੇ ਝੋਲ ਮਿੱਠੇ।*
*ਮਿੱਠਤ ਦੇ ਨਾਲ ਤਾਹੀਓਂ ਹੋਇਆ ਸਰਸ਼ਾਰ ਮੈਂ।*
*ਬਜ਼ੁਰਗਾਂ ਦੇ ਵਿਹੜੇ ਵੀ, ਬੱਚਿਆਂ ਦੇ ਨੇੜੇ ਵੀ।*
*ਜਜ਼ਬਿਆਂ ਨੂੰ ਛੇੜੇ ਵੀ, ਪਿਆਰ ਵੀ ਤੇ ਝੇੜੇ ਵੀ।*
*ਦਿਲ ਧੜਕਾਏ ਮੇਰਾ ਜਾਵਾਂ ਬਲਿਹਾਰ ਮੈਂ।*
*ਮਾਂ ਦੇ ਦੁੱਧ ਦਾ ਕਰਜ਼ ਹੈ, ਸਭ ਨੂੰ ਇਹੋ ਅਰਜ਼ ਹੈ।*
*ਕਰਜ਼ ਲਾਹੀਏ ਫਰਜ਼ ਹੈ, ਵੱਡੀ ਇਹੋ ਗਰਜ਼ ਹੈ।*
*ਜਸਵਿੰਦਰ ਸਿੰਘਾ ਕਰਜ਼ ਤਾਰਨੇ ਨੂੰ ਜਾਨ ਦੇਵਾਂ ਵਾਰ ਮੈਂ।*
*ਪੰਜਾਬੀ ਹੈ ਜ਼ਬਾਨ ਮੇਰੀ, ਰੂਹ ਮੇਰੀ ਜਾਨ ਮੇਰੀ।*
*ਉੱਚੀ ਕਰੇ ਸ਼ਾਨ ਮੇਰੀ, ਸ਼ਬਦਾਂ ਦੀ ਖਾਨ ਮੇਰੀ।*
*ਇਸੇ ਲਈ ਸਦਾ ਇਹਦਾ ਕਰਾਂ ਸਤਿਕਾਰ ਮੈਂ।*

---

**੧੬੨; ਗਲੀ ਨੰ.੩; ਸ਼ਹੀਦ ਜਸਦੇਵ ਸਿੰਘ ਨਗਰ; ਲੁਧਿਆਣਾ ੧੪੧੦੦੬, ਮੋ: +੯੧੯੮੧੪੭-੧੫੭੬੬*

*ਜਨਵਰੀ ੨੦੧੮ ਦਾ ਬਾਕੀ . . .*

# ਸੈਲੂਲਰ ਜੇਲ੍ਹ ਅੰਡੇਮਾਨ: ਪੰਜਾਬ ਦੇ ਸੁਤੰਤਰਤਾ ਸੰਗਰਾਮੀ

*-ਡਾ.ਪਰਮਵੀਰ ਸਿੰਘ**

**ਪਰਮਾਨੰਦ, ਭਾਈ:** ਮੌਜੂਦਾ ਪਾਕਿਸਤਾਨ ਦੇ ਚਕਵਾਲ ਨੇੜੇ ਪੈਂਦੇ ਪਿੰਡ ਕਰਿਆਲੀ ਵਿਖੇ ੪ ਨਵੰਬਰ, ੧੮੭੬ ਈ. ਨੂੰ ਇਨ੍ਹਾਂ ਦਾ ਜਨਮ ਭਾਈ ਤਾਰਾ ਚੰਦ ਮੋਹਯਲ ਦੇ ਘਰ ਹੋਇਆ। ਅਠਵੀਂ ਕਲਾਸ ਤਕ ਇਨ੍ਹਾਂ ਨੇ ਚਕਵਾਲ ਵਿਖੇ ਹੀ ਪੜ੍ਹਾਈ ਕੀਤੀ ਫਿਰ ਲਾਹੌਰ ਦਾਖ਼ਲਾ ਲੈ ਲਿਆ। ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ੧੯੦੨ ਈ. ਵਿਚ ਐਮ.ਏ. ਕਰਨ ਉਪਰੰਤ ਅਧਿਆਪਨ ਕਾਰਜ ਅਰੰਭ ਕੀਤਾ ਅਤੇ ਤਿੰਨ ਸਾਲ ਬਾਅਦ ਅਫ਼ਰੀਕਾ ਚਲੇ ਗਏ। ਇੱਥੋਂ ਇਹ ਇੰਗਲੈਂਡ ਚਲੇ ਗਏ ਅਤੇ ੧੯੦੮ ਈ. ਵਿਚ ਭਾਰਤ ਵਾਪਸ ਆ ਗਏ। ੧੯੧੨ ਈ. ਵਿਚ ਇਹ ਅਮਰੀਕਾ ਚਲੇ ਗਏ ਅਤੇ ਉੱਥੇ ਜਾ ਕੇ ਕੈਲੀਫ਼ੋਰਨੀਆ ਯੂਨੀਵਰਸਿਟੀ ਵਿਚ ਦਾਖ਼ਲਾ ਲੈ ਲਿਆ। ਇੱਥੇ ਇਨ੍ਹਾਂ ਦੀ ਮੁਲਾਕਾਤ ਗ਼ਦਰ ਪਾਰਟੀ ਦੇ ਸਰਗਰਮ ਆਗੂ ਹਰ ਦਯਾਲ ਨਾਲ ਹੋਈ ਜਿਸ ਦੇ ਪ੍ਰਭਾਵ ਅਧੀਨ ਇਹ ਇਸ ਲਹਿਰ ਵੱਲ ਖਿੱਚੇ ਗਏ। ਇੱਥੇ ਇਨ੍ਹਾਂ ਨੇ ਇਕ ਕਿਤਾਬ ਤਰੀਖ਼-ਇ-ਹਿੰਦ ਲਿਖੀ ਸੀ। ਇਹ ਕਿਤਾਬ ਅੰਗਰੇਜ਼ਾਂ ਨੂੰ ਬਹੁਤ ਰੜਕਦੀ ਸੀ। ਪੰਜਾਬ ਆ ਕੇ ਇਨ੍ਹਾਂ ਨੇ ਫ਼ਾਰਮੇਸੀ ਖੋਲ ਲਈ ਜਿੱਥੇ ਵਿਦੇਸ਼ਾਂ ਤੋਂ ਆਉਣ ਵਾਲੇ ਗ਼ਦਰੀ ਅਕਸਰ ਆਇਆ ਕਰਦੇ ਸਨ। ਸਰਕਾਰ ਨੂੰ ਪਹਿਲਾਂ ਹੀ ਇਨ੍ਹਾਂ 'ਤੇ ਸ਼ੱਕ ਸੀ ਜਿਹੜਾ ਕਿ ਹੋਰ ਵਧੇਰੇ ਪੱਕਾ ਹੋ ਗਿਆ। ੧੯੧੫ ਈ. ਵਿਚ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਇਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਜਿਹੜੀ ਕਿ ਬਾਅਦ ਵਿਚ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਗਈ। ਸਜ਼ਾ ਭੁਗਤਣ ਲਈ ਇਨ੍ਹਾਂ ਨੂੰ ਅੰਡੇਮਾਨ ਜੇਲ੍ਹ ਵਿਖੇ ਭੇਜ ਦਿੱਤਾ ਗਿਆ। ਜੇਲ੍ਹ ਵਿਚ ਇਸੇ ਨਾਂ ਦਾ ਇਕ ਹੋਰ ਕੈਦੀ ਭਾਈ ਪਰਮਾਨੰਦ ਝਾਂਸੀ ਸੀ ਜਿਸ ਦਾ ਜੇਲ੍ਹਰ ਬੈਰੀ ਨਾਲ ਇਸ ਗੱਲ ਤੋਂ ਝਗੜਾ ਹੋ ਗਿਆ ਕਿ ਉਸ ਨੇ ਦਿੱਤੇ ਗਏ ਕੰਮ ਨੂੰ ਪੂਰਾ ਨਹੀਂ ਕੀਤਾ ਸੀ। ਜੇਲ੍ਹਰ ਬੈਰੀ ਨੇ ਉਸ ਨੂੰ ਬੁਲਾ ਕੇ ਬਹੁਤ ਬੁਰਾ-ਭਲਾ ਕਿਹਾ ਅਤੇ ਨਾਲ ਹੀ ਗਾਲਾਂ ਵੀ ਕੱਢੀਆਂ ਸਨ ਜਿਸ ਤੇ ਭਾਈ ਪਰਮਾਨੰਦ ਝਾਂਸੀ ਨੂੰ ਗੁੱਸਾ ਆ ਗਿਆ ਸੀ ਅਤੇ ਉਸ ਨੇ ਜੇਲ੍ਹਰ ਦੇ ਲੱਤ ਮਾਰ ਕੇ ਉਸ ਨੂੰ ਹੇਠਾਂ ਸੁੱਟ ਦਿੱਤਾ ਸੀ। ਇਸ ਗੱਲ 'ਤੇ ਉੱਥੇ ਮੌਜੂਦ ਜਮਾਂਦਾਰਾਂ ਨੇ ਉਸ ਨੂੰ ਬਹੁਤ ਕੁੱਟਿਆ। ਜੇਲ੍ਹਰ ਜੇਲ੍ਹ ਸੁਪਰਡੈਂਟ ਨੂੰ ਇਹ ਮਾਮਲਾ ਦੱਸਿਆ ਤਾਂ ਭਾਈ ਪਰਮਾਨੰਦ ਝਾਂਸੀ ਨੂੰ

**ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ: +੯੧੯੮੭੨੦-੭੪੩੨੨*

ਛੇ ਮਹੀਨੇ ਕੋਠੀ ਬੰਦ, ਛੇ ਮਹੀਨੇ ਡੰਡਾ ਬੇੜੀ ਅਤੇ ੨੦ ਬੈਂਤ ਲਾਉਣ ਦੀ ਸਜ਼ਾ ਹੋਈ। ਬੈਂਤ ਮਾਰਨ ਉਸ ਦਾ ਸਰੀਰ ਬੁਰੀ ਤਰ੍ਹਾਂ ਨਾਲ ਲਹੂ-ਲੁਹਾਨ ਹੋ ਗਿਆ। ਭਾਈ ਪਰਮਾਨੰਦ ਝਾਂਸੀ ਦੇ ਦੀ ਸਜ਼ਾ ਦੇ ਖ਼ਿਲਾਫ਼ ਬਾਬਾ ਸੋਹਣ ਸਿੰਘ ਭਕਨਾ, ਸ. ਪ੍ਰਿਥਵੀ ਸਿੰਘ, ਸ. ਜਵੰਦ ਸਿੰਘ ਆਦਿ ਕੈਦੀਆਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਪਹਿਲਾਂ ਤਾਂ ਜੇਲ੍ਹਰ 'ਤੇ ਇਸ ਦਾ ਕੋਈ ਅਸਰ ਨਾ ਹੋਇਆ, ਪਰ ਜਦੋਂ ਇਹ ਭੁੱਖ ਹੜਤਾਲ ਲੰਬੀ ਹੋ ਗਈ ਤਾਂ ਜੇਲ੍ਹਰ ਘਬਰਾ ਗਿਆ। ਉਸ ਨੇ ਭਾਈ ਪਰਮਾਨੰਦ ਲਾਹੌਰ ਦੇ ਰਾਹੀਂ ਕੈਦੀਆਂ ਨਾਲ ਸੁਲਾਹ ਦੀ ਪੇਸ਼ਕਸ਼ ਕੀਤੀ ਜਿਹੜੀ ਕਿ ਇਸ ਸ਼ਰਤ 'ਤੇ ਪ੍ਰਵਾਨ ਕਰ ਲਈ ਗਈ ਕਿ ਭਾਈ ਪਰਮਾਨੰਦ ਝਾਂਸੀ ਵਿਰੁੱਧ ਸਮੂਹ ਸਜ਼ਾਵਾਂ ਵਾਪਸ ਲੈ ਲਈਆਂ ਜਾਣ।

ਭਾਈ ਪਰਮਾਨੰਦ ਲਾਹੌਰ ਨੂੰ ਕੈਦੀਆਂ ਦੀ ਸੇਵਾ ਕਰਨ ਦਾ ਕੰਮ ਮਿਲਿਆ। ਬੀਮਾਰਾਂ ਦਾ ਬੁਖ਼ਾਰ ਦੇਖਣ ਅਤੇ ਉਹਨਾਂ ਨੂੰ ਦੁੱਧ ਪਿਆਉਣ ਦੀ ਸੇਵਾ ਵੀ ਇਨ੍ਹਾਂ ਨੂੰ ਮਿਲੀ ਸੀ। ਜੇਲ੍ਹ ਵਿਚ ਇਨ੍ਹਾਂ ਨੇ ਮੇਰੇ ਅੰਤ ਸਮਯ ਕੇ ਵਿਚਾਰ ਸਿਰਲੇਖ ਅਧੀਨ ਭਾਗਵਦ ਗੀਤਾ ਦੀ ਸਰਲ ਹਿੰਦੀ ਵਿਆਖਿਆ ਕੀਤੀ ਜਿਹੜੀ ਕਿ ਲਾਹੌਰ ਵਿਖੇ ਸੰਪੂਰਨ ਹੋਈ। The Indian Press Ltd., Allahabad ਤੋਂ ਇਹ ਪੁਸਤਕ ਪਹਿਲੀ ਵਾਰੀ ਪ੍ਰਕਾਸ਼ਿਤ ਹੋਈ। ਇਸ ਦੇ ਪ੍ਰਾਕਥਨ ਵਿਚ ਇਹ ਲਿਖਦੇ ਹਨ, "ਅੰਡੇਮਾਨ ਜੇਲ੍ਹ ਮੇਂ ਸੰਨ ੧੯੧੫ ਸੇ '੨੦ ਤਕ ਰਹਤੇ ਹੁਏ ਯੇ ਨੋਟ ਯਾਦਦਾਸ਼ਤ ਕੇ ਤੌਰ ਪਰ ਰਖੇ ਗਏ। ਯਹ ਵਿਚਾਰ ਬਾਰ-ਬਾਰ ਮੇਰੇ ਮਨ ਮੇਂ ਗੁਜਰਤਾ ਥਾ। ਦੋ ਮਾਸ ਕੇ ਅਨਸ਼ਨ ਕੇ ਕਾਰਣ ਮੇਰਾ ਖਯਾਲ ਥਾ ਕਿ ਕਾਲੇਪਾਨੀ ਮੇਂ ਹੀ ਮੇਰਾ ਸਰੀਰ-ਤਯਾਗ ਹੋਗਾ। ਇਸ ਲਿਏ ਉਸ ਕੇ ਬਾਦ ਯਦਿ ਯੇ ਨੋਟ ਕਿਸੀ ਯੋਗਯ ਮਨੁਸ਼ਯ ਕੇ ਹਾਥ ਪੜ ਜਾਯੇਂਗੇ ਤੋ ਵਹ ਇਨਹੇ ਛਪਵਾਕਰ ਪ੍ਰਕਾਸ਼ਿਤ ਕਰ ਦੇਗਾ। ਸਮਯ ਨੇ ਰੰਗ ਬਦਲਾ ਔਰ ਸੰਵਯ ਮੁਝੇ ਹੀ ਇਨਕੋ ਪ੍ਰਕਟ ਕਰਨੇ ਕਾ ਅਵਸਰ ਮਿਲ ਗਯਾ। ਮੈਨੇ ਇਨਕੇ ਅੰਦਰ ਕੋਈ ਪਰਿਵਰਤਨ ਕਰਨਾ ਉਚਿਤ ਨਹੀਂ ਸਮਝਾ ਔਰ ਜਯੋਂ ਕੇ ਤਯੋਂ ਪਾਠਕੋਂ ਕੇ ਸਾਮਨੇ ਰਖ ਦਿਯੇ ਹੈ। ਏਕ ਪ੍ਰਕਾਰ ਸੇ ਯੇ ਵਿਚਾਰ ਮੇਰੇ ਅੰਤ ਸਮਯ ਕੇ ਹੈ। ਤਬ ਮੈ ਸਮਝ ਬੈਠਾ ਥਾ ਕਿ ਅਬ ਮੇਰਾ ਦੁਨੀਆ ਮੇ ਕਭੀ ਕੋਈ ਸੰਬੰਧ ਨ ਹੋਗਾ।"

**ਸ. ਪ੍ਰਿਥਵੀ ਸਿੰਘ ਅਜ਼ਾਦ:** ਪੰਜਾਬ ਦੀ ਪਟਿਆਲਾ ਰਿਆਸਤ ਵਿਚ ਪੈਂਦੇ ਪਿੰਡ ਲਾਲੜੂ ਦੇ ਵਸਨੀਕ ਸ੍ਰੀ ਸ਼ਾਦੀ ਰਾਮ ਦਾ ਪੁੱਤਰ ਸੀ। ਇਹ ਰਾਜਪੂਤ ਪਰਵਾਰ ਨਾਲ ਸੰਬੰਧਿਤ ਸਨ ਅਤੇ ਇਨ੍ਹਾਂ ਦਾ ਪਿਛੋਕੜ ਰਾਜਸਥਾਨ ਦੇ ਜੈਸਲਮੇਰ ਨਾਲ ਜੁੜਦਾ ਹੈ। ੧੫ ਸਤੰਬਰ, ੧੮੯੨ ਈ. ਨੂੰ ਇਨ੍ਹਾਂ ਦਾ ਜਨਮ ਹੋਇਆ। ਇਨ੍ਹਾਂ ਦੇ ਪਿਤਾ ਜੀ ਬਰਮਾ ਜਾ ਵਸੇ ਸਨ ਜਿੱਥੇ ਉਨ੍ਹਾਂ ਨੇ ਡੇਅਰੀ ਦੇ ਧੰਦੇ ਰਾਹੀਂ ਬਹੁਤ ਵਧੀਆ ਕਾਰੋਬਾਰ ਚਲਾ ਲਿਆ ਸੀ। ਇਨ੍ਹਾਂ ਦਾ ਵੱਡਾ ਭਰਾ ਵੀ ਉੱਥੇ ਹੀ ਰਹਿੰਦਾ ਸੀ ਅਤੇ

ਕੁਝ ਸਮੇਂ ਬਾਅਦ ਇਹ ਵੀ ਬਰਮਾ ਚਲੇ ਗਏ। ਪੰਜਾਬ ਅਤੇ ਬਰਮਾ ਦੀ ਸਕੂਲੀ ਪੜ੍ਹਾਈ ਨੇ ਇਨ੍ਹਾਂ ਨੂੰ ਪੰਜਾਬੀ, ਬਰਮੀ, ਹਿੰਦੀ ਅਤੇ ਅੰਗਰੇਜ਼ੀ ਆਦਿ ਭਾਸ਼ਾਵਾਂ ਸਿਖਾ ਦਿੱਤੀਆਂ ਸਨ। ਬਰਮਾ ਤੋਂ ਇਹ ਪੀਨਾਂਗ, ਹਾਂਗਕਾਂਗ ਹੁੰਦੇ ਹੋਏ ਮਨੀਲਾ ਪਹੁੰਚ ਗਏ। ਇੱਥੋਂ ਇਹ ਸਟਾਕਟਨ ਚਲੇ ਗਏ ਜਿੱਥੇ ਇਨ੍ਹਾਂ ਦਾ ਮੇਲ ਬਾਬਾ ਜਵਾਲਾ ਸਿੰਘ ਅਤੇ ਬਾਬਾ ਵਿਸਾਖ਼ਾ ਸਿੰਘ ਨਾਲ ਹੋਇਆ। ਆਲੂਆਂ ਦੀ ਖੇਤੀ ਕਰਨ ਦੇ ਨਾਲ-ਨਾਲ ਇਹ ਗ਼ਦਰ ਲਹਿਰ ਨਾਲ ਜੁੜ ਕੇ ਦੇਸ਼ ਦੀ ਅਜ਼ਾਦੀ ਲਈ ਯਤਨਸ਼ੀਲ ਹੋ ਗਏ। ਅਮਰੀਕਾ ਤੋਂ ਇਹ ਯੋਕੋਹਾਮਾ (ਜਪਾਨ), ਮਨੀਲਾ, ਹਾਂਗਕਾਂਗ, ਸਿੰਘਾਪੁਰ, ਪੀਨਾਂਗ ਅਤੇ ਰੰਗੂਨ ਹੁੰਦੇ ਹੋਏ ਭਾਰਤ ਪਹੁੰਚੇ। ਰਸਤੇ ਵਿਚ ਇਨ੍ਹਾਂ ਦਾ ਕਈ ਥਾਵਾਂ 'ਤੇ ਸਵਾਗਤ ਹੋਇਆ। ਤੋਸ਼ਾਮਾਰੂ ਜਹਾਜ਼ ਰਾਹੀਂ ਬਰਮਾ ਤੋਂ ਭਾਰਤ ਆ ਰਹੇ ਸਨ ਕਿ ਇਨ੍ਹਾਂ ਨੂੰ ਅੰਗਰੇਜ਼ ਸਰਕਾਰ ਦੇ ਸਿਪਾਹੀਆਂ ਨੇ ਘੇਰਾ ਪਾ ਲਿਆ ਅਤੇ ਰੇਲ-ਗੱਡੀ ਰਾਹੀਂ ਕਲਕੱਤੇ ਤੋਂ ਪੰਜਾਬ ਭੇਜ ਦਿੱਤਾ। ਪੰਜਾਬ ਆ ਕੇ ਇਨ੍ਹਾਂ ਨੇ ਆਪਣੀਆਂ ਗਤੀਵਿਧੀਆਂ ਤੇਜ ਕਰ ਦਿੱਤੀਆਂ ਅਤੇ ਸਰਕਾਰ ਨੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ੧੪ ਨਵੰਬਰ, ੧੯੧੫ ਈ. ਨੂੰ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਇਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ ਜਿਹੜੀ ਕਿ ਵਾਇਸਰਾਇ ਦੀ ਕੌਂਸਲ ਨੇ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਗਈ। ਸਜ਼ਾ ਭੁਗਤਣ ਲਈ ਇਨ੍ਹਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ। ਪੰਜਾਬ ਤੋਂ ਕਲਕੱਤੇ ਲਿਆਂਦਾ ਗਿਆ ਅਤੇ ਪੰਜ ਦਿਨ ਇੱਥੋਂ ਦੀ ਅਲੀਪੁਰ ਜੇਲ੍ਹ ਵਿਚ ਰੱਖਣ ਤੋਂ ਬਾਅਦ ਮਹਾਰਾਜਾ ਜਹਾਜ਼ ਰਾਹੀਂ ਇਨ੍ਹਾਂ ਨੂੰ ਅੰਡੇਮਾਨ ਲਿਜਾਇਆ ਗਿਆ। ਨਵੰਬਰ ੧੯੧੫ ਤੋਂ ਜੁਲਾਈ ੧੯੨੧ ਈ. ਤਕ ਇਹ ਇਸੇ ਜੇਲ੍ਹ ਵਿਚ ਰਹਿ ਕੇ ਸਖ਼ਤੀਆਂ ਝੱਲਦੇ ਰਹੇ। ਇੱਥੇ ਇਨ੍ਹਾਂ ਦਾ ਮੇਲ ਬਹੁਤ ਸਾਰੇ ਪੰਜਾਬੀ ਕੈਦੀਆਂ ਨਾਲ ਹੋਇਆ। ਇਨ੍ਹਾਂ ਨੇ ਦੇਖਿਆ ਕਿ ਇੱਥੇ ਲਿਆਂਦੇ ਗਏ ਲੱਗਭਗ ੯੦ ਕੈਦੀਆਂ ਵਿੱਚੋਂ ੪੫ ਤੋਂ ਵਧੇਰੇ ਪੰਜਾਬ ਨਾਲ ਸੰਬੰਧਿਤ ਹਨ। ਜੇਲ੍ਹ ਪ੍ਰਸਾਸ਼ਨ ਦੀ ਕਿਸੇ ਨਾ ਕਿਸੇ ਵਧੀਕੀ ਕਾਰਨ ਪੰਜਾਬ ਦੇ ਕੈਦੀ ਅਕਸਰ ਉਨ੍ਹਾਂ ਨਾਲ ਅੜ ਜਾਂਦੇ ਸਨ ਅਤੇ ਉਨ੍ਹਾਂ ਨੂੰ ਭਾਰੀ ਸਜ਼ਾਵਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਪਿੰਜਰੇ ਵਿਚ ਬੰਦ ਕਰਨਾ, ਹੱਥ-ਕੜੀਆਂ ਅਤੇ ਬੇੜੀਆਂ ਲਗਾ ਕੇ ਲਗਾਤਾਰ ੭-੮ ਘੰਟੇ ਸਿੱਧੇ ਰੱਖਣਾ, ਬੈਂਤਾਂ ਦੀ ਸਜ਼ਾ, ਗਾਲੀ-ਗਲੋਚ ਆਦਿ ਆਮ ਗੱਲ ਸੀ। ਇਸੇ ਸਖ਼ਤੀ ਕਾਰਨ ਬਾਬਾ ਭਾਨ ਸਿੰਘ ਅਕਾਲ ਚਲਾਣਾ ਕਰ ਗਏ ਸਨ। ਇਸ ਜ਼ੁਲਮ ਦੇ ਖ਼ਿਲਾਫ਼ ਬਾਬਾ ਸੋਹਨ ਸਿੰਘ ਭਕਨਾ ਨੇ ਭੁੱਖ ਹੜਤਾਲ ਅਰੰਭ ਕਰ ਦਿੱਤੀ। ਭਾਵੇਂ ਕਿ ਬਾਬਾ ਜੀ ਨੇ ਹੋਰਨਾਂ ਦੇਸ਼ ਭਗਤਾਂ ਨੂੰ ਅਜਿਹਾ ਕਰਨ ਤੋਂ ਮਨਾ ਕਰ ਦਿਤਾ ਸੀ ਕੁਝ ਦਿਨਾਂ ਬਾਅਦ ਪ੍ਰਿਥਵੀ ਸਿੰਘ ਆਜ਼ਾਦ ਨੇ ਵੀ ਬਾਬਾ ਜੀ ਦੇ ਕਦਮਾਂ 'ਤੇ ਚੱਲਦੇ ਹੋਏ ਭੁੱਖ ਹੜਤਾਲ ਅਰੰਭ ਕਰ ਦਿੱਤੀ ਅਤੇ ਪਾਣੀ ਤਕ ਪੀਣਾ ਵੀ ਛੱਡ ਦਿੱਤਾ। ੧੩ ਦਿਨਾਂ ਬਾਅਦ ਇਨ੍ਹਾਂ ਨੂੰ ਹਸਪਤਾਲ ਲਿਆ ਕੇ ਪਾਈਪ ਰਾਹੀਂ ਦੁੱਧ ਪਿਲਾਇਆ

ਗਿਆ।

ਜੇਲ੍ਹ ਸਖ਼ਤੀ ਦੀਆਂ ਖ਼ਬਰਾਂ ਜੇਲ੍ਹ ਤੋਂ ਬਾਹਰ ਨਿਕਲ ਕੇ ਕਲਕੱਤਾ ਹੁੰਦੇ ਹੋਏ ਪੰਜਾਬ ਪਹੁੰਚੀਆਂ ਤਾਂ ਸਭ ਪਾਸੇ ਹਾਹਾਕਾਰ ਮੱਚ ਗਈ ਅਤੇ ਰਾਜਨੀਤਕ ਕੈਦੀਆਂ ਨੂੰ ਭਾਰਤ ਦੀਆਂ ਜੇਲ੍ਹਾਂ ਵਿਚ ਤਬਦੀਲ ਕਰਨ ਦੀ ਜ਼ੋਰਦਾਰ ਮੰਗ ਉਠਣ ਲੱਗੀ। ਸਰਕਾਰ ਨੇ ਲੋਕ-ਰੋਹ ਅੱਗੇ ਝੁਕਦੇ ਹੋਏ ਬਹੁਤ ਸਾਰੇ ਰਾਜਨੀਤਿਕ ਕੈਦੀਆਂ ਨੂੰ ਭਾਰਤ ਦੀਆਂ ਹੋਰਨਾਂ ਜੇਲ੍ਹਾਂ ਵਿਚ ਤਬਦੀਲ ਕਰਨ ਦਾ ਫ਼ੈਸਲਾ ਕਰ ਲਿਆ। ਇਨ੍ਹਾਂ ਨੂੰ ਪਹਿਲਾਂ ਮਦਰਾਸ ਲਿਆਂਦਾ ਗਿਆ ਅਤੇ ਫਿਰ ਕਲਕੱਤੇ ਭੇਜਣ ਦਾ ਫ਼ੈਸਲਾ ਕਰ ਲਿਆ। ਕਲਕੱਤਾ ਮੇਲ ਰਾਹੀਂ ਇਨ੍ਹਾਂ ਨੂੰ ਕੇਹਰ ਸਿੰਘ ਅਤੇ ਖ਼ੁਸ਼ਹਾਲ ਸਿੰਘ ਨਾਲ ਕਲਕੱਤੇ ਲਿਜਾਇਆ ਜਾ ਰਿਹਾ ਸੀ ਕਿ ਓਂਗੋਲ ਰੇਲਵੇ ਸਟੇਸ਼ਨ 'ਤੇ ਇਹ ਕੈਦ ਵਿੱਚੋਂ ਭੱਜਣ ਵਿਚ ਸਫ਼ਲ ਹੋ ਗਏ। ਦੁਬਾਰਾ ਗ੍ਰਿਫ਼ਤਾਰ ਕਰ ਕੇ ਇਨ੍ਹਾਂ ਨੂੰ ਰਾਜਮੁੰਦਰੀ ਜੇਲ੍ਹ ਵਿਚ ਭੇਜ ਦਿੱਤਾ ਗਿਆ। ੧੬ ਮਹੀਨੇ ਇਸੇ ਜੇਲ੍ਹ ਵਿਚ ਰੱਖਣ ਉਪਰੰਤ ਇਨ੍ਹਾਂ ਨੂੰ ਕਿਸੇ ਹੋਰ ਜੇਲ੍ਹ ਵਿਚ ਭੇਜਿਆ ਜਾ ਰਿਹਾ ਸੀ ਕਿ ਇਹ ਫਿਰ ਕੈਦ ਵਿੱਚੋਂ ਬਚ ਨਿਕਲਣ ਵਿਚ ਸਫ਼ਲ ਹੋ ਗਏ। ਇੱਥੋਂ ਭੱਜ ਕੇ ਇਹ ਮੁੰਬਈ ਆ ਗਏ ਅਤੇ ਥੀਓਸਾਫ਼ੀਕਲ ਸੁਸਾਇਟੀ ਦੁਆਰਾ ਚਲਾਏ ਜਾ ਰਹੇ ਸਨਾਤਨ ਹਾਈ ਸਕੂਲ ਵਿਚ ਇਨ੍ਹਾਂ ਨੇ ਬੱਚਿਆਂ ਨੂੰ ਫ਼ਿਜ਼ੀਕਲ ਟਰੇਨਿੰਗ ਕਰਾਉਣੀ ਅਰੰਭ ਕਰ ਦਿੱਤੀ। ਕੁਝ ਸਾਲ ਇੱਥੇ ਨੌਕਰੀ ਕਰਨ ਉਪਰੰਤ ਇਹ ਬਰਮਾ ਚਲੇ ਗਏ ਤਾਂ ਕਿ ਇੱਥੋਂ ਵਿਦੇਸ਼ ਜਾਣ ਦਾ ਮਨ ਬਣਾ ਲਿਆ, ਪਰ ਜਦੋਂ ਇਹ ਯਤਨ ਸਫ਼ਲ ਨਾ ਹੋਇਆ ਤਾਂ ਰੂਪੋਸ਼ ਰਹਿ ਕੇ ਇਹ ਰੂਸ ਚਲੇ ਗਏ। ੧੬ ਸਾਲ ਰੂਪੋਸ਼ ਰਹਿਣ ਉਪਰੰਤ ਇਨ੍ਹਾਂ ਨੇ ਮਹਾਤਮਾ ਗਾਂਧੀ ਦੇ ਕਹਿਣ 'ਤੇ ਆਤਮ-ਸਮਰਪਣ ਕਰ ਦਿੱਤਾ। ਮੁੰਬਈ ਵਿਚ ਸਮਰਪਣ ਕਰਨ ਉਪਰੰਤ ਇਨ੍ਹਾਂ ਨੂੰ ਪੰਜਾਬ ਲਿਆ ਕੇ ਰਾਵਲਪਿੰਡੀ ਜੇਲ੍ਹ ਵਿਚ ਬੰਦ ਕਰ ਦਿੱਤਾ। ੨੩ ਸਤੰਬਰ, ੧੯੩੯ ਈ. ਨੂੰ ਦੂਜੀ ਸੰਸਾਰ ਜੰਗ ਸ਼ੁਰੂ ਹੋਣ ਕਾਰਨ ਇਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਬਾਹਰ ਆ ਕੇ ਇਨ੍ਹਾਂ ਨੇ ਆਪਣੀਆਂ ਗਤੀਵਿਧੀਆਂ ਜਾਰੀ ਰੱਖੀਆਂ ਅਤੇ ਮਾਹਤਮਾ ਗਾਂਧੀ ਦੁਆਰਾ ਚਲਾਏ ਗਏ ਭਾਰਤ ਛੱਡੋ ਅੰਦੋਲਨ ਵਿਚ ਪੂਰਨ ਸਰਗਰਮੀ ਨਾਲ ਹਿੱਸਾ ਲੈਣਾ ਅਰੰਭ ਕਰ ਦਿੱਤਾ। ਭਾਵਨਗਰ ਤੋਂ ਗ੍ਰਿਫ਼ਤਾਰ ਕਰ ਕੇ ਪਹਿਲਾਂ ਇਨ੍ਹਾਂ ਨੂੰ ਰਾਜਕੋਟ (ਸੌਰਾਸ਼ਟਰ) ਜੇਲ੍ਹ ਵਿਚ ਭੇਜਿਆ ਅਤੇ ਫਿਰ ਪੂਨੇ ਦੀ ਯਰਵਦਾ ਜੇਲ੍ਹ ਵਿਚ ਤਬਦੀਲ ਕਰ ਦਿੱਤਾ। ਇੱਥੋਂ ਪੈਰੋਲ 'ਤੇ ਰਿਹਾਈ ਉਪਰੰਤ ੨੭ ਨਵੰਬਰ, ੧੯੪੩ ਈ. ਨੂੰ ਵਿਆਹ ਕਰਵਾ ਲਿਆ। ੩ ਅਕਤੂਬਰ, ੧੯੪੪ ਈ. ਨੂੰ ਪੁੱਤਰ ਅਜੀਤ ਸਿੰਘ ਅਤੇ ੯ ਮਈ ੧੯੪੯ ਨੂੰ ਪੁੱਤਰੀ ਪ੍ਰਗਯਾ ਪੈਦਾ ਹੋਈ। ਦੇਸ਼ ਦੀ ਅਜ਼ਾਦੀ ਉਪਰੰਤ ਇਹ ਪੰਜਾਬ ਵਾਪਸ ਆ ਗਏ ਅਤੇ ੧੯੪੯ ਈ. ਵਿਚ ਭੀਮ ਸੈਨ ਸੱਚਰ ਦੀ ਅਗਵਾਈ ਵਿਚ ਬਣੀ ਸਰਕਾਰ ਵਿਚ ਮੰਤਰੀ ਬਣੇ। ਸੇਵਾਵਾਂ ਬਦਲੇ ਇਨ੍ਹਾਂ ਨੂੰ ੧੯੭੭ ਈ. ਵਿਚ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ।

੫ ਮਾਰਚ, ੧੯੮੯ ਈ. ਨੂੰ ਇਹ ਅਕਾਲ ਚਲਾਣਾ ਕਰ ਗਏ।

**ਸ. ਪਿਆਰਾ ਸਿੰਘ:** ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਲੰਗੇਰੀ ਦੇ ਵਸਨੀਕ ਸ. ਲੱਖਾ ਸਿੰਘ ਦਾ ਇਹ ਪੁੱਤਰ ਸੀ। ਇਹ ਕਾਮਾਗਾਟਾਮਾਰੂ ਜਹਾਜ਼ ਰਾਹੀਂ ਭਾਰਤ ਆਇਆ ਸੀ। ਪਿੰਡ ਆ ਕੇ ਇਨ੍ਹਾਂ ਨੇ ਗ਼ਦਰ ਲਹਿਰ ਦਾ ਪ੍ਰਚਾਰ ਕਰਨਾ ਅਰੰਭ ਕਰ ਦਿੱਤਾ ਜਿਸ ਕਾਰਨ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਹਿਲੇ ਲਾਹੌਰ ਸਾਜਿਸ਼ ਕੇਸ ਵਿਚ ਇਨ੍ਹਾਂ ਦੀ ਜਾਇਦਾਦ ਜਬਤ ਕਰਨ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਸਜ਼ਾ ਭੁਗਤਣ ਲਈ ਜਨਵਰੀ ੧੯੧੬ ਵਿਚ ਇਨ੍ਹਾਂ ਨੂੰ ਕਾਲੇ ਪਾਣੀ ਭੇਜ ਦਿੱਤਾ ਗਿਆ।

**ਸ. ਪੂਰਨ ਸਿੰਘ:** ਜਗਜੀਤ ਸਿੰਘ ਦੱਸਦੇ ਹਨ ਕਿ ਇਹ ਲੁਧਿਆਣਾ ਜ਼ਿਲੇ ਵਿਚ ਪੈਂਦੇ ਪਿੰਡ ਈਸਵਾਲ ਦੇ ਵਸਨੀਕ ਸ. ਹੁਸ਼ਿਆਰ ਸਿੰਘ ਦੇ ਪੁੱਤਰ ਸਨ। 'ਹੋ'ਸ 'ਹੋ ਫੁਨਜਓਬ ਢਰਇਦੋਮ ਢਗਿਹਟਇਰਸ ਸਿਰਲੇਖ ਅਧੀਨ ਪੁਸਤਕ ਵਿਚ ਇਨ੍ਹਾਂ ਨੂੰ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਦੀ ਤਰਨਤਾਰਨ ਤਹਿਸੀਲ ਵਿਚ ਪੈਂਦੇ ਪਿੰਡ ਭੈਲ ਢਾਈਵਾਲਾ ਦੇ ਵਸਨੀਕ ਸ. ਹੁਕਮ ਸਿੰਘ ਦਾ ਪੁੱਤਰ ਦੱਸਿਆ ਗਿਆ ਹੈ। ਇਹ ਭਾਰਤੀ ਫ਼ੌਜ ਵਿਚ ਨੌਕਰੀ ਕਰਦੇ ਸਨ ਅਤੇ ੧੯੪੦ ਈ. ਵਿਚ ਇਨ੍ਹਾਂ ਨੇ ਦੇਸ਼ ਤੋਂ ਬਾਹਰ ਨੌਕਰੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਦੇ ਸਿੱਟੇ ਵੱਜੋਂ ਲਾਹੌਰ ਸਾਜ਼ਿਸ਼ ਕੇਸ ਅਧੀਨ ਇਨ੍ਹਾਂ ਦੀ ਜਾਇਦਾਦ ਜਬਤ ਕਰਨ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਸਜ਼ਾ ਭੁਗਤਣ ਲਈ ਇਨ੍ਹਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ।

**ਸ. ਬਲਵੰਤ ਸਿੰਘ:** ਪੰਜਾਬ ਦੇ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦੇ ਸਠਿਆਲਾ ਪਿੰਡ ਦੇ ਵਸਨੀਕ ਸ. ਹਮੀਰ ਸਿੰਘ ਦਾ ਇਹ ਪੁੱਤਰ ਸੀ। ਰੁਜ਼ਗਾਰ ਦੀ ਭਾਲ ਵਿਚ ਇਹ ਸਿੰਘਾਪੁਰ ਚਲਾ ਗਿਆ ਅਤੇ ਉੱਥੇ ਜਾ ਕੇ ਚੌਕੀਦਾਰ ਦੀ ਨੌਕਰੀ ਕਰ ਲਈ। ਸਿੰਘਾਪੁਰ ਤੋਂ ਵਾਪਸ ਪੰਜਾਬ ਆ ਕੇ ਇਸ ਨੇ ਗ਼ਦਰ ਲਹਿਰ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਫ਼ਰਵਰੀ ੧੯੧੫ ਈ. ਵਿਚ ਇਸ ਨੂੰ ਗ਼ਦਰ ਲਹਿਰ ਦੇ ਹੈਡਕੁਆਟਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ੧੩ ਸਤੰਬਰ, ੧੯੧੫ ਈ. ਨੂੰ ਲਾਹੌਰ ਸਾਜ਼ਿਸ਼ ਕੇਸ ਵਿਚ ਜਾਇਦਾਦ ਜਬਤ ਕਰਨ ਦੇ ਨਾਲ-ਨਾਲ ਇਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਜਿਹੜੀ ਕਿ ਗਵਰਨਰ ਜਨਰਲ ਦੀ ਕੌਂਸਲ ਨੇ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ। ਸਜ਼ਾ ਭੁਗਤਣ ਲਈ ਇਨ੍ਹਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ। ੧੯੩੨ ਈ. ਵਿਚ ਰਿਹਾਈ ਉਪਰੰਤ ਵਾਪਸ ਪਿੰਡ ਪਰਤਿਆ ਤਾਂ ਇਸ ਨੂੰ ਦੋ ਸਾਲ ਲਈ ਪਿੰਡ ਦੀ ਜੂਹ-ਬੰਦੀ ਕਰ ਦਿੱਤੀ ਗਈ।

**ਸ. ਬਿਸ਼ਨ ਸਿੰਘ:** ਇਹ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਦਦੇਹਰ ਦੇ ਵਸਨੀਕ ਸ. ਕੇਸਰ ਸਿੰਘ ਦਾ ਪੁੱਤਰ ਸੀ। ਇਹ ਸ਼ੰਘਾਈ ਪੁਲਿਸ ਵਿਚ ਕੰਮ ਕਰਦਾ ਸੀ ਅਤੇ ਗ਼ਦਰ ਲਹਿਰ ਦੇ ਪ੍ਰਭਾਵ ਅਧੀਨ ਪੰਜਾਬ ਪਰਤ ਆਇਆ ਸੀ।

ਗ਼ਦਰ ਲਹਿਰ ਦੀਆਂ ਸਰਗਰਮੀਆਂ ਵਿਚ ਭਾਗ ਲੈਣ ਕਾਰਨ ੧੯੧੫ ਈ. ਵਿਚ ਇਸ ਨੂੰ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਉਮਰ ਕੈਦ ਦੀ ਸਜ਼ਾ ਦੇ ਕੇ ਅੰਡੇਮਾਨ ਭੇਜ ਦਿੱਤਾ ਗਿਆ ਸੀ।

**ਸ. ਬਿਸ਼ਨ ਸਿੰਘ:** ਇਹ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਦਦੇਹਰ ਦੇ ਵਸਨੀਕ ਸ. ਜਵਾਲਾ ਸਿੰਘ ਦੇ ਪੁੱਤਰ ਸਨ। ਮਨੀਲਾ ਤੋਂ ਕਾਮਾਗਾਟਾਮਾਰੂ ਜਹਾਜ਼ ਰਾਹੀਂ ਪੰਜਾਬ ਪਰਤ ਕੇ ਇਨ੍ਹਾਂ ਨੇ ਗ਼ਦਰ ਲਹਿਰ ਦੀਆਂ ਗਤੀਵਿਧੀਆਂ ਵਿਚ ਸਰਗਰਮੀ ਨਾਲ ਭਾਗ ਲੈਣਾ ਅਰੰਭ ਕਰ ਦਿੱਤਾ ਜਿਸ ਕਾਰਨ ਇਨ੍ਹਾਂ 'ਤੇ ੧੯੧੫ ਈ. ਵਿਚ ਲਾਹੌਰ ਸਾਜ਼ਿਸ਼ ਕੇਸ ਅਧੀਨ ਮੁਕੱਦਮਾ ਚਲਾਇਆ ਗਿਆ ਅਤੇ ਉਮਰ ਕੈਦ ਦੀ ਸਜ਼ਾ ਦੇ ਕੇ ਅੰਡੇਮਾਨ ਭੇਜ ਦਿੱਤਾ। ੧੯੨੦ ਈ. ਵਿਚ ਇਸ ਨੂੰ ਰਿਹਾਅ ਕਰ ਦਿੱਤਾ ਗਿਆ। ਪੰਜਾਬ ਪਰਤ ਕੇ ਇਸ ਨੇ ਅਕਾਲੀ ਮੋਰਚਿਆਂ ਵਿਚ ਹਿੱਸਾ ਲੈਣਾ ਅਰੰਭ ਕਰ ਦਿੱਤਾ।

**ਸ. ਬਿਸ਼ਨ ਸਿੰਘ:** ਪੰਜਾਬ ਦੇ ਮੌਜੂਦਾ ਤਰਨਤਾਰਨ ਜ਼ਿਲੇ ਦੇ ਪਿੰਡ ਢੋਟੀਆਂ ਦੇ ਵਸਨੀਕ ਸ. ਜੀਵਨ ਸਿੰਘ ਦਾ ਇਹ ਪੁੱਤਰ ਸੀ। ੨੩ ਰਿਸਾਲਾ ਫੌਜੀ ਟੁਕੜੀ ਨਾਲ ਸੰਬੰਧਿਤ ਇਹ ਜਵਾਨ ਗ਼ਦਰੀਆਂ ਨਾਲ ਹਮਦਰਦੀ ਰੱਖਦਾ ਸੀ। ਇਨ੍ਹਾਂ ਦੀ ਟੁਕੜੀ ਲਾਹੌਰ ਵਿਖੇ ਤਾਇਨਾਤ ਸੀ ਅਤੇ ਜਦੋਂ ਇਨ੍ਹਾਂ ਨੂੰ ਯੂ.ਪੀ. ਵਿਖੇ ਪੋਸਟ ਕੀਤਾ ਗਿਆ ਤਾਂ ਇਨ੍ਹਾਂ ਦੇ ਇਕ ਸਾਥੀ ਦੇ ਟਰੰਕ ਵਿਚ ਰੱਖਿਆ ਹੋਇਆ ਬੰਬ ਫਟ ਗਿਆ ਜਿਸ ਤੋਂ ਇਨ੍ਹਾਂ ਦਾ ਭੇਤ ਖੁੱਲ੍ਹ ਗਿਆ। ਦਗਸ਼ਈ ਵਿਖੇ ਇਨ੍ਹਾਂ ਦਾ ਕੋਰਟ ਮਾਰਸ਼ਲ ਦੁਆਰਾ ਇਨ੍ਹਾਂ ਨੂੰ ਪਹਿਲਾਂ ਮੌਤ ਦੀ ਸਜ਼ਾ ਸੁਣਾਈ ਗਈ, ਪਰ ਬਾਅਦ ਵਿਚ ਇਹ ਸਜ਼ਾ ੧੦ ਸਾਲ ਵਿਚ ਤਬਦੀਲ ਕਰ ਦਿੱਤੀ ਗਈ। ਸਜ਼ਾ ਭੁਗਤਣ ਲਈ ਇਨ੍ਹਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ।

**ਸ. ਬਿਸ਼ਨ ਸਿੰਘ:** ਪੰਜਾਬ ਦੇ ਮੌਜੂਦਾ ਤਰਨਤਾਰਨ ਜ਼ਿਲ੍ਹੇ ਵਿਚ ਪੈਂਦੇ ਪਿੰਡ ਢੋਟੀਆਂ ਦੇ ਵਸਨੀਕ ਸ. ਰਾਮ ਸਿੰਘ ਦਾ ਇਹ ਪੁੱਤਰ ਸੀ। ਭਾਰਤੀ ਫ਼ੌਜ ਦੇ ੨੩ਵੇਂ ਰਸਾਲੇ ਨਾਲ ਸੰਬੰਧਿਤ ਇਹ ਜਵਾਨ ਗ਼ਦਰ ਪਾਰਟੀ ਲਹਿਰ ਨਾਲ ਹਮਦਰਦੀ ਰੱਖਦਾ ਸੀ ਜਿਸ ਦੇ ਸਿੱਟੇ ਵਜੋਂ ਇਸ ਨੂੰ ਕੋਰਟ ਮਾਰਸ਼ਲ ਦਾ ਸਾਹਮਣਾ ਕਰਨਾ ਪਿਆ ਜਿਸ ਨੇ ੧੯੧੫ ਵਿਚ ਇਨ੍ਹਾਂ ਨੂੰ ੧੦ ਸਾਲ ਦੀ ਸਜ਼ਾ ਸੁਣਾ ਕੇ ਅੰਡੇਮਾਨ ਭੇਜ ਦਿੱਤਾ।

**ਸ. ਬੁੱਢਾ ਸਿੰਘ:** ਪੰਜਾਬ ਦੇ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸੁਰ ਸਿੰਘ ਦੇ ਵਸਨੀਕ ਸ. ਈਸ਼ਰ ਸਿੰਘ ਦਾ ਇਹ ਪੁੱਤਰ ਸੀ। ੧੮੯੧ ਵਿਚ ਜਨਮੇ ਸ. ਬੁੱਢਾ ਸਿੰਘ ਬਰੇਲੀ ਵਿਖੇ ਬੈਟਰੀਆਂ ਦਾ ਕੰਮ ਕਰਦੇ ਸਨ ਜਿਸ ਨੂੰ ਛੱਡ ਕੇ ਇਹ ਸ਼ੰਘਾਈ ਚਲੇ ਗਏ। ਉੱਥੇ ਇਨ੍ਹਾਂ ਨੇ ਚੌਕੀਦਾਰ ਦੀ ਨੌਕਰੀ ਕਰ ਲਈ। ਗ਼ਦਰ ਪਾਰਟੀ ਦੀਆਂ ਗਤੀਵਿਧੀਆਂ ਵਿਚ ਹਿੱਸਾ ਲੈਣ ਲਈ ੧੩ ਅਕਤੂਬਰ, ੧੯੧੪ ਈ. ਨੂੰ ਇਹ ਐਸ. ਐਸ. ਨਾਮਸੰਗ ਜਹਾਜ਼ ਰਾਹੀਂ ਕਲਕੱਤਾ ਪਹੁੰਚਿਆ। ਗ਼ਦਰ ਲਹਿਰ ਦੇ ਫੇਲ ਹੋ ਜਾਣ

ਕਾਰਨ ਬਰੇਲੀ ਵਾਪਸ ਆ ਕੇ ਇਸ ਨੇ ਬੈਟਰੀਆਂ ਦਾ ਕੰਮ ਦੁਬਾਰਾ ਸ਼ੁਰੂ ਕਰ ਲਿਆ। ਇਸ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਆਂਦਾ ਗਿਆ ਅਤੇ ਦੂਜੇ ਲਾਹੌਰ ਸਾਜ਼ਿਸ਼ ਕੇਸ ਵਿਚ ੩੦ ਮਾਰਚ, ੧੯੧੬ ਈ. ਨੂੰ ਜਾਇਦਾਦ ਜਬਤ ਕਰਨ ਦੇ ਨਾਲ-ਨਾਲ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ੧੯੧੬ ਈ. ਵਿਚ ਅੰਡੇਮਾਨ ਭੇਜ ਦਿੱਤਾ ਗਿਆ ਜਿੱਥੇ ਇਹ ਜੇਲ੍ਹ ਦੀਆਂ ਸਖ਼ਤੀਆਂ ਨਾ ਝੱਲਦੇ ਹੋਏ ਅਕਾਲ ਚਲਾਣਾ ਕਰ ਗਿਆ।

**ਸ. ਬੁੱਢਾ ਸਿੰਘ ਫ਼ੈਲੋਕੇ:** ਇਹ ਮੌਜੂਦਾ ਪਾਕਿਸਤਾਨ ਦੇ ਜ਼ਿਲਾ ਗੁਜਰਾਂਵਾਲਾ ਵਿਚ ਪੈਂਦੇ ਪਿੰਡ ਫ਼ੈਲੋਕੇ ਦੇ ਵਸਨੀਕ ਸ. ਸ਼ਾਮ ਸਿੰਘ ਦਾ ਵਸਨੀਕ ਸੀ। ਮੈਂਡਲੇ ਸਾਜ਼ਿਸ਼ ਕੇਸ ਵਿਚ ਇਸ ਨੂੰ ਕਾਲੇਪਾਣੀ ਦੀ ਸਜ਼ਾ ਹੋਈ ਸੀ। ਇਸ ਨਾਲ ਬਹੁਤ ਮਾੜਾ ਵਰਤਾਉ ਕੀਤਾ ਜਾਂਦਾ ਸੀ। ਇਸ ਨੂੰ ਜੇਲ੍ਹ ਦੀ ਕੱਚੀ ਰੋਟੀ ਹਜ਼ਮ ਨਹੀਂ ਹੁੰਦੀ ਸੀ। ਇਸ ਦੀ ਬੀਮਾਰੀ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ ਅਤੇ ਅਖ਼ੀਰ ਇਹ ਮੌਤ ਦੇ ਮੂੰਹ ਵਿਚ ਚਲਾ ਗਿਆ। ਇਸ ਦਾ ਨਾਂ ਸੈਲੂਲਰ ਜੇਲ੍ਹ ਵਿਖੇ ਲੱਗੀ ਹੋਈ ਸ਼ਹੀਦਾਂ ਦੀ ਲਿਸਟ ਵਿਚ ਨਹੀਂ ਹੈ। (ਦੇਖੋ: ਭਗਤ ਸਿੰਘ ਬਿਲਗਾ, *ਗ਼ਦਰ ਲਹਿਰ ਦੇ ਅਣਫੋਲੇ ਵਰਕੇ,* ਪੰਨਾ ੯੬.)

**ਸ. ਭਾਨ ਸਿੰਘ:** ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਵਿਚ ਪੈਂਦੇ ਪਿੰਡ ਸੁਨੇਤ ਦੇ ਵਸਨੀਕ ਸ. ਸਾਵਨ ਸਿੰਘ ਦੇ ਇਹ ਪੁੱਤਰ ਸਨ। ਤੋਸ਼ਾ ਮਾਰੂ ਜਹਾਜ਼ ਰਾਹੀਂ ਇਹ ਭਾਰਤ ਆਏ ਸਨ ਅਤੇ ਇੱਥੇ ਆ ਕੇ ਇਨ੍ਹਾਂ ਨੇ ਗ਼ਦਰ ਪਾਰਟੀ ਲਹਿਰ ਦੀਆਂ ਗਤੀਵਿਧੀਆਂ ਵਿਚ ਸਰਗਰਮੀ ਨਾਲ ਭਾਗ ਲਿਆ ਜਿਸ ਕਰ ਕੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ੧੩ ਸਤੰਬਰ, ੧੯੧੫ ਈ. ਨੂੰ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ੧੦ ਸਾਲ ਦੀ ਸਜ਼ਾ ਸੁਣਾ ਕੇ ਇਨ੍ਹਾਂ ਨੂੰ ਅੰਡੇਮਾਨ ਭੇਜ ਦਿੱਤਾ। ਜੇਲ੍ਹ ਸਟਾਫ਼ ਨਾਲ ਕਿਸੇ ਨਾ ਕਿਸੇ ਗੱਲ 'ਤੇ ਇਨ੍ਹਾਂ ਦਾ ਝਗੜਾ ਹੋ ਜਾਂਦਾ ਸੀ ਅਤੇ ਨਿੱਕੀ ਜਿਹੀ ਗਲਤੀ 'ਤੇ ਵੀ ਇਨ੍ਹਾਂ ਨੂੰ ਕੁੱਟ-ਮਾਰ ਅਤੇ ਬੇੜੀਆਂ ਦੀ ਸਜ਼ਾ ਦਾ ਸਾਹਮਣਾ ਕਰਨਾ ਪੈਂਦਾ ਸੀ। ਜੇਲ੍ਹਰ ਬੈਰੀ ਵੀ ਇਨ੍ਹਾਂ ਨਾਲ ਬਹੁਤ ਈਰਖ਼ਾ ਕਰਦਾ ਸੀ। ਇਕ ਦਿਨ ਉਹ ਇਨ੍ਹਾਂ ਦੇ ਸੈਲ ਦੇ ਅੱਗੋਂ ਲੰਘਿਆ ਤਾਂ ਇਨ੍ਹਾਂ ਦਾ ਆਪਸੀ ਤਕਰਾਰ ਹੋ ਗਿਆ ਜਿਸ 'ਤੇ ਜੇਲ੍ਹਰ ਨੇ ਨੰਬਰਦਾਰ ਅਤੇ ਹੋਰ ਬੰਦੇ ਬੁਲਾ ਕੇ ਇਨ੍ਹਾਂ 'ਤੇ ਭਾਰੀ ਤਸ਼ੱਦਦ ਕਰਵਾਇਆ। ਇਸੇ ਵਿਰੋਧ ਕਾਰਨ ਇਸ ਨੇ ਜੇਲ੍ਹਰ ਦੇ ਸਾਹਮਣੇ ਆਉਣ 'ਤੇ ਖੜ੍ਹੇ ਹੋਣਾ ਬੰਦ ਕਰ ਦਿੱਤਾ। ਇਸ ਨੂੰ ਖੜੀ ਹਥਕੜੀ ਦੀ ਸਜ਼ਾ ਸੁਣਾਈ ਗਈ। ਇਕ ਦਿਨ ਇਸ ਨੇ ਖੜੀ ਹਥਕੜੀ ਲਵਾਉਣ ਤੋਂ ਮਨਾ ਕਰਦੇ ਹੋਏ ਕਿਹਾ ਕਿ ਪਹਿਲਾਂ ਮੇਰਾ ਕਸੂਰ ਦੱਸਿਆ ਜਾਵੇ। ਜਦੋਂ ਜੇਲ੍ਹਰ ਨੂੰ ਭਾਈ ਭਾਨ ਸਿੰਘ ਦੀ ਮਨਾਹੀ ਦਾ ਪਤਾ ਲੱਗਿਆ ਤਾਂ ਉਸ ਨੇ ਆਪਣੇ ਬੰਦਿਆਂ ਰਾਹੀ ਭਾਈ ਸਾਹਿਬ ਤੇ ਭਾਰੀ ਸਰੀਰਕ ਤਸੀਹੇ ਦਿੱਤੇ। ਜਦੋਂ ਉਹ ਜਾਣ ਲੱਗੇ ਤਾਂ ਭਾਈ ਸਾਹਿਬ ਨੇ ਕਿਹਾ ਕਿ ਜਿਉਂਦਾ ਛੱਡ ਕੇ ਕਿਉਂ ਜਾਂਦੇ ਹੋ? ਥੋੜ੍ਹਾ ਜਿਹਾ ਹੋਰ ਯਤਨ ਕਰਨ ਨਾਲ ਮੈਨੂੰ ਸਵਾਦਲੀ ਨੀਂਦ ਆ

ਜਾਵੇਗੀ ਅਤੇ ਤੁਹਾਡਾ ਹੱਥਕੜੀ ਲਾਉਣ ਤੋਂ ਖਹਿੜਾ ਛੁੱਟ ਜਾਵੇਗਾ। ਬਾਬਾ ਭਾਨ ਸਿੰਘ ਨੂੰ ਹੱਥਕੜੀ ਨਾ ਲਵਾਉਣ ਕਾਰਨ ਦਿੱਤੇ ਗਏ ਤਸੀਹਿਆਂ ਦੀ ਖ਼ਬਰ ਸਾਰੀ ਜੇਲ੍ਹ ਵਿਚ ਤੁਰੰਤ ਫੈਲ ਗਈ। ਭਾਈ ਬਿਸ਼ਨ ਸਿੰਘ ਸਰੀਰਕ ਪੱਖੋਂ ਤਕੜਾ ਸੀ ਅਤੇ ਇਸ ਨੇ ਜੇਲ੍ਹਰ ਦੇ ਪਾਲੇ ਹੋਏ ਸਰਕਾਰੀ ਗੁੰਡਿਆਂ ਨੂੰ ਹੱਥਕੜੀ ਲਾਉਣ ਲਈ ਵੰਗਾਰਿਆ ਜਿਸ ਦਾ ਜ਼ਿਕਰ ਇਨ੍ਹਾਂ ਪੰਕਤੀਆਂ ਵਿਚ ਇਸ ਤਰ੍ਹਾਂ ਕੀਤਾ ਗਿਆ ਹੈ:

ਹੱਥਕੜੀ ਲਗੇ ਫਿਰ ਲੌਣ ਬਿਸ਼ਨ ਸਿੰਘ ਨੂੰ,
ਅੱਗੋਂ ਸ਼ੇਰ ਨੇ ਆਖ ਬਤਾਇਆ ਸੀ।
ਹੱਥਕੜੀ ਨਹੀਂ ਲੁਔਣੀ ਲਾ ਲੈ ਜੋਰ ਸਾਰਾ,
ਵਾਹਵਾ ਸ਼ੇਰ ਨੇ ਹੱਥ ਵਿਖਾਇਆ ਸੀ।
'ਕੱਠੇ ਗੋਰੇ ਤੂੰ ਕਰ ਕੇ ਡਾਹ ਸਾਰੇ,
ਸੁਪਰਡੈਂਟ ਨੂੰ ਆਖ ਸੁਣਾਇਆ ਸੀ।
ਆ ਪਾਜੀਆ ਵੇਖ ਤੂੰ ਹੱਥ ਛੇਤੀ,
ਹੱਥਕੜੀ ਲਾ ਤੂੰ ਜਿਸ ਤਰ੍ਹਾਂ ਆਇਆ ਸੀ।
ਮਰੂੰ ਆਪ ਜਾਂ ਚੀਰ ਦਊਂ ਤੁਸਾਂ ਤਾਈਂ,
ਭਾਨ ਸਿੰਘ ਤੁਸਾਂ ਕਿਉਂ ਢਾਹਿਆ ਸੀ।

ਬਾਬਾ ਭਾਨ ਸਿੰਘ ਜੇਲ੍ਹਰ ਬੈਰੀ ਦੇ ਜ਼ੁਲਮਾਂ ਤੋਂ ਤੰਗ ਆ ਚੁੱਕਾ ਸੀ ਅਤੇ ਹੁਣ ਉਹ ਹੋਰ ਜ਼ੁਲਮ ਬਰਦਾਸ਼ਤ ਨਹੀਂ ਕਰ ਸਕਦਾ ਸੀ। ਜੇਲ੍ਹ ਵਿਚ ਹੋਏ ਜ਼ੁਲਮਾਂ ਕਾਰਨ ੨ ਨਵੰਬਰ, ੧੯੧੭ ਨੂੰ ਇਹ ਦੇਸ਼-ਭਗਤ ਅਕਾਲ ਚਲਾਣਾ ਕਰ ਗਿਆ। ਇਨ੍ਹਾਂ ਦੀ ਮੌਤ ਦੀ ਖ਼ਬਰ ਬੰਗਾਲ ਦੇ 'ਮਾਡਰਨ ਰਿਵੀਊ' ਵਿਚ ਪ੍ਰਕਾਸ਼ਿਤ ਹੋਈ ਤਾਂ ਸਾਰੇ ਦੇਸ਼ ਵਿਚ ਸੋਗ ਦੀ ਲਹਿਰ ਫੈਲ ਗਈ। ਜਦੋਂ ਸਰਕਾਰ ਨੇ ਅੰਡੇਮਾਨ ਦੇ ਚੀਫ਼ ਕਮਿਸ਼ਨਰ ਤੋਂ ਇਸ ਦੀ ਰਿਪੋਰਟ ਮੰਗੀ ਤਾਂ ਉਸ ਨੇ ਲਿਖ ਦਿੱਤਾ ਕਿ ਇਹ ਆਪਣੀ ਮੌਤ ਆਪ ਹੀ ਮਰਿਆ ਹੈ। ਇਹ ਫ਼ਸਾਦੀ ਆਦਮੀ ਸੀ ਇਸ ਦੀ ਮੌਤ ਨਾਲ ਜੇਲ੍ਹ ਵਿਚ ਸ਼ਾਂਤੀ ਪੈਦਾ ਹੋਵੇਗੀ। ਇਨ੍ਹਾਂ ਦਾ ਯਾਦਗਾਰੀ ਬੁੱਤ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਦੀ ਸੈਲੂਲਰ ਜੇਲ੍ਹ ਦੇ ਬਾਹਰ ਲੱਗਿਆ ਹੋਇਆ ਹੈ। ਜੇਲ੍ਹਰ ਬੈਰੀ ਨੂੰ ਦੇਖ ਕੇ ਭਾਨ ਸਿੰਘ ਗੁਰਬਾਣੀ ਦੀਆਂ ਇਹ ਪੰਕਤੀਆਂ ਅਕਸਰ ਉਚਾਰਿਆ ਕਰਦਾ ਸੀ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

**ਸ. ਮਦਨ ਸਿੰਘ:** ਮੌਜੂਦਾ ਪਾਕਿਸਤਾਨ ਦੇ ਲਾਹੌਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਗਾਗਾ ਦੇ ਵਸਨੀਕ ਸ. ਮੱਲ ਸਿੰਘ ਦਾ ਇਹ ਪੁੱਤਰ ਸੀ। ੧੯੮੭ ਈ. ਵਿਚ ਇਸ

ਦਾ ਜਨਮ ਹੋਇਆ। ਗ਼ਦਰ ਲਹਿਰ ਵਿਚ ਹਿੱਸਾ ਲੈਣ ਕਰ ਕੇ ਇਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ੧੯੧੫ ਈ. ਦੇ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਇਸ ਦੀ ਜਾਇਦਾਦ ਜਬਤ ਕਰਨ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਸਜ਼ਾ ਭੁਗਤਣ ਲਈ ਇਸ ਨੂੰ ਕਾਲੇ ਪਾਣੀ ਭੇਜ ਦਿੱਤਾ ਗਿਆ ਸੀ।

**ਸ. ਮਨੋਹਰ ਸਿੰਘ:** ਇਹ ਸ੍ਰੀ ਅੰਮ੍ਰਿਤਸਰ ਦੇ ਸ. ਲਹਿਣਾ ਸਿੰਘ ਦਾ ਪੁੱਤਰ ਸੀ। ਸ੍ਰੀ ਅੰਮ੍ਰਿਤਸਰ ਦੇ ਨੈਸ਼ਨਲ ਬੈਂਕ ਕਤਲ ਕੇਸ ਵਿਚ ਇਸ 'ਤੇ ਮੁਕੱਦਮਾ ਚਲਾਇਆ ਗਿਆ। ੨੨ ਜੂਨ, ੧੯੧੯ ਈ. ਨੂੰ ਮਾਰਸ਼ਲ ਲਾਅ ਅਧੀਨ ਇਸ ਦੀ ਜਾਇਦਾਦ ਜਬਤ ਕਰਨ ਅਤੇ ਮੌਤ ਦੀ ਸਜ਼ਾ ਸੁਣਾਈ ਗਈ ਜਿਹੜੀ ਕਿ ਬਾਅਦ ਵਿਚ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਗਈ। ਇਸ ਸਮੇਂ ਇਸ ਦੀ ਉਮਰ ੨੧ ਸਾਲ ਸੀ। ਸਜ਼ਾ ਭੁਗਤਣ ਲਈ ਇਸ ਨੂੰ ਅੰਡੇਮਾਨ ਭੇਜ ਦਿੱਤਾ ਗਿਆ।

**ਸ. ਮੇਹਰ ਸਿੰਘ:** ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਅਲਾਵਲਪੁਰ ਦੇ ਵਸਨੀਕ ਸ੍ਰੀ ਗੁਲਾਬਾ ਦਾ ਇਹ ਪੁੱਤਰ ਸੀ। ੧੮੭੨ ਵਿਚ ਇਹ ਕੂਕਾ ਲਹਿਰ ਦੇ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਗਏ। ਮਲੌਦ ਤੋਂ ਗ੍ਰਿਫ਼ਤਾਰ ਕਰ ਕੇ ਇਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਸਜ਼ਾ ਭੁਗਤਣ ਲਈ ਅੰਡੇਮਾਨ ਭੇਜ ਦਿੱਤਾ ਗਿਆ।

**ਸ. ਮੁਨਸ਼ਾ/ਮਨਸ਼ਾ ਸਿੰਘ:** ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਜੰਡਿਆਲਾ ਦੇ ਵਸਨੀਕ ਸ. ਨਿਹਾਲ ਸਿੰਘ ਦਾ ਇਹ ਪੁੱਤਰ ਸੀ। ਲੱਕੜੀ ਦੇ ਕੰਮ ਦਾ ਇਹ ਕਾਰੀਗਰ ਵੈਨਕੂਵਰ ਵਿਖੇ ਸ. ਕਰਤਾਰ ਸਿੰਘ ਸਰਾਭਾ ਦੇ ਸੰਪਰਕ ਵਿਚ ਸੀ। ੬ ਅਗਸਤ, ੧੯੧੪ ਈ. ਨੂੰ ਇਹ ਭਾਰਤ ਲਈ ਰਵਾਨਾ ਹੋਇਆ ਅਤੇ ਜਨਵਰੀ ੧੯੧੫ ਈ. ਵਿਚ ਇਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ੩੦ ਮਾਰਚ, ੧੯੧੬ ਈ. ਨੂੰ ਦੂਜੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਵਿਚ ਉਮਰ ਕੈਦ ਦੀ ਸਜ਼ਾ ਸੁਣ ਕੇ ਇਸ ਨੂੰ ਅੰਡੇਮਾਨ ਭੇਜ ਦਿੱਤਾ ਗਿਆ।

**ਸ. ਮੰਗਲ ਸਿੰਘ:** ਪੰਜਾਬ ਦੇ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਲਾਲਪੁਰ ਦੇ ਵਸਨੀਕ ਸ. ਸਰਮੁਖ ਸਿੰਘ ਦਾ ਇਹ ਪੁੱਤਰ ਸੀ। ੧੮੮੪ ਈ. ਵਿਚ ਇਨ੍ਹਾਂ ਦਾ ਜਨਮ ਹੋਇਆ। ਗ਼ਦਰ ਲਹਿਰ ਵਿਚ ਹਿੱਸਾ ਲੈਣ ਕਰ ਕੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਹਿਲੇ ਲਾਹੌਰ ਸਾਜਿਸ਼ ਕੇਸ ਵਿਚ ੧੩ ਸਤੰਬਰ, ੧੯੧੫ ਈ. ਨੂੰ ਇਨ੍ਹਾਂ ਦੀ ਜਾਇਦਾਦ ਜਬਤ ਕਰਨ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਸਜ਼ਾ ਭੁਗਤਣ ਲਈ ਇਨ੍ਹਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ। ਜੇਲ੍ਹ ਵਿਚ ਹੀ ਇਹ ਅਕਾਲ ਚਲਾਣਾ ਕਰ ਗਏ ਸਨ।

**ਸ. ਰਣਧੀਰ ਸਿੰਘ:** ਜਗਜੀਤ ਸਿੰਘ ਇਨ੍ਹਾਂ ਨੂੰ ਪੰਜਾਬ ਦੇ ਲੁਧਿਆਣਾ ਜ਼ਿਲੇ ਵਿਚ ਪੈਂਦੇ ਪਿੰਡ ਨਾਰੰਗਵਾਲ ਦੇ ਸੰਤ ਦੱਸਦੇ ਹਨ ਜਿਨ੍ਹਾਂ ਦਾ ਜਨਮ ਨਾਰੰਗਵਾਲ ਵਿਖੇ ਹੋਇਆ ਸੀ। Unsung Heroes of Freedom Struggle in Andamans:

Who's Who ਸਿਰਲੇਖ ਅਧੀਨ ਪੁਸਤਕ ਵਿਚ ਦੱਸਿਆ ਗਿਆ ਹੈ ਕਿ ੧੯੧੬ ਈ. ਵਿਚ ਇਨ੍ਹਾਂ ਦੀ ਉਮਰ ੩੮ ਸਾਲ ਦੀ ਸੀ ਅਤੇ ਇਹ ਨਾਇਬ ਤਹਿਸੀਲਦਾਰ ਦੀ ਪਦਵੀ 'ਤੇ ਕਾਰਜਸ਼ੀਲ ਸਨ। ਦੂਜੇ ਲਾਹੌਰ ਸਪਲੀਮੈਂਟਰੀ ਕੇਸ ਵਿਚ ਇਨ੍ਹਾਂ 'ਤੇ ਮੁਕੱਦਮਾ ਚਲਾਇਆ ਗਿਆ ਅਤੇ ੩੦ ਮਾਰਚ, ੧੯੧੬ ਈ. ਨੂੰ ਇਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਕੇ ਅੰਡੇਮਾਨ ਭੇਜ ਦਿੱਤਾ ਗਿਆ।

**ਸ੍ਰੀ ਰਾਜਾ ਰਾਮ:** ਮੌਜੂਦਾ ਪਾਕਿਸਤਾਨ ਵਿਖੇ ਪੰਜਾਬ ਦੇ ਗੁਜਰਾਤ ਜ਼ਿਲ੍ਹੇ ਵਿਚ ਪੈਂਦੇ ਪਿੰਡ ਮਲਕਵਾਲਾ ਦੇ ਵਸਨੀਕ ਸ੍ਰੀ ਗੰਗਾ ਰਾਮ ਅਤੇ ਬੀਬੀ ਉੱਤਮ ਦੇਵੀ ਦੇ ਘਰ ੧੮੯੮ ਈ. ਨੂੰ ਇਨ੍ਹਾਂ ਦਾ ਜਨਮ ਹੋਇਆ। ਕਿੱਤੇ ਵੱਜੋਂ ਵਪਾਰੀ ਇਸ ਨੌਜਵਾਨ ਨੇ ਰੌਲਟ ਐਕਟ ਦਾ ਵਿਰੋਧ ਕੀਤਾ ਜਿਸ ਕਾਰਨ ਮਾਰਸ਼ਲ ਲਾਅ ਅਧੀਨ ਇਸ 'ਤੇ ਮੁਕੱਦਮਾ ਚਲਾਇਆ ਗਿਆ। ੧੯੧੯ ਈ. ਵਿਚ ਇਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਜਿਹੜੀ ਕਿ ਬਾਅਦ ਵਿਚ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਗਈ। ਸਜ਼ਾ ਭੁਗਤਣ ਲਈ ਇਸ ਨੂੰ ਅੰਡੇਮਾਨ ਭੇਜਿਆ ਗਿਆ। ੧੯੨੦-੩੨ ਈ. ਦੌਰਾਨ ਇਸ ਜੇਲ੍ਹ ਵਿਖੇ ਸਜ਼ਾ ਭੁਗਤਣ ਉਪਰੰਤ ਇਸ ਨੂੰ ਲਾਹੌਰ, ਮੁਲਤਾਨ ਅਤੇ ਰਾਵਲਪਿੰਡੀ ਦੀਆਂ ਜੇਲ੍ਹਾਂ ਵਿਚ ਰੱਖ ਕੇ ੧੯੩੪ ਈ. ਵਿਚ ਰਿਹਾਅ ਕਰ ਦਿੱਤਾ ਗਿਆ। ੧੯੪੧ ਈ. ਵਿਚ ਸਰਕਾਰ ਵਿਰੋਧੀ ਭਾਸ਼ਣ ਦੇਣ ਕਾਰਨ ਇਸ ਨੂੰ ਇਕ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾ ਕੇ ਜੇਹਲਮ ਜੇਲ੍ਹ ਵਿਖੇ ਭੇਜ ਦਿੱਤਾ ਗਿਆ। ਰਿਹਾਈ ਉਪਰੰਤ ਇਹ ਰੂਪੋਸ਼ ਹੋ ਗਿਆ।

**ਸ੍ਰੀ ਰਾਮ ਹਰੀ:** ਇਹ ਗੁਰਦਾਸਪੁਰ ਦੇ ਵਸਨੀਕ ਸਨ। ਸਵਰਾਜਯ ਅਖ਼ਬਾਰ ਦੇ ਐਡੀਟਰ ਵਜੋਂ ਇਨ੍ਹਾਂ ਨੇ ਬਹੁਤ ਸਾਰੇ ਅਜਿਹੇ ਲੇਖ ਲਿਖੇ ਜਿਹੜੇ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਦੇ ਸਨ। ਦਸੰਬਰ ੧੯੦੮ ਈ. ਵਿਚ ੧੦ ਸਾਲ ਦੀ ਸਜ਼ਾ ਸੁਣਾਈ ਗਈ ਅਤੇ ਅਕਤੂਬਰ ੧੯੧੦ ਈ. ਵਿਚ ਇਨ੍ਹਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ।

**ਸ੍ਰੀ ਰਾਮ ਰਕਸ਼ਾ ਭਾਲੇ:** ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਸਸੋਲੀ ਸੇ ਵਸਨੀਕ ਸ੍ਰੀ ਜਵਾਹਰ ਰਾਮ ਦਾ ਇਹ ਪੁੱਤਰ ਸੀ। ਗ਼ਦਰ ਲਹਿਰ ਵਿਚ ਇਸ ਨੇ ਸਰਗਰਮ ਹਿੱਸਾ ਲਿਆ। ਲਾਲਾ ਸੋਹਨ ਲਾਲ ਨਾਲ ਰਲ ਕੇ ਇਸ ਨੇ ਬਰਮਾ, ਮਲਾਇਆ ਅਤੇ ਸਿੰਘਾਪੁਰ ਵਿਖੇ ਅੰਗਰੇਜ਼ ਸਰਕਾਰ ਵਿਰੁੱਧ ਬਗ਼ਾਵਤ ਦੀ ਯੋਜਨਾ ਬਣਾਈ ਸੀ। ੧੯੧੫ ਈ. ਵਿਚ ਗ੍ਰਿਫ਼ਤਾਰ ਕਰ ਕੇ ਮਾਂਡਲੇ ਸਪਲੀਮੈਂਟਰੀ ਸਾਜ਼ਿਸ਼ ਕੇਸ ਅਧੀਨ ਇਸ 'ਤੇ ਕੇਸ ਚਲਾਇਆ ਗਿਆ। ਉਮਰ ਕੈਦ ਦੀ ਸਜ਼ਾ ਸੁਣਾ ਕੇ ਇਸ ਨੂੰ ਅੰਡੇਮਾਨ ਭੇਜ ਦਿੱਤਾ ਗਿਆ ਜਿੱਥੇ ਜੇਲ੍ਹ ਵਿਚ ਰੱਖੀ ਭੁੱਖ ਹੜਤਾਲ ਨਾਲ ੧੯੧੯ ਵਿਚ ਇਹ ਅਕਾਲ ਚਲਾਣਾ ਕਰ ਗਿਆ। ਇਸ ਸੰਬੰਧੀ ਸਰਕਾਰੀ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਇਹ ਭੁੱਖਾ ਰਹਿ ਕੇ ਨਹੀਂ ਬਲਕਿ ਕੁਦਰਤੀ ਮੌਤ ਮਰਿਆ

ਹੈ।

**ਸ੍ਰੀ ਰਾਮ ਸਰਨ ਦਾਸ:** ਇਹ ਕਪੂਰਥਲਾ ਦੇ ਵਸਨੀਕ ਸ੍ਰੀ ਸੰਤ ਰਾਮ ਦਾ ਪੁੱਤਰ ਸੀ। ਕਪੂਰਥਲਾ ਵਿਚ ਇਸ ਨੇ 'ਲਿਬਰਟੀ' ਨਾਂ ਦੀ ਅਖ਼ਬਾਰ ਚਲਾਈ ਸੀ ਜਿਸ ਵਿਚ ਦੇਸ਼-ਭਗਤਾਂ ਦੀਆਂ ਖ਼ਬਰਾਂ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਜਾਂਦਾ ਸੀ। ੧੯੧੫ ਈ. ਦੇ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਇਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਜਿਹੜੀ ਕਿ ਵਾਇਸਰਾਇ ਨੇ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ। ਸਜ਼ਾ ਭੁਗਤਣ ਲਈ ਇਨ੍ਹਾਂ ਨੂੰ ਅੰਡੇਮਾਨ ਵਿਖੇ ਭੇਜ ਦਿੱਤਾ ਗਿਆ।

**ਸ. ਰੁਲੀਆ ਸਿੰਘ:** ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਵਿਚ ਪੈਂਦੇ ਸਰਾਭਾ ਪਿੰਡ ਦਾ ਵਸਨੀਕ ਇਹ ਭਾਈ ਜਗਤ ਸਿੰਘ ਦਾ ਪੁੱਤਰ ਸੀ। ਇੱਥੇ ਕਮਾਈ ਦੇ ਸਾਧਨ ਸੀਮਤ ਹੋਣ ਕਾਰਨ ਕੰਮ ਦੀ ਭਾਲ ਵਿਚ ਇਹ ਅਮਰੀਕਾ ਜਾ ਵੱਸੇ। ਓਰੇਗਨ ਵਿਖੇ ਬਹੁਤ ਸਾਰੇ ਪੰਜਾਬੀ ਖੇਤਾਂ ਵਿਚ ਕੰਮ ਕਰਦੇ ਸਨ। ਇਨ੍ਹਾਂ ਨੇ ਇੱਥੇ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇੱਥੇ ਹੀ ਇਨ੍ਹਾਂ ਦਾ ਮੇਲ ਸ. ਕਰਤਾਰ ਸਿੰਘ ਸਰਾਭਾ ਨਾਲ ਹੋਇਆ ਜਿਹੜਾ ਕਿ ਉਸ ਸਮੇਂ ਕੈਲੇਫ਼ੋਰਨੀਆ ਵਿਖੇ ਪੜ੍ਹਦਾ ਸੀ ਅਤੇ ਛੁੱਟੀ ਵਾਲੇ ਦਿਨ ਇੱਥੇ ਆ ਜਾਂਦਾ ਸੀ। ਗ਼ਦਰ ਪਾਰਟੀ ਦੇ ਸੱਦੇ 'ਤੇ ਇਹ ਪੰਜਾਬ ਆਇਆ। ਅਜ਼ਾਦੀ ਦੇ ਮਿਸ਼ਨ ਦੌਰਾਨ ਗ੍ਰਿਫ਼ਤਾਰ ਕਰ ਕੇ ਇਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਜਿਹੜੀ ਕਿ ਬਾਅਦ ਵਿਚ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਗਈ ਸੀ। ਸਜ਼ਾ ਭੁਗਤਣ ਲਈ ਇਨ੍ਹਾਂ ਨੂੰ ਅੰਡੇਮਾਨ ਵਿਖੇ ਸੈਲੂਲਰ ਜ਼ੇਲ ਵਿਚ ਭੇਜ ਦਿੱਤਾ ਗਿਆ ਸੀ। ਮਾਸਟਰ ਊਧਮ ਸਿੰਘ ਇਨ੍ਹਾਂ ਦਾ ਜ਼ੇਲ ਵਿਚ ਅਕਾਲ ਚਲਾਣਾ ਹੋਇਆ ਦੱਸਦੇ ਹਨ। (*ਕਿਰਤੀ*, ਮਈ ੧੯੩੦)।

**ਸ. ਰੂੜ ਸਿੰਘ:** ਪੰਜਾਬ ਦੇ ਫ਼ਿਰੋਜ਼ਪੁਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਚੂਹੜ ਚੱਕ ਦੇ ਵਸਨੀਕ ਸ. ਅਤਰ ਸਿੰਘ ਦਾ ਇਹ ਪੁੱਤਰ ਸੀ। ੧੮੮੦ ਈ. ਵਿਚ ਇਨ੍ਹਾਂ ਦਾ ਜਨਮ ਹੋਇਆ। ਦੇਸ਼-ਵਿਦੇਸ਼ ਤੋਂ ਵੱਖ-ਵੱਖ ਜਹਾਜ਼ਾਂ ਅਤੇ ਗਰੁੱਪਾਂ ਰਾਹੀਂ ਗ਼ਦਰੀ ਹਾਂਗਕਾਂਗ ਇਕੱਠੇ ਹੋਏ ਅਤੇ ਇੱਥੋਂ ਉਨ੍ਹਾਂ ਨੇ ਭਾਰਤ ਜਾਣ ਦੀ ਵਿਉਂਤਬੰਦੀ ਕੀਤੀ। ਯੋਜਨਾਬੱਧ ਢੰਗ ਨਾਲ ਅਜ਼ਾਦੀ ਦੇ ਸੰਘਰਸ਼ ਕਰਨ ਲਈ ਗ਼ਦਰ ਪਾਰਟੀ ਨੇ ਇਕ ਕੇਂਦਰੀ ਕਮੇਟੀ ਦਾ ਗਠਨ ਕੀਤਾ ਜਿਸ ਵਿਚ ਰੂੜ ਸਿੰਘ ਨੂੰ ਮੈਂਬਰ ਬਣਾਇਆ ਗਿਆ। ਤੋਸ਼ਾਮਾਰੂ ਜਹਾਜ਼ ਰਾਹੀਂ ਭਾਰਤ ਪਹੁੰਚਣ 'ਤੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਹਿਲੇ ਲਾਹੌਰ ਸਾਜਿਸ਼ ਕੇਸ ਵਿਚ ੧੩ ਸਤੰਬਰ, ੧੯੧੫ ਈ. ਨੂੰ ਇਨ੍ਹਾਂ ਦੀ ਜਾਇਦਾਦ ਜਬਤ ਕਰਨ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਸਜ਼ਾ ਭੁਗਤਣ ਲਈ ਇਨ੍ਹਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ।

*ਚਲਦਾ . . .*

# ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ

*-ਸ. ਬਲਵੰਤ ਸਿੰਘ ਤੇਗ**

*ਆਹਲੂਵਾਲੀਏ ਜੱਸਾ ਸਿੰਘਾ ਦਾ, ਆਓ! ਮੈਂ ਇਤਿਹਾਸ ਸੁਣਾਵਾਂ।*
*ਇਸ ਦਾ ਭਾਰਤ ਵਰਸ਼ ਦੇ ਉੱਤੇ, ਸੂਰਜ ਵਾਂਗੂੰ ਚਮਕੇ ਨਾਵਾਂ।*
*ਧਨੀ ਤੇਗ ਦਾ, ਬਚਨ ਦਾ ਪੂਰਾ, ਸੂਰਬੀਰ ਯੋਧਾ ਉਪਕਾਰੀ।*
*ਸੁਲਤਾਨ-ਉਲ-ਕੌਮ ਦੀ ਪਦਵੀ ਦੇ ਕੇ, ਪੰਥ ਜਿਨੂੰ ਦਿੱਤੀ ਸਰਦਾਰੀ।*
*ਬਾਰ੍ਹਾਂ ਮਿਸਲਾਂ 'ਕੱਠੀਆਂ ਕੀਤੀਆਂ, ਪਰਬਤੋਂ ਜਿਦ੍ਹਾ ਇਰਾਦਾ ਪੱਕਾ।*
*ਦੀਨ ਦੁਖੀ ਮਜ਼ਲੂਮ ਦਾ ਦਰਦੀ, ਕਿਸੇ ਨਾਲ ਹੋਣ ਨਾ ਦਿੱਤਾ ਧੱਕਾ।*
*ਅਹਿਮਦ ਸ਼ਾਹ ਅਬਦਾਲੀ ਨੇ ਜਾ, ਹਰਿਮੰਦਰ 'ਤੇ ਕਹਿਰ ਕਮਾਇਆ।*
*ਅੰਮ੍ਰਿਤਸਰ ਉਸ ਪੂਰ ਸਰੋਵਰ, ਸਿੱਖ ਕੌਮ ਨੂੰ ਸੱਲ ਜਾ ਲਾਇਆ।*
*ਨਾਲ ਬਰੂਦ ਦੇ ਹਰਿਮੰਦਰ ਨੂੰ, ਉਸ ਨੇ ਸੀ ਉਡਾ ਕੇ ਛੱਡਿਆ।*
*ਸ਼ਹਿਰ 'ਚੋਂ ਲੱਭੇ ਸਿੰਘ ਸੂਰਮੇ, ਉਹਨਾਂ ਤਾਈਂ ਮੁਕਾ ਕੇ ਛੱਡਿਆ।*
*ਖਾ ਗੁੱਸਾ ਫਿਰ ਕੁਝ ਚਿਰ ਮਗਰੋਂ, ਜੱਸਾ ਸਿੰਘ ਲੈ ਕੇ ਦਲ ਭਾਰੀ।*
*ਜਾ ਸਰਹੰਦ ਨੂੰ ਲੁੱਟ ਕੇ ਜਿੱਤਿਆ, 'ਕੱਠੀ ਹੋਈ ਕੌਮ ਸੀ ਸਾਰੀ।*
*ਫਿਰ ਸ. ਜੱਸਾ ਸਿੰਘ ਦਾਨੀ, ਚਾਦਰ ਇਕ ਵਿਛਾ ਕੇ ਬੋਲੇ।*
*ਇਹ ਚਾਦਰ ਹੈ ਗੁਰੂ ਦੀ ਚਾਦਰ, ਨੌਂ ਲੱਖਾ ਭੇਟ ਚੜ੍ਹਾ ਕੇ ਬੋਲੇ।*
*ਅੰਮ੍ਰਿਤਸਰ ਹਰਿਮੰਦਰ ਲਈ ਜਿਸ, ਕਾਰ ਸੇਵਾ ਵਿਚ ਹਿੱਸਾ ਪਾਣਾ।*
*ਵਧ ਚੜ੍ਹ ਇਸ 'ਤੇ ਮਾਇਆ ਰੱਖੋ, ਜਿਸ ਨੇ ਜੀਵਨ ਸਫਲ ਬਨਾਣਾ।*
*ਰਲਮਿਲ ਕੇ ਸਿੰਘਾਂ ਸਰਦਾਰਾਂ, ਪੰਜ ਲੱਖ ਹੋਰ ਰਲਾ ਕੇ ਮਾਇਆ।*
*ਪੰਜ ਮੈਂਬਰੀ ਇਕ ਸਾਜ ਕਮੇਟੀ, ਸੌਂਪ ਦਿੱਤਾ ਉਸ ਨੂੰ ਸਰਮਾਇਆ।*
*ਮੋਹਰ ਵੀ ਇਕ ਬਣਾ ਕੇ ਬੋਲੇ, ਫਿਰ ਵੀ ਜੇਕਰ ਥੋੜ੍ਹ ਕੋਈ ਹੋਵੇ।*
*ਹੁਕਮਨਾਮਾ ਲਿਖ ਮੋਹਰ ਲਗਾ ਕੇ, ਭੇਜ ਦੇਣਾ ਜੇ ਲੋੜ ਕੋਈ ਹੋਵੇ।*
*ਗੁਰੂ-ਘਰ ਵਿਚ ਕੋਈ ਨਹੀਂ ਘਾਟਾ, ਖੁੱਲ੍ਹੇ-ਦਿਲ ਨਾਲ ਸੇਵ ਕਮਾਣਾ।*
*ਸੋਢੀ ਪਿਤਾ ਦਾ ਤਾਲ ਹਰਿਮੰਦਰ, ਸੁੰਦਰ ਤੇ ਮਜ਼ਬੂਤ ਬਨਾਣਾ।*
*ਜੋ ਕੁਝ ਮੂੰਹੋਂ ਬਚਨ ਬੋਲਿਆ, ਓਹੋ ਸਿੰਘ ਨੇ ਕਰ ਕੇ ਦੱਸਿਆ।*
*ਸਿੱਖ ਪੰਥ ਲਈ ਮਰਨਾ ਦੱਸਿਆ, ਨਦੀ ਖ਼ੂਨ ਦੀ ਤਰ ਕੇ ਦੱਸਿਆ।* ■

*ਮਾਰਫਤ: ਸ. ਜਸਬੀਰ ਸਿੰਘ ਤੇਗ, ਮਕਾਨ ਨੰ: ੪੨੩੪, ੬-ਕੋਟ ਬਾਬਾ ਦੀਪ ਸਿੰਘ, ਸ੍ਰੀ ਅੰਮ੍ਰਿਤਸਰ ਸਾਹਿਬ। ਮੋ: +੯੧੯੮੮੮੬-੪੨੨੨੫

## ਮਥੁਰਾ (ਯੂ.ਪੀ.) ਅਤੇ ਛੰਨੀ ਟੋਲਾ (ਪਠਾਨਕੋਟ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਸਖ਼ਤ ਨਿੰਦਾ

ਸ੍ਰੀ ਅੰਮ੍ਰਿਤਸਰ, ੨੮ ਦਸੰਬਰ: ਮਥੁਰਾ ਵਿਖੇ ਬੀ. ਐਸ. ਐਫ਼. ਦੇ ਸਥਾਨਕ ਹੈੱਡ ਕੁਆਟਰ ਵਿਖੇ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਪਠਾਨਕੋਟ ਦੇ ਪਿੰਡ ਛੰਨੀ ਟੋਲਾ ਵਿਖੇ ਇਕ ਬੀਬੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀਤੀ ਬੇਅਦਬੀ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਖ਼ਤ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੀ ਮਨੁੱਖਤਾ ਦੇ ਗੁਰੂ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸਮੁੱਚੀ ਮਨੁੱਖਤਾ ਨੂੰ ਸਰਬਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਛੰਨੀ ਟੋਲਾ ਪਠਾਨਕੋਟ ਵਿਖੇ ਪਿੰਡ ਦੀ ਇਕ ਇਸਤਰੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਬੇਅਦਬੀ ਕੀਤੀ ਗਈ ਹੈ, ਜਿਸ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਪੜਤਾਲ ਕਰਵਾਈ ਗਈ ਹੈ। ਇਸ ਇਸਤਰੀ 'ਤੇ ਥਾਣਾ ਕਾਨਵਾਂ (ਪਠਾਨਕੋਟ) ਵਿਖੇ ਪਰਚਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮਥੁਰਾ ਵਿਖੇ ਬੀ.ਐਸ.ਐਫ਼. ਦੇ ਹੈੱਡ ਕੁਆਟਰ 'ਤੇ ਵਾਪਰੀ ਘਟਨਾ ਦੀ ਵੀ ਜਾਂਚ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਸੁਰੱਖਿਆ ਕਰਮਚਾਰੀ ਚਾਹੇ ਉਹ ਫ਼ੌਜ ਦੇ ਹੋਣ, ਬੀ.ਐਸ.ਐਫ਼., ਪੰਜਾਬ ਪੁਲਿਸ ਦੇ ਹੋਣ ਉਹ ਆਪਣੇ ਗੁਰਦੁਆਰਾ ਸਾਹਿਬਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ-ਸੰਭਾਲ ਸਬੰਧੀ ਪੂਰਨ ਸ਼ਰਧਾ ਸਤਿਕਾਰ ਅਤੇ ਸੁਚੇਤਤਾ ਨਾਲ ਸੇਵਾ ਨਿਭਾਉਣ। ਉਨ੍ਹਾਂ ਕਿਹਾ ਦੋਵਾਂ ਘਟਨਾਵਾਂ ਦੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਅੱਗੇ ਤੋਂ ਕੋਈ ਵੀ ਵਿਅਕਤੀ ਕਿਸੇ ਧਾਰਮਿਕ ਗ੍ਰੰਥ ਦੀ ਬੇਅਦਬੀ ਨਾ ਕਰ ਸਕੇ।

## ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਬੀਬੀ ਅਰਪਿੰਦਰ ਕੌਰ ਅਤੇ ਸ. ਬਲਰਾਜ ਸਿੰਘ ਨੂੰ ਦਿੱਤੀ ਵਧਾਈ

ਸ੍ਰੀ ਅੰਮ੍ਰਿਤਸਰ, ੪ ਜਨਵਰੀ: ਅਮਰੀਕਾ ਵਿਚ ਪਹਿਲੀ ਦਸਤਾਰਧਾਰੀ ਕਮਰਸ਼ੀਅਲ ਪਾਇਲਟ ਬਣੀ ਬੀਬੀ ਅਰਪਿੰਦਰ ਕੌਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਵਧਾਈ ਦਿੱਤੀ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਅਮਰੀਕਾ ਦੀ ਕਮਰਸ਼ੀਅਲ ਕੰਪਨੀ ਵੱਲੋਂ ਦਸਤਾਰਧਾਰੀ ਬੀਬੀ ਅਰਪਿੰਦਰ ਕੌਰ ਨੂੰ ਪਾਇਲਟ ਨਿਯੁਕਤ ਕਰਨਾ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਬੀਬੀ ਅਰਪਿੰਦਰ ਕੌਰ ਦੀ ਇਸ ਨਿਯੁਕਤੀ ਨਾਲ ਜਿੱਥੇ ਸਿੱਖ ਫਖਰ ਤੇ ਮਾਣ ਮਹਿਸੂਸ ਕਰ ਰਹੇ ਹਨ, ਉੱਥੇ ਹੀ ਇਸ ਨਾਲ ਸਿੱਖੀ ਪਹਿਚਾਣ ਨੂੰ ਵੀ ਬਲ ਮਿਲਿਆ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ੀ ਸਿੱਖਾਂ ਨੇ ਸਾਬਤ ਕਰ ਦਿੱਤਾ ਹੈ ਕਿ ਸਿੱਖੀ ਸਰੂਪ 'ਚ ਰਹਿੰਦਿਆਂ

ਵੀ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਵਰਗੇ ਦੇਸ਼ਾਂ ਵਿਚ ਤਰੱਕੀ ਕੀਤੀ ਜਾ ਸਕਦੀ ਹੈ। ਉਨ੍ਹਾਂ ਬੀਬੀ ਅਰਪਿੰਦਰ ਕੌਰ ਦੇ ਨਾਲ-ਨਾਲ ਉਸ ਦੇ ਮਾਪਿਆਂ ਨੂੰ ਵੀ ਵਧਾਈ ਦਿੱਤੀ।

ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਵੱਲੋਂ ਕੈਨੇਡੀਅਨ ਫੌਜ ਵਿਚ ਸਿੱਖਾਂ ਦੀ ਸ਼ਾਨ ਵਧਾਉਣ ਵਾਲੇ ਬਲਰਾਜ ਸਿੰਘ (ਦਿਓਲ) ਨੂੰ ਵੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸ. ਬਲਰਾਜ ਸਿੰਘ ਵੱਲੋਂ ਵੱਖ-ਵੱਖ ਥਾਵਾਂ 'ਤੇ ਕੰਮ ਕਰਦਿਆਂ ਆਪਣੀ ਕਾਬਲੀਅਤ ਨਾਲ ਮਾਣ ਪ੍ਰਾਪਤ ਕੀਤਾ ਹੈ। ਸ. ਬਲਰਾਜ ਸਿੰਘ ਦਾ ਕੈਨੇਡੀਅਨ ਫੋਰਸਜ਼ ਲਈ ਸੈਕੰਡ ਲੈਫਟੀਨੈਂਟ ਆਰਟਿਲਰੀ ਅਫ਼ਸਰ ਚੁਣੇ ਜਾਣਾ ਸਿੱਖਾਂ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਸ. ਬਲਰਾਜ ਸਿੰਘ ਦੇ ਪਰਵਾਰ ਨੂੰ ਵੀ ਵਧਾਈ ਦਿੱਤੀ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਬਖਸ਼ਿਆ ਸਿੱਖੀ ਸਰੂਪ ਅਤੇ ਸਿੱਖੀ ਸਿਧਾਂਤ ਸਾਡੀ ਵੱਖਰੀ ਤੇ ਨਿਵੇਕਲੀ ਪਛਾਣ ਹਨ, ਜੋ ਵਿਦੇਸ਼ੀ ਸਰਕਾਰਾਂ ਵੱਲੋਂ ਸਿੱਖਾਂ ਉੱਪਰ ਦਿਖਾਈ ਜਾਂਦੀ ਭਰੋਸੇਯੋਗਤਾ ਦਾ ਮੁੱਖ ਕਾਰਨ ਹੈ। ਉਨ੍ਹਾਂ ਅਜੋਕੀ ਪੀੜ੍ਹੀ ਨੂੰ ਅਪੀਲ ਕਰਦਿਆਂ ਕਿਹਾ ਕਿ ਵਿਦੇਸ਼ੀ ਸਿੱਖਾਂ ਤੋਂ ਸਾਬਤ ਸੂਰਤ ਰਹਿੰਦਿਆਂ ਕਿਸੇ ਵੀ ਖੇਤਰ ਵਿਚ ਤਰੱਕੀ ਕਰਨ ਦੀ ਪ੍ਰੇਰਨਾ ਲੈਣੀ ਚਾਹੀਦੀ ਹੈ।

## ਪਹਿਲੀ ਪਾਤਸ਼ਾਹੀ ਦੇ ੫੫੦ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਹੇਗੀ ਇਸ ਵਰ੍ਹੇ ਦੀ ਧਰਮ ਪ੍ਰਚਾਰ ਲਹਿਰ -ਭਾਈ ਗੋਬਿੰਦ ਸਿੰਘ ਲੌਂਗੋਵਾਲ

ਸ੍ਰੀ ਅਨੰਦਪੁਰ ਸਾਹਿਬ, ੧੦ ਜਨਵਰੀ: ਖਾਲਸੇ ਦੇ ਪ੍ਰਗਟ ਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪ੍ਰਚਾਰਕਾਂ, ਢਾਡੀ, ਕਵੀਸ਼ਰਾਂ ਅਤੇ ਧਾਰਮਿਕ ਅਧਿਆਪਕਾਂ ਨਾਲ ਧਰਮ ਪ੍ਰਚਾਰ ਸੰਬਧੀ ਕੀਤੀ ਗਈ ਅਹਿਮ ਇਕੱਤਰਤਾ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਵਰਤਮਾਨ ਸਮੇਂ ਦੇ ਪ੍ਰਸੰਗ ਵਿਚ ਧਰਮ ਪ੍ਰਚਾਰ ਲਹਿਰ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਪ੍ਰਚਾਰਕ ਸ਼੍ਰੇਣੀ ਨੂੰ ਰਵਾਇਤੀ ਪ੍ਰਚਾਰ ਤਰੀਕਿਆਂ ਵਿਚ ਤਬਦੀਲੀ ਕਰਨ ਅਤੇ ਜ਼ਮੀਨੀ ਪੱਧਰ ਤੇ ਸੰਗਤਾਂ ਨਾਲ ਰਾਬਤਾ ਬਣਾ ਕੇ ਸੰਵਾਦ ਰਚਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਘਰ-ਘਰ ਤਕ ਪਹੁੰਚਾਉਣ ਲਈ ਪ੍ਰਚਾਰਕ ਸ਼੍ਰੇਣੀ ਦਾ ਵਡਮੁੱਲਾ ਯੋਗਦਾਨ ਹੈ ਅਤੇ ਪ੍ਰਚਾਰਕਾਂ ਨੂੰ ਵੀ ਹਰ ਵਿਸ਼ੇ 'ਤੇ ਮੁਕੰਮਲ ਗਿਆਨ ਪ੍ਰਾਪਤ ਕਰ ਕੇ ਹੀ ਸੰਗਤਾਂ ਤਕ ਪਹੁੰਚ ਕਰਨੀ ਚਾਹੀਦੀ ਹੈ, ਤਾਂ ਜੋ ਪ੍ਰਚਾਰ ਖੇਤਰ ਵਿਚ ਵਿਚਰਦਿਆਂ ਸਾਹਮਣੇ ਆਉਂਦੇ ਸਵਾਲਾਂ ਦਾ ਜਵਾਬ ਗੁਰਮਤਿ ਅਨੁਸਾਰ ਦਿੱਤਾ ਜਾ ਸਕੇ।

ਇਸ ਮੌਕੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਲਹਿਰ ਨੂੰ ਪ੍ਰਚੰਡ ਕਰਨ ਲਈ ਤਿਆਰ ਕੀਤੇ ਗਏ ਨਵੇਂ ਪ੍ਰੋਗਰਾਮ ਦਾ ਐਲਾਨ ਕਰਦਿਆਂ ਕਿਹਾ ਕਿ ਇਸ ਵਰ੍ਹੇ ਧਰਮ ਪ੍ਰਚਾਰ ਲਹਿਰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਹੇਗੀ। ਇਸ ਲਹਿਰ ਦੀ ਅਰੰਭਤਾ ੨੧ ਜਨਵਰੀ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ

ਹੋਵੇਗੀ ਅਤੇ ੨੮ ਜਨਵਰੀ ਨੂੰ ਸ੍ਰੀ ਅੰਮ੍ਰਿਤਸਰ, ੧੧ ਫਰਵਰੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਾਲ ਗੁਰਮਤਿ ਸਮਾਗਮ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਲਹਿਰ ਨੂੰ ਚਾਰ ਜ਼ੋਨਾਂ ਵਿਚ ਵੰਡ ਕੇ ਮਾਝਾ ਖੇਤਰ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ, ਮਾਲਵਾ ਖੇਤਰ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ, ਦੁਆਬਾ ਖੇਤਰ ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਹਰਿਆਣਾ ਰਾਜ ਅੰਦਰ ਕੁਰੂਕਸ਼ੇਤਰ ਵਿਖੇ ਧਰਮ ਪ੍ਰਚਾਰ ਕੇਂਦਰ ਬਣਾਏ ਗਏ ਹਨ। ਹਰੇਕ ਜ਼ੋਨ ਵਿਚ ੨੦ ਪ੍ਰਚਾਰਕ ਜਥੇ ਸੰਗਤਾਂ ਤਕ ਪਹੁੰਚ ਕਰਨਗੇ ਅਤੇ ਹਰੇਕ ਜਥੇ ਵਿਚ ੨ ਪ੍ਰਚਾਰਕ, ੧ ਢਾਡੀ ਜਥਾ, ੧ ਕਵੀਸ਼ਰੀ ਜਥਾ ਅਤੇ ਇੱਕ ਧਾਰਮਿਕ ਅਧਿਆਪਕ ਸੇਵਾ ਨਿਭਾਵੇਗਾ। ਸਮੁੱਚੀ ਪ੍ਰਚਾਰ ਲਹਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ ਦੀ ਦੇਖ-ਰੇਖ ਹੇਠ ਕਾਰਜਸ਼ੀਲ ਰਹੇਗੀ। ਉਨ੍ਹਾਂ ਕਿਹਾ ਕਿ ਸੰਗਤਾਂ ਤਕ ਪਹੁੰਚ ਕਰਨ ਦੇ ਨਾਲ-ਨਾਲ ਸਕੂਲਾਂ ਨੂੰ ਵੀ ਪ੍ਰਚਾਰ ਖੇਤਰ ਬਣਾਇਆ ਜਾਵੇਗਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ ਤੋਂ ਇਲਾਵਾ ਹੋਰਨਾਂ ਵਿੱਦਿਅਕ ਅਦਾਰਿਆਂ ਵਿਚ ਵੀ ਧਾਰਮਿਕ ਅਧਿਆਪਕਾਂ ਵੱਲੋਂ ਪਹੁੰਚ ਕੀਤੀ ਜਾਵੇਗੀ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇਹ ਵੀ ਕਿਹਾ ਕਿ ਬਣਾਏ ਗਏ ਜ਼ੋਨਾਂ ਦੇ ਮੁੱਖ ਕੇਂਦਰਾਂ ਵਿਖੇ ਹਰ ਐਤਵਾਰ ਨੂੰ ਹਫ਼ਤਾਵਾਰੀ ਸਮਾਗਮ ਕੀਤੇ ਜਾਣਗੇ, ਜਿਨ੍ਹਾਂ ਵਿਚ ਰਾਗੀ, ਢਾਡੀ, ਪ੍ਰਚਾਰਕ, ਕਵੀਸ਼ਰ ਆਦਿ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਸਾਝੀਆਂ ਕਰਨਗੇ। ਹਫ਼ਤਾਵਾਰੀ ਸਮਾਗਮ ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਦੀ ਅਗਵਾਈ ਵਿਚ ਹੋਣਗੇ।

ਇਸ ਦੌਰਾਨ ਸੰਬੋਧਨ ਕਰਦਿਆਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਧਰਮ ਪ੍ਰਚਾਰ ਕਮੇਟੀ ਵੱਲੋਂ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ ਅਰੰਭ ਕੀਤੀ ਜਾਣ ਵਾਲੀ ਲਹਿਰ ਨੂੰ ਸਮੇਂ ਦੀ ਲੋੜ ਦੱਸਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ, ਭਾਈ ਅਜਾਇਬ ਸਿੰਘ ਅਭਿਆਸੀ, ਸ. ਸੁਖਵਰਸ਼ ਸਿੰਘ, ਸ. ਰਾਮਪਾਲ ਸਿੰਘ ਬਹਿਣੀਵਾਲ, ਸ. ਤੇਜਿੰਦਰਪਾਲ ਸਿੰਘ, ਸ. ਮਨਜੀਤ ਸਿੰਘ ਬੱਪੀਆਣਾ, ਸ. ਪ੍ਰਿਤਪਾਲ ਸਿੰਘ, ਬੀਬੀ ਰਣਜੀਤ ਕੌਰ, ਮੁੱਖ ਸਕੱਤਰ ਡਾ. ਰੂਪ ਸਿੰਘ ਅਤੇ ਵਧੀਕ ਸਕੱਤਰ ਸ. ਬਲਵਿੰਦਰ ਸਿੰਘ ਜੌੜਾਸਿੰਘਾ ਨੇ ਵੀ ਸੰਬੋਧਨ ਕੀਤਾ। ਇਸ ਤੋਂ ਇਲਾਵਾ ਪ੍ਰਚਾਰਕ, ਕਵੀਸ਼ਰ ਤੇ ਢਾਡੀ ਜਥਿਆਂ ਨੇ ਵੀ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ, ਸ. ਦਲਜੀਤ ਸਿੰਘ, ਬੀਬੀ ਰਣਜੀਤ ਕੌਰ ਮਾਹਿਲਪੁਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਡੀਸ਼ਨਲ ਸਕੱਤਰ ਸ. ਦਿਲਜੀਤ ਸਿੰਘ, ਮੀਤ ਸਕੱਤਰ ਸ. ਸਿਮਰਜੀਤ ਸਿੰਘ, ਡਾ. ਚਮਕੌਰ ਸਿੰਘ ਡਾਇਰੈਕਟਰ, ਸ. ਗੁਰਿੰਦਰਪਾਲ ਸਿੰਘ ਠਰੂ ਇੰਚਾਰਜ, ਸ. ਰਣਜੀਤ ਸਿੰਘ ਮੈਨੇਜਰ, ਪ੍ਰਿੰਸੀਪਲ ਕਰਤਾਰ ਸਿੰਘ, ਸ. ਦਰਸ਼ਨ ਸਿੰਘ ਨਿੱਜੀ ਸਹਾਇਕ ਸਮੇਤ ਵੱਡੀ ਗਿਣਤੀ ਵਿਚ ਪ੍ਰਚਾਰਕ, ਢਾਡੀ, ਕਵੀਸ਼ਰ ਅਤੇ ਧਾਰਮਿਕ ਅਧਿਆਪਕ ਮੌਜੂਦ ਸਨ। ■

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

◆ ਭਾਈ ਦਿਲਬਾਗ ਸਿੰਘ ਭੰਗਾਲੀ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ੨੩ ਅਕਤੂਬਰ, ੨੦੧੭ ਨੂੰ ਗੁਰਦੁਆਰਾ ਜਨਮ-ਸਥਾਨ ਬਾਬਾ ਬੁੱਢਾ ਸਾਹਿਬ ਜੀ ਕੱਥੂਨੰਗਲ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕਰਵਾਏ ਗਏ ਸਾਲਾਨਾ ਗੁਰਮਤਿ ਸਮਾਗਮ ਵਿਚ ਅੰਮ੍ਰਿਤ-ਸੰਚਾਰ ਦੌਰਾਨ ੫੭ ਪ੍ਰਾਣੀ ਅੰਮ੍ਰਿਤ-ਪਾਨ ਕਰ ਕੇ ਗੁਰੂ ਵਾਲੇ ਬਣੇ।

◆ ਭਾਈ ਦਿਲਬਾਗ ਸਿੰਘ ਸਭਰਾ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਪੱਤੀ ਭੂਰਾ, ਪਿੰਡ ਸਭਰਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਵਿਖੇ ੨੩ ਸਤੰਬਰ, ੨੦੧੭ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ਕੁੱਲ ੫੭ ਪ੍ਰਾਣੀ ਗੁਰੂ ਵਾਲੇ ਬਣੇ।

◆ ਸਿੱਖ ਮਿਸ਼ਨ ਹਰਿਆਣਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ੨ ਅਕਤੂਬਰ, ੨੦੧੭ ਨੂੰ ਗੁਰਦੁਆਰਾ ਨਾਨਕਸਰ ਸੀਂਘੜਾ (ਕਰਨਾਲ) ਹਰਿਆਣਾ ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ਕੁੱਲ ੩੨ ਪ੍ਰਾਣੀ ਗੁਰੂ ਵਾਲੇ ਬਣੇ।

◆ ਭਾਈ ਹਰਜਿੰਦਰ ਸਿੰਘ, ਇੰਚਾਰਜ, ਸਿੱਖ ਮਿਸ਼ਨ ਉਤਰਾਖੰਡ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਮਿਸ਼ਨ ਵੱਲੋਂ ਗੁਰਦੁਆਰਾ ਗੋਲ ਮਾਰਕੀਟ, ਰੁਦਰਪੁਰ, ਊਧਮ ਸਿੰਘ ਨਗਰ, ਉਤਰਾਖੰਡ ਵਿਖੇ ਖਾਲਸਾ ਗਰੁੱਪ ਦੇ ਸਹਿਯੋਗ ਨਾਲ ੨ ਅਕਤੂਬਰ, ੨੦੧੭ ਨੂੰ ਕਰਵਾਏ ਅੰਮ੍ਰਿਤ-ਸੰਚਾਰ ਵਿਚ ੪੦ ਪ੍ਰਾਣੀ ਗੁਰੂ ਵਾਲੇ ਬਣੇ।

◆ ਭਾਈ ਮਨਜੀਤ ਸਿੰਘ ਕਾਦੀਆਂ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਭੋਰਾ ਸਾਹਿਬ, ਪਿੰਡ ਭਾਗੀਆਂ, ਹਲਕਾ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ੨੧ ਅਕਤੂਬਰ, ੨੦੧੭ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ਕੁੱਲ ੬੪ ਪ੍ਰਾਣੀ ਗੁਰੂ ਵਾਲੇ ਬਣੇ।

◆ ਭਾਈ ਜੱਜ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਪਿੰਡ ਹਯਾਤ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਚ ੩੦ ਅਕਤੂਬਰ, ੨੦੧੭ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ਕੁੱਲ ੨੪੦ ਪ੍ਰਾਣੀ ਅੰਮ੍ਰਿਤ-ਪਾਨ ਕਰ ਕੇ ਗੁਰੂ ਵਾਲੇ ਬਣੇ।

◆ ਭਾਈ ਮਨਜੀਤ ਸਿੰਘ ਕਾਦੀਆਂ ਅਤੇ ਸਿਮਰਜੀਤ ਸਿੰਘ ਪ੍ਰਚਾਰਕ ਸਾਹਿਬਾਨ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਪਿੰਡ ਨੱਥੂ ਖਹਿਰਾ, ਹਲਕਾ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ੩੧ ਅਕਤੂਬਰ, ੨੦੧੭ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ਕੁੱਲ ੪੨ ਪ੍ਰਾਣੀ ਗੁਰੂ ਵਾਲੇ ਬਣੇ।

◆ ਭਾਈ ਦਿਲਬਾਗ ਸਿੰਘ ਭੰਗਾਲੀ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ੧੪ ਨਵੰਬਰ, ੨੦੧੭ ਨੂੰ ਪਿੰਡ ਮਰੜੀ ਖੁਰਦ, ਤਹਿਸੀਲ ਤੇ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ਕੁੱਲ ੩੬ ਪ੍ਰਾਣੀ ਗੁਰੂ ਵਾਲੇ ਬਣੇ।